
ਹੈ ਕੋਈ ਜਿਉਂਦਾ ਸਿੱਖ

ਸਾਕਾ ਨਨਕਾਣਾ ਸਾਹਿਬ



ਪ੍ਰਿੰ. ਬਲਵਿੰਦਰ ਸਿੰਘ ਫ਼ਤਹਿਪੁਰੀ

ਹੈ ਕੋਈ ਜਿਊਂਦਾ ਸਿੱਖ ?

ਇਤਿਹਾਸਕ ਨਾਵਲ

ਲੇਖਕ ਦੀਆਂ ਹੋਰ ਰਚਨਾਵਾਂ :

ਕਾਵਿ-ਸੰਗ੍ਰਹਿ

- ਲੁੱਟੇ ਗਏ

ਨਿਬੰਧ

- ਖਰੀਆਂ ਖਰੀਆਂ
- ਸੱਚੀਆਂ ਸੱਚੀਆਂ
- ਮੇਰਾ ਕੁਫ਼ਰਸਤਾਨ
- ਮੇਰੇ ਵਤਨ ਦੇ ਲੋਕ
- ਦੁੱਖ ਤੇ ਦਾਰੂ
- ਗੱਲਾਂ ਕਰੀਏ ਮੂੰਹ 'ਤੇ
- ਭਾਰਤ ਉਦਾਸ ਹੈ
- ਕਬੂਲਨਾਮੇ
- ਖਾਲਸਾ ਜੀਓ ਕਿਧਰ ਨੂੰ ?
- ਗੁੱਸੇ ਗਿਲੇ ਗੁਸਤਾਖ਼ੀਆਂ
- ਜਾਗਣ ਦੇ ਦਿਨ ਆਏ
- ਹੁਣ ਨਹੀਂ ਚੁੱਪ ਰਹਿਣਾ
- ਤੇਰਾ ਲੁੱਟਿਆ ਸ਼ਹਿਰ ਭੰਬੋਰ
- ਖ਼ਾਲਸਾ ਕੀ ਜਾਣੈ ਮੈਂ ਕੌਣ
- ਗੱਲਾਂ ਕਰੀਏ ਮੂੰਹ 'ਤੇ

ਰੇਖਾ ਚਿਤਰ

- ਮੇਰੇ ਪਿੰਡ ਦਾ ਸ਼ੁਗਲਸਤਾਨ
- ਮੇਰੇ ਪਿੰਡ ਦੇ ਭੱਦਰ ਪੁਰਸ਼
- ਮੇਰੇ ਪਿੰਡ ਦੇ ਗੁਰੂ ਘੰਟਾਲ
- ਮਜਾਜਣਾਂ ਮੇਰੇ ਪਿੰਡ ਦੀਆਂ
- ਸੰਤੇ ਬੰਤੇ ਤੇ ਪਤਵੰਤੇ
- ਮੌਜੀ ਬੰਦੇ
- ਗੁੱਝੇ ਰੁਸਤਮ

ਨਾਵਲ

- ਹਾਜੀ ਬਾਬਾ • ਅਲਬੇਲਾ ਸਿੰਘ • ਪਿਉ ਦੀ ਧੀ • ਕੋਟ ਧਨੰਤਰ ਸਿੰਘ • ਪਰਵਾਨੇ

ਹੈ ਕੋਈ ਜਿਊਂਦਾ ਸਿੱਖ ?

ਪ੍ਰਿੰ. ਬਲਵਿੰਦਰ ਸਿੰਘ ਫ਼ਤਹਿਪੁਰੀ

ਪ੍ਰਕਾਸ਼ਕ
ਆਜ਼ਾਦ ਬੁੱਕ ਡੀਪੂ
ਹਾਲ ਬਾਜ਼ਾਰ, ਅੰਮ੍ਰਿਤਸਰ

Hai Koi Jeonda Sikh ? (Historical Novel)

by : ***Balwinder Singh Fatehpuri***
641, House Fed Complex
New Amritsar, AMRITSAR-143001
Mobile : 98146 19342

ਪਹਿਲੀ ਵਾਰ : 2016

ਮੁੱਲ : 150 ਰੁਪਏ

ਪ੍ਰਕਾਸ਼ਕ
ਆਜ਼ਾਦ ਬੁੱਕ ਡੀਪੂ
ਹਾਲ ਬਾਜ਼ਾਰ, ਅੰਮ੍ਰਿਤਸਰ
ਫ਼ੋਨ : 0183-2292513
ਮੋਬਾਇਲ : 094631-70369
e-mail : kd_singh180@hotmail.com

Printed by :
Shivangi Offset

ਹੱਥੀਂ ਤੋਰੇ ਸਜਣਾਂ ਨੂੰ, ਨਾਲੇ ਯਾਦ ਕਰਾਂ ਨਾਲੇ ਰੋਵਾਂ !

ਸਮਰਪਣ

ਸ਼ਹੀਦ ਟਹਿਲ ਸਿੰਘ

ਦੀ ਅਮਰ ਆਤਮਾ ਨੂੰ,

ਓਨਾ ਸਮਾਂ, ਕਿਸੇ ਹੋਰ ਊਧਮ ਸਿੰਘ ਦੀ ਇੰਤਜ਼ਾਰ ਹੈ, ਜਿਹੜਾ ਸੈਂਕੜੇ ਨਿਹੱਥੇ ਨਿਰਦੋਸ਼ ਤੇ ਸ਼ਾਂਤਮਈ ਸਿੰਘਾਂ ਦਾ ਘਾਣ ਕਰਨ ਵਾਲੇ ਨੂੰ ਸੋਧ ਸਕੇ। ਕਾਸ਼ ! ਉਹ ਦੁਸ਼ਟ ਸਾਕੇ ਦੇ ਬਾਅਦ ਵੀ ਨਨਕਾਣੇ ਦੀ ਪਵਿੱਤਰ ਧਰਤੀ ਤੇ ਬੇਖ਼ੌਫ਼ ਦਨਦਨਾਉਂਦਾ ਰਿਹਾ।

ਪ੍ਰਣਾਮ ਸ਼ਹੀਦਾਂ ਨੂੰ

ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ॥
ਸਾਬਰੁ ਸਿਦਕਿ ਸ਼ਹੀਦ, ਭਰਮ ਭਉ ਖੋਵਣਾ॥
ਗੋਲਾ ਮੁਲ ਖਰੀਦ ਕਾਰੇ ਜੋਵਣਾ॥
ਨਾ ਤਿਸ ਭੂਖ ਨਾ ਨੀਂਦ ਨਾ ਖਾਣਾ ਸੋਵਣਾ॥

ਤਤਕਰਾ

ਇਕ ਅਦੁੱਤੀ ਸ਼ਹੀਦ

ਸਿੱਖੀ ਸ਼ਹੀਦਾਂ ਦੀ ਕੌਮ ਹੈ। ਜਦੋਂ ਦੀ ਇਹ ਕੌਮ ਹੋਂਦ ਵਿੱਚ ਆਈ ਹੈ, ਇਸਨੇ ਸ਼ਹੀਦੀਆਂ ਤੇ ਕੁਰਬਾਨੀਆਂ ਦੀ ਝੜੀ ਲਾ ਰੱਖੀ ਹੈ। ਅਜਿਹੀ ਖ਼ਾਸੀਅਤ ਤੁਹਾਨੂੰ ਦੁਨੀਆਂ ਦੀ ਕਿਸੇ ਹੋਰ ਕੌਮ ਵਿੱਚ ਹਰਗਿਜ਼ ਨਹੀਂ ਮਿਲੇਗੀ। ਜਦੋਂ ਮਹਿਮੂਦ ਗਜ਼ਨਵੀਂ, ਮੁਹੰਮਦ ਗੌਰੀ, ਨਾਦਿਰਸ਼ਾਹ ਤੇ ਅਬਦਾਲੀ ਵਰਗੇ, ਜਿੱਤ ਦੇ ਆਕਮ ਵਿੱਚ ਸਾਡੀਆਂ ਬਹੂ-ਬੇਟੀਆਂ ਜ਼ਬਰੀ ਉਠਕੇ ਲੈ ਜਾਂਦੇ ਸਨ ਤਾਂ ਸਾਡੇ ਹਿੰਦੂ ਵੀਰ ਹੱਥ ਜੋੜ ਦੇ ਹੀ ਰਹਿ ਜਾਂਦੇ ਸਨ। ਜਿਹੜੇ ਕਾਰਜ ਮਰ ਮਿੱਟਣ ਤੇ ਮੈਦਾਨ ਵਿੱਚ ਡਟਣ ਨਾਲ ਰਾਸ ਆਉਂਦੇ ਹਨ, ਉਹ ਹੱਥ ਪੈਰ ਜੋੜਨ ਜਾਂ ਤਰਲੇ ਮਿੰਨਤਾਂ ਨਾਲ ਨਹੀਂ ਹੁੰਦੇ। ਜਦੋਂ ਅਜਿਹੇ ਧਾੜਵੀਆਂ ਅੱਗੇ ਅਠਾਰਵੀਂ ਸਦੀ ਵਿੱਚ ਸਿੰਘ ਡਟ ਖਲੋਤੇ ਤਾਂ ਉਹਨਾਂ ਨੂੰ ਭੱਜਣ ਲਈ ਰਾਹ ਨਹੀਂ ਲਭਦਾ ਸੀ। ਮਰਦ ਤੇ ਮੈਦਾਨ ਦਾ ਗੂੜ੍ਹਾ ਰਿਸ਼ਤਾ ਹੁੰਦਾ ਹੈ। ਸਾਡੇ ਵੇਲੇ ਸਾਡੇ 'ਰਾਸ਼ਟਰਪਿਤਾ' ਨੇ ਕਈ ਵਾਰ ਮਰਨ ਵਰਤ ਰੱਖਕੇ ਅੰਗਰੇਜ਼ਾਂ ਕੋਲੋਂ ਅਜ਼ਾਦੀ ਦੀ ਮੰਗ ਰੱਖੀ ਸੀ। ਪਰ ਅੰਗਰੇਜ਼ ਮਰਦਾਂ ਤੇ ਮਹਾਤਮਾਂ ਦੇ ਅੰਤਰ ਨੂੰ ਬਾਖ਼ੂਬੀ ਸਮਝਦੇ ਸਨ। ਗਾਂਧੀ ਜੀ ਨੇ ਕਈ ਵਾਰ ਮਰਨ ਵਰਤ ਰੱਖਿਆ ਪਰ ਮੰਗ ਪੂਰੀ ਹੋਣ ਤੋਂ ਪਹਿਲਾਂ ਹੀ ਉਹ ਵਰਤ ਤਿਆਗ ਕੇ ਭੀੜ ਵਿਚੋਂ ਨਿਕਲ ਜਾਂਦੇ। ਸੂਰਮਿਆਂ ਵਾਲੀ ਸ਼ਹਾਦਤ ਉਹਨਾਂ ਦੇ ਭਾਗਾਂ ਵਿੱਚ ਨਹੀਂ ਸੀ। ਸਾਡਾ ਦੇਸ਼ ਸ਼ੁਭਾਸ਼ ਚੰਦਰ ਬੋਸ, ਸ਼ਹੀਦ ਭਗਤ ਸਿੰਘ, ਕਰਤਾਰ ਸਿੰਘ ਸਰਾਭਾ ਤੇ ਊਧਮ ਸਿੰਘ ਵਰਗਿਆਂ ਦੀਆਂ ਲਸਾਨੀ ਕੁਰਬਾਨੀਆਂ ਸਦਕਾ ਆਜ਼ਾਦ ਹੋਇਆ ਹੈ। ਗਾਂਧੀ ਜੀ ਨੇ ਲੋਕਾਂ ਵਿੱਚ ਜਾਗ੍ਰਿਤੀ ਜ਼ਰੂਰ ਲਿਆਂਦੀ ਸੀ ਅਤੇ ਉਹ ਦੇਸ਼ ਨੂੰ ਆਜ਼ਾਦ ਵੇਖਣਾ ਚਾਹੁੰਦੇ ਸਨ ਪਰ ਅਜ਼ਾਦੀਆਂ ਤੇ ਮੁਕਤੀਆਂ ਕੇਵਲ ਚਾਹੁਣ ਨਾਲ ਹੀ ਨਹੀਂ ਮਿਲ ਜਾਂਦੀਆਂ। ਇਹਨਾਂ ਵਾਸਤੇ ਜਿੰਦਾਂ ਦੇ ਸੌਦੇ ਕਰਨੇ ਪੈਂਦੇ ਹਨ। ਧਰਮ ਤੇ ਕੌਮ ਪ੍ਰਤੀ ਸ਼ਰਧਾ ਤੇ ਭਾਵਨਾ, ਖ਼ਾਲਸਾ ਪੰਥ ਵਿੱਚ ਬਾਕੀ ਭਾਰਤੀ ਕੌਮਾਂ ਨਾਲੋਂ ਕਿਤੇ ਜ਼ਿਆਦਾ ਹੈ। ਇਸੇ ਲਈ ਹਿੰਦੋਸਤਾਨ ਦੀ ਜੰਗੇ-ਆਜ਼ਾਦੀ ਵਿੱਚ ਸਿੱਖਾਂ ਦਾ ਯੋਗਦਾਨ ਦੋ ਤਿਹਾਈ ਹੈ। 111 ਫਾਂਸੀਆਂ ਵਿੱਚੋਂ 90 ਫਾਂਸੀਆਂ ਇਕੱਲੇ ਸਿੱਖ ਦੇਸ਼ ਭਗਤਾਂ, ਗ਼ਦਰੀ ਬਾਬਿਆਂ ਤੇ ਬੱਬਰ ਅਕਾਲੀਆਂ ਨੂੰ ਦਿੱਤੀਆਂ ਗਈਆਂ।

ਸਿੱਖ ਧਰਮ ਨੇ ਜਿੱਥੇ ਥੋਹੜੇ ਅਰਸੇ ਵਿੱਚ ਮਨਸਨੀ ਖੇਜ਼ ਪੁਲਾਘਾਂ ਪੁਟੀਆਂ ਹਨ ਅਤੇ ਦੁਨੀਆਂ ਵਿੱਚ ਆਪਣੀ ਧਾਕ ਜਮਾਈ ਹੈ ਉੱਥੇ ਸਾਡੇ ਸਿੱਖਾਂ ਵਿੱਚ ਕੁਝ ਕਮੀਆਂ ਤੇ ਕਮਜ਼ੋਰੀਆਂ ਵੀ ਹਨ। ਸਿੱਖ ਧਰਮ ਇਕ ਗ਼ਰੀਬ ਨਿਵਾਜ਼ ਧਰਮ ਹੈ ਪਰ ਇਹ ਰਜਵਾੜਿਆਂ ਤੇ ਅਮੀਰ ਸਿੱਖਾਂ ਦੀ ਝੋਲੀ ਵਿੱਚ ਪੈ ਚੁੱਕਾ ਹੈ, ਜਿਸ ਨੂੰ ਉਹ

ਆਪਣੀ ਸੰਕੀਰਣ ਤੇ ਸੌੜੀ ਸਿਆਸਤ ਵਾਸਤੇ ਵਰਤਦੇ ਆ ਰਹੇ ਹਨ। ਸਿੱਖੀ ਵਿੱਚ ਜਾਤੀਵਾਦ ਲਈ ਕੋਈ ਗੁੰਜਾਇਸ਼ ਨਹੀਂ ਕਿਉਂਕਿ ਦਸਵੇਂ ਪਾਤਸ਼ਾਹ ਨੇ ਸਾਨੂੰ ਖੰਡੇ ਬਾਟੇ ਦਾ ਅੰਮ੍ਰਿਤ ਛਕਾਕੇ ਇਕ ਮਿੱਕ ਕਰ ਦਿੱਤਾ ਸੀ ਪਰ ਅਸੀਂ ਸੰਤਰੇ ਵਾਂਗ ਵੇਖਣ ਨੂੰ ਤਾਂ ਇਕ ਹੀ ਲਗਦੇ ਹਾਂ ਪਰ ਅੰਦਰੂਨੀ ਤੌਰ ਤੇ ਫਾੜੀ-ਫਾੜੀ ਹੋਏ ਪਏ ਹਾਂ। ਅਜਕਲ ਵੀ ਜ਼ਾਤੀਵਾਦ ਦੇ ਦੀਰਘ ਰੋਗ ਨੇ ਸਿੱਖ ਜਗਤ ਨੂੰ ਅਜ਼ਗਰ ਵਾਂਗ ਘੇਰਾ ਪਾਇਆ ਹੋਇਆ ਹੈ। ਇਹ ਜਾਤੀਵਾਦ ਇਕ ਕੋਹੜ ਤੇ ਕੈਂਸਰ ਵਾਂਗ ਸਿੱਖੀ ਦੇ ਬੁਨਿਆਦੀ ਸਿਧਾਂਤਾਂ ਨੂੰ ਖੋਰਾ ਲਗਾ ਰਿਹਾ ਹੈ। ਇਹ ਵੀ ਇਕ ਹਕੀਕਤ ਹੈ ਕਿ ਦੁਨੀਆਂ ਵਿੱਚ ਬਹੁ-ਗਿਣਤੀਆਂ ਨੇ ਹਮੇਸ਼ਾਂ ਘੱਟਗਿਣਤੀਆਂ ਨਾਲ ਵਧੀਕੀਆਂ ਕੀਤੀ ਹਨ। ਬਹੁ-ਗਿਣਤੀਆਂ ਨੇ ਘਟ-ਗਿਣਤੀਆਂ ਦੀ ਭੂਮਿਕਾ ਨੂੰ ਘਟਾ ਕੇ ਪੇਸ਼ ਕੀਤਾ ਹੈ। ਉਹਨਾਂ ਨੂੰ ਮੁੱਖਧਾਰਾ ਦੀ ਜਗ੍ਹਾ ਹਾਸ਼ੀਏ ਵਿੱਚ ਧੱਕੀ ਰੱਖਿਆ ਹੈ। ਉਹਨਾਂ ਨਾਲ ਇਨਸਾਫ਼ ਨਹੀਂ ਕੀਤਾ।

ਇਸ ਨਾਵਲ ਦਾ ਨਾਇਕ ਸ਼ਹੀਦ ਟਹਿਲ ਸਿੰਘ ਇਕ ਸਧਾਰਨ ਕਿਸਾਨ ਪਰਿਵਾਰ ਨਾਲ ਸੰਬੰਧਿਤ ਸੀ। ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਿੱਚ ਸ਼ਹੀਦ ਟਹਿਲ ਸਿੰਘ ਦੀ ਕ੍ਰਾਂਤੀਕਾਰੀ ਤੇ ਕੇਂਦਰੀ ਭੂਮਿਕਾ ਸੀ ਪਰ ਇਤਿਹਾਸਕਾਰਾਂ ਨੇ ਉਸ ਦਾ ਇਕ ਅੱਧੀ ਵਾਰ ਜ਼ਿਕਰ ਕਰਕੇ ਉਸਨੂੰ ਹਾਸ਼ੀਏ ਵੱਲ ਧੱਕੀ ਰੱਖਿਆ ਹੈ। ਇਸ ਸਾਕੇ ਦਾ ਮਹਾਨ ਸ਼ਹੀਦ ਭਾਈ ਲਛਮਣ ਸਿੰਘ ਨੂੰ ਹੀ ਮੰਨਿਆ ਹੈ। ਅਸਲੀਅਤ ਇਹ ਹੈ ਕਿ ਜੇਕਰ ਇਸ ਸ਼ਹੀਦੀ ਜੱਥੇ ਵਿੱਚ ਸ਼ਹੀਦ ਟਹਿਲ ਸਿੰਘ ਵਰਗਾ ਸੂਰਮਾ ਨਾ ਹੁੰਦਾ ਤਾਂ ਸਿੱਖ ਗੁਰਧਾਮਾਂ ਨੂੰ ਮਹੰਤਾਂ ਤੋਂ ਮੁਕਤ ਕਰਾਉਣ ਦੀ ਗਤੀ ਕਦੀ ਏਨੀ ਤੇਜ਼ ਨਾ ਹੁੰਦੀ, ਜਿੰਨੀ ਇਸ ਸਾਕੇ ਉਪਰੰਤ ਹੋਈ। ਪਹਿਲੀ ਸਚਾਈ ਤਾਂ ਇਹ ਹੈ ਕਿ ਜੇਕਰ ਭਾਈ ਟਹਿਲ ਸਿੰਘ ਜੱਥੇ ਵਿੱਚ ਸ਼ਾਮਲ ਨਾ ਹੁੰਦਾ ਤਾਂ ਇਹ ਸਾਕਾ ਵਾਪਰਨਾ ਹੀ ਨਹੀਂ ਸੀ। ਦੂਜੀ ਸਚਾਈ ਇਹ ਹੈ ਕਿ ਇਸ ਸਾਕੇ ਦੇ ਵਾਪਰਨ ਨਾਲ ਮਾਰਚ 1921 ਨੂੰ ਹੋਣ ਵਾਲੀ ਅਕਾਲੀ ਕਾਨਫਰੰਸ ਜੋ ਕਿ ਨਨਕਾਣਾ ਸਾਹਿਬ ਵਿਖੇ ਹੋਣੀ ਸੀ ਅਤੇ ਜਿਸ ਵਿੱਚ ਚੋਟੀ ਦੇ ਅਕਾਲੀ ਆਗੂਆਂ ਨੇ ਸ਼ਿਰਕਤ ਕਰਨੀ ਸੀ, ਉਹ ਸਾਰੇ ਵਾਲ-ਵਾਲ ਬਚ ਗਏ। ਕਿਉਂਕਿ ਮਹੰਤ ਨਰਾਇਣ ਦਾਸ ਤੇ ਉਸਦੇ ਗਰੋਹ ਦੀ ਨੀਯਤ, ਇਸ ਮੌਕੇ ਸਾਰੇ ਲੀਡਰਾਂ ਨੂੰ ਮਾਰ ਮੁਕਾਉਣ ਦੀ ਸੀ। ਇਸ ਸੰਬੰਧ ਵਿੱਚ ਉਸਨੇ ਜ਼ਬਰਦਸਤ ਤਿਆਰੀ ਕਰ ਰੱਖੀ ਸੀ। ਤੀਜੀ ਸਚਾਈ ਇਹ ਹੈ ਕਿ ਇਸ ਸਾਕੇ ਦੇ ਵਾਪਰਨ ਨਾਲ, ਖ਼ਾਲਸਿਆਂ ਵਿੱਚ ਇੰਨਾਂ ਜੋਸ਼ ਭਰ ਗਿਆ ਕਿ ਉਹਨਾਂ ਨੇ ਕੁਝ ਕੁ ਅਗਾਮੀ ਵਰ੍ਹਿਆਂ ਵਿੱਚ ਆਪਣੇ ਸਾਰੇ ਇਤਿਹਾਸਕ ਗੁਰਦੁਆਰੇ ਮਹੰਤਾਂ ਦੇ ਸ਼ਿਕੰਜੇ ਵਿੱਚੋਂ ਮੁਕਤ ਕਰਵਾ ਲਏ। ਕਈ ਮਹੰਤ ਤਾਂ ਡਰਦੇ ਹੀ ਮੈਦਾਨ ਛੱਡ ਗਏ।

ਇਸ ਸ਼ਹੀਦੀ ਜੱਥੇ ਦਾ ਮੀਤ ਜੱਥੇਦਾਰ ਭਾਈ ਟਹਿਲ ਸਿੰਘ ਸੀ ਪਰ ਉਸਦੀ ਭੂਮਿਕਾ ਜੱਥੇਦਾਰ ਨਾਲੋਂ ਕਿਸੇ ਤਰ੍ਹਾਂ ਵੀ ਘੱਟ ਨਹੀਂ ਸੀ। ਪਰ ਇਤਿਹਾਸਕਾਰ ਤਾਂ

ਉਸਦੇ ਨਾਮ ਦਾ ਜ਼ਿਕਰ ਤੱਕ ਨਹੀਂ ਕਰਦੇ। ਉਹ ਉਸ ਵਕਤ ਦੇ ਪੰਥ ਦੇ ਪ੍ਰਚੱਲਤ ਸਿੱਖ ਅਕਾਲੀ ਆਗੂਆਂ ਦਾ ਹੀ ਵਰਨਣ ਕਰੀ ਜਾਂਦੇ ਹਨ। ਜੱਥੇਦਾਰ ਲੱਛਮਣ ਸਿੰਘ ਦੀ ਪੰਥ ਨੂੰ ਮਹਾਨ ਸੇਵਾ ਹੈ ਪਰ ਇਸ ਸਾਕੇ ਵਿੱਚ ਟਹਿਲ ਸਿੰਘ ਦੀ ਭੂਮਿਕਾ ਕੁਝ ਵਿਲੱਖਣ ਹੀ ਹੈ ਅਤੇ ਨਨਕਾਣਾ ਸਾਹਿਬ ਦੇ ਖ਼ੂਨੀ ਸ਼ਾਕੇ ਦਾ ਉਹ ਅਹਿਮ ਕਰਤਾ ਤੇ ਪ੍ਰਮੁੱਖ ਸ਼ਹੀਦ ਹੈ। ਜੱਥੇਦਾਰ ਟਹਿਲ ਸਿੰਘ ਦੇ ਸਕੇ ਭਤੀਜੇ ਕਾਮਰੇਡ ਮੱਖਣ ਸਿੰਘ ਨਿਜ਼ਾਮਪੁਰਾ ਨਾਲ ਲੇਖਕ ਦੀ ਕਾਫ਼ੀ ਨੇੜਤਾ ਸੀ। ਕਾਮਰੇਡ ਸਾਹਿਬ ਨੂੰ ਇਤਰਾਜ ਸੀ ਕਿ ਸਮਕਾਲੀ ਇਤਿਹਾਸਕਾਰਾਂ ਉਹਨੇ ਤਾਇਆ ਜੀ ਨਾਲ ਇਨਸਾਫ਼ ਨਹੀਂ ਕੀਤਾ। ਉਹਨਾਂ ਦਾ ਯਕੀਨ ਸੀ ਕਿ ਸਭ ਤੋਂ ਪਹਿਲਾਂ ਮਹਾਰਾਜ ਦੀ ਤਾਬਿਆ ਭਾਈ ਟਹਿਲ ਸਿੰਘ ਬੈਠੇ ਸਨ ਤੇ ਜੰਡ ਨਾਲ ਪੁੱਠਾ ਲਟਕਾ ਕੇ ਭਾਈ ਲਛਮਣ ਸਿੰਘ ਦੇ ਨਾਲ ਭਾਈ ਟਹਿਲ ਸਿੰਘ ਨੂੰ ਵੀ ਸਾੜਿਆ ਗਿਆ ਸੀ। ਕੁਝ ਰੋਜ਼ ਪਹਿਲਾਂ ਭਾਈ ਟਹਿਲ ਸਿੰਘ ਦੀ ਮਹੰਤ ਨਰਾਇਣ ਦਾਸ ਨਾਲ ਡਾਹਢੀ ਤਲਖ਼ ਕਲਾਮੀ ਹੋਈ ਸੀ। ਇਸ ਲਈ ਭਾਈ ਟਹਿਲ ਸਿੰਘ ਉਸਦੀਆਂ ਅੱਖਾਂ ਵਿੱਚ ਕੰਡੇ ਵਾਂਗ ਚੁੱਭਦਾ ਸੀ। ਇਸ ਸਾਕੇ ਦੇ ਚਸ਼ਮਦੀਦ ਗਵਾਹ ਸ਼ਹੀਦ ਟਹਿਲ ਸਿੰਘ ਦੇ ਦੋ ਭਾਈ ਜੀਵਨ ਸਿੰਘ ਤੇ ਬਾਜ ਸਿੰਘ ਸਨ, ਜਿਨ੍ਹਾਂ ਨੇ 21 ਫ਼ਰਵਰੀ 1921 ਨੂੰ ਜਥੇਦਾਰ ਕਰਤਾਰ ਸਿੰਘ ਝੱਬਰ ਦੇ ਜਥੇ ਨਾਲ ਜਨਮ ਅਸਥਾਨ ਗੁਰਦੁਆਰੇ ਆ ਕੇ ਸ਼ਹੀਦਾਂ ਦਾ ਸਸਕਾਰ ਕੀਤਾ ਸੀ।

ਕੰਬੋਜ ਇਤਿਹਾਸ ਦੇ ਲਿਖਾਰੀ ਮੀਆਂ ਰੌਸ਼ਨ-ਓ-ਦੀਨ ਸ਼ਹੀਦ ਟਹਿਲ ਸਿੰਘ ਦੇ ਪਿੰਡ ਵਿੱਚ ਗਵਾਂਢੀ ਸਨ ਅਤੇ ਇੱਕ ਦੂਜੇ ਨੂੰ ਨੇੜਿਓ ਜਾਣਦੇ ਸਨ। ਮੀਆਂ ਰੌਸ਼ਨ-ਓ-ਦੀਨ ਲਿਖਦਾ ਹੈ, ਜਦੋਂ ਟਹਿਲ ਸਿੰਘ ਜਵਾਨ ਹੋਇਆ ਤਾਂ ਉਹ ਬੜਾ ਰਿਸ਼ਟਪੁਸ਼ਟ ਤੇ ਸੁਡੌਲ ਸਰੀਰ ਵਾਲਾ ਸੀ। ਉਸਦਾ ਰੰਗ ਕਣਕਵੰਨਾ ਤੇ ਨੈਣ ਨਕਸ਼ ਤਿੱਖੇ ਤੇ ਦਿਲਕਸ਼ ਸਨ। ਉਹ ਬਹੁਤ ਹਸਮੁਖ ਗਲਾਂ ਬਾਤਾਂ ਨਾਲ ਲੋਕਾਂ ਨੂੰ ਬਹੁਤ ਹਸਾਉਂਦਾ ਸੀ। ਉਹ ਆਪਦੇ ਹਾਣੀਆਂ ਵਿੱਚੋਂ ਸਭ ਤੋਂ ਤਗੜੇ ਤੇ ਰੋਹਬਦਾਬ ਵਾਲੇ ਸਨ। ਉਹਨਾਂ ਦਾ ਸੁਭਾਅ ਜੋਸ਼ੀਲਾ ਪਰ ਹਲੀਮ ਸੀ। ਅਗੇ ਜਾਕੇ ਉਹ ਲਿਖਦੇ ਹਨ। ਉਹ ਗਲਾਂਬਾਤਾਂ ਵਿੱਚ ਹਰੇਕ ਸ਼ਕਸ ਨੂੰ ਕੌਮੀ ਸ਼ਾਨ ਤੇ ਸਿੱਖ ਧਰਮ ਦਾ ਪਾਬੰਧ ਰਹਿਣ ਦੀ ਨਸੀਹਤ ਕਰਦੇ ਸੀ। ਉਹਨਾਂ ਦਾ ਕੌਮੀ ਦ੍ਰਿਸ਼ਟੀਕੋਣ ਤੇ ਬੋਲਣ ਦੀ ਕਲਾ-ਕਮਾਲ ਦੀ ਸੀ। ਉਹ ਰਾਜ਼ਟਰੀ ਤੇ ਧਾਰਮਿਕ ਮਸਲਿਆਂ ਤੇ ਘੰਟਿਆਂ ਬੱਧੀ ਧੂੰਆਂ-ਧਾਰ ਤਕਰੀਰਾ ਕਰਨ ਦਾ ਸ਼ੌਕੀਨ ਸੀ। ਉਹ ਸਿੱਖ ਵੀਰਾਂ ਨੂੰ ਅਕਸਰ ਕਿਹਾ ਕਰਦੇ ਸਨ, "ਐ ਪੰਥ ਦੇ ਸੇਵਕੋ ਤੁਹਾਡਾ ਸਭ ਤੋਂ ਪਹਿਲਾ ਤੇ ਲਾਜ਼ਮੀ ਫਰਜ਼ ਹੈ—ਗੁਰਦੁਆਰਿਆਂ ਦੇ ਸੁਧਾਰ ਲਈ ਜਾਨਾਂ ਵਾਰਨ ਲਈ ਤਿਆਰ-ਬਰ-ਤਿਆਰ ਹੋਜਾਓ ਅਤੇ ਸਿਰ ਤਲੀ ਤੇ ਰੱਖਕੇ, ਮੈਦਾਨ ਵਿੱਚ ਕੁਦ ਪਵੋ"।

ਇਕ ਵਾਰੀ ਪੰਥ ਦੇ ਸਿਰਕੱਢ ਆਗੂ ਜੱਥੇਦਾਰ ਕਰਤਾਰ ਸਿੰਘ 'ਝੱਬਰ' ਨੇ ਧਾਰੋਵਾਲੀ ਇਤਿਹਾਸਕ ਕਾਨਫਰੰਸ ਵੇਲੇ, ਸਿੰਘਾਂ ਨੂੰ ਲਲਕਾਰਦਿਆਂ ਆਖਿਆ

ਸੀ, "ਜਿਸ ਸਿੰਘ ਵਿੱਚ ਗੁਰਦੁਆਰੇ ਮੁਕਤ ਕਰਾਉਣ ਦੀ ਰੀਝ ਤੇ ਸ਼ਹੀਦੀ ਦੀ ਤਮੰਨਾ ਹੈ, ਉਹ ਸਿੰਘ ਸਟੇਜ ਤੇ ਮੇਰੇ ਕੋਲ ਆ ਜਾਣ ਤੇ ਆਪਣਾ ਨਾਮ ਲਿਖਾਉਣ।" ਟਹਿਲ ਸਿੰਘ ਨੇ ਯਕਦਮ ਉਠ ਕੇ ਆਇਆ, ਜੱਥੇਦਾਰ ਜੀ ਸਭ ਤੋਂ ਪਹਿਲਾਂ ਮੇਰਾ ਨਾਮ ਲਿਖੋ। 'ਸ਼ਹੀਦੀ ਜੀਵਨ' ਦੇ ਲੇਖਕ ਗੁਰਬਖ਼ਸ਼ ਸਿੰਘ ਝਬਾਲੀਏ ਨੇ ਆਪਣੀ ਪੁਸਤਕ ਵਿੱਚ ਲਿਖਿਆ ਹੈ, ਸ਼ਹੀਦੀ ਜੱਥੇ ਦੇ ਮੀਤ ਪ੍ਰਧਾਨ ਭਾਈ ਟਹਿਲ ਸਿੰਘ ਦੀ ਹਰੇਕ ਗਲ ਵਿੱਚ ਬੜੀ ਨਿਰਭੈਤਾ, ਦਲੇਰੀ, ਦ੍ਰਿੜਤਾ ਤੇ ਦੂਰ ਦ੍ਰਿਸ਼ਟੀ ਸੀ। ਉਸਦਾ ਖੜਕੇ-ਦੜਕੇ ਵਾਲਾ ਹੰਗਾਮਾ ਖੇਜ਼ ਜੀਵਨ ਸੁਣਨ ਵਾਲਿਆਂ ਦੀ ਰਗ-ਰਗ ਵਿੱਚ ਹਰਕਤ ਪੈਦਾ ਕਰਨ ਵਾਲਾ ਹੁੰਦਾ ਸੀ।ਜਦੋਂ ਉਹ ਦੀਵਾਨਾਂ ਵਿੱਚ ਲਲਕਾਰਾ ਮਾਰ ਕੇ, ਸ਼ੇਰਾਂ ਵਾਂਗ ਬੋਲਿਆ ਕਰਦਾ ਸੀ ਤਾਂ ਸਿੰਘਾਂ ਵਿੱਚ ਹੱਲਚੱਲ ਪੈਦਾ ਹੋ ਜਾਇਆ ਕਰਦੀ ਸੀ। ਉਸਨੇ ਆਪਣੇ ਵੇਲੇ ਸਿੱਖ ਸੰਗਤਾਂ ਵਿੱਚ ਇਕ ਅਜਿਹੀ ਸਪਿਰਟ ਪੈਦਾ ਕਰ ਦਿੱਤੀ ਸੀ, ਜਿਸ ਦੀ ਉਸ ਜ਼ਮਾਨੇ ਵਿੱਚ ਡਾਹਢੀ ਲੋੜ ਸੀ। ਅਜਿਹੇ ਸਿਰਲੱਥ ਸੂਰਮੇ ਉਪਰ ਸਾਰੇ ਸਿੱਖ ਜਗਤ ਨੂੰ ਮਾਣ ਹੋਣਾ ਚਾਹੀਦਾ ਏ। ਇਹ ਹੀ ਇਸ ਅਦੁੱਤੀ ਸ਼ਹੀਦ ਨੂੰ ਸਾਡੀ ਨਿਮਾਣੀ ਸ਼ਰਧਾਂਜਲੀ ਹੋਵੇਗੀ। ਮਹੰਤ ਨਰਾਇਣਦਾਸ ਜਿਊਂਦਾ ਮਰ ਗਿਆ ਸੀ। ਪਰ ਟਹਿਲ ਸਿੰਘ ਮਰ ਕੇ ਵੀ ਜਿਊਂਦਾ ਹੈ।

ਬਲਵਿੰਦਰ ਸਿੰਘ ਫ਼ਤਹਿਪੁਰੀ

ਸ਼ੇਖ਼ੂ ਪੁਰੇ ਦੀ ਬਾਰ

ਜਦੋਂ ਅੰਗਰੇਜ਼ਾਂ ਨੇ ਪੰਜਾਬ ਤੇ ਕਬਜ਼ਾ ਕੀਤਾ ਤਾਂ ਲਾਇਲਪੁਰ ਤੇ ਸ਼ੇਖ਼ਪੁਰਾ ਜਿਲਿਆਂ ਵਿੱਚ ਲਖਾਂ ਏਕੜ ਬੇ-ਅਬਾਦ ਪਏ ਸਨ। ਇਸ ਜੰਗਲ ਰੂਪੀ ਇਲਾਕੇ ਨੂੰ ਬਾਰ ਕਿਹਾ ਜਾਂਦਾ ਸੀ। ਅੰਗਰੇਜ਼ ਸਰਕਾਰ ਨੇ ਇਸ ਇਲਾਕੇ ਦੀ ਮੁਰੱਬੇ ਬੰਦੀ ਕਰਵਾਕੇ ਇੱਥੇ ਨਹਿਰਾਂ ਖੁਦਵਾਈਆਂ। ਸਿੱਖਾਂ ਵਰਗੀ ਮਾਰਸ਼ਲ ਭਾਰਤੀ ਕੌਮ ਨੂੰ ਆਪਣੇ ਮਤੀਹ ਕਰਨ ਲਈ ਅੰਗਰੇਜ਼ਾਂ ਨੇ ਇਹਨਾਂ ਬਾਰਾਂ ਨੂੰ ਅਬਾਦ ਕਰਨ ਲਈ ਸਿੱਖ ਕੌਮ ਨੂੰ ਇਕ ਪਰਿਵਾਰ ਨੂੰ ਇਕ ਮੁਰੱਬਾ ਜ਼ਮੀਨ ਅਬਾਦ ਕਰਨ ਲਈ ਅਲਾਟ ਕੀਤਾ। ਪੂਰਬੀ ਪੰਜਾਬ ਵਿੱਚ ਜਿੰਨਾਂ ਸਿੱਖਾਂ ਕੋਲ ਘਟ ਰਕਬਾ ਸੀ, ਉਹਨਾਂ ਨੂੰ ਇਸ ਇਲਾਕੇ ਵਿੱਚ ਵਸਾਉਣ ਲਈ ਇਹ ਜ਼ਮੀਨਾਂ ਮੁਫ਼ਤ ਦਿੱਤੀਆਂ ਸਨ। ਇਹ ਕਿਸਾਨ ਮਿਹਨਤੀ ਸਿੱਖ ਸਨ। ਇਹਨਾਂ ਨੇ ਪੰਜ ਦਸ ਸਾਲ ਕਰੜੀ ਮਿਹਨਤ ਕਰਕੇ ਇਹ ਜਮੀਨ ਅਬਾਦ ਕਰਨ ਲਈਆਂ ਸਨ। ਇਹਨਾਂ ਨੂੰ ਖੂਹਾਂ ਤੋਂ ਇਲਾਵਾ ਨਹਿਰੀ ਪਾਣੀ ਵੀ ਲਗਦਾ ਸੀ। ਜਮੀਨ ਨਵੀਂ ਹੋਣ ਕਰਕੇ ਇਥੇ ਭਰਵੀਆਂ ਫਸਲਾਂ ਹੋਣ ਲਗੀਆਂ ਵੀਹਵੀਂ ਸਦੀ ਦੇ ਪਹਿਲੇ ਦਹਾਕੇ ਵਿੱਚ ਇਥੋਂ ਦੇ ਕਿਸਾਨ ਖ਼ੁਸ਼ਹਾਲ ਹੋਣ ਲੱਗੇ।

ਪਰ ਇਸ ਇਲਾਕੇ ਵਿੱਚ ਬਾਕੀ ਰੋਜ਼ਮਰਾ ਜੀਵਨ ਦੀਆਂ ਸਹੂਲਤਾਂ ਬਹੁਤ ਘੱਟ ਸਨ। ਸੜਕਾਂ ਕਚੀਆਂ ਸਨ। ਆਵਾਜ਼ਾਈ ਦੇ ਸਾਧਨ ਬਹੁਤ ਕਠਿਨ ਸਨ। ਵਿਦਿਆ ਦੇ ਪਸਾਰ ਲਈ ਕੋਈ ਸਕੂਲ ਪਾਠਸ਼ਾਲਾ ਨਹੀਂ ਸੀ। ਸਰਕਾਰ ਦਾ ਕੋਈ ਇਰਾਦਾ ਨਹੀਂ ਸਕਿ ਇਸ ਇਲਾਕੇ ਵਿੱਚ ਸਕੂਲ ਖੋਲੇ ਜਾਣ। ਜਦੋਂ ਇਹਨਾਂ ਪਿੰਡਾਂ ਦੇ ਲੋਕ ਅੰਗਰੇਜ਼ੀ ਫੌਜ ਵਿੱਚ ਨੌਕਰੀ ਕਰਕੇ ਪਦ ਮੁਕਤ ਹੋਣ ਤੋਂ ਬਾਅਦ ਘਰ ਪਹੁੰਚਦੇ ਸਨ ਤਾਂ ਦੇਸ਼ਾਂ-ਦੇਸ਼ਾਂ ਤਰ੍ਹਾਂ ਵਿੱਚ ਘੁੰਮਣ ਕਾਰਨ, ਉਹਨਾਂ ਵਿੱਚ ਜਾਗ੍ਰਤਿ ਆਉਣੀ ਜ਼ਰੂਰੀ ਸੀ। ਇਹਨਾਂ ਫੌਜੀਆਂ ਜਾਂ ਵਲੈਤ ਅਮਰੀਕਾ ਤੋਂ ਮੁਲਾਤਮਤ ਕਰਨ ਉਪਰੰਤ ਵਤਨ ਪਰਤੇ ਲੋਕਾਂ ਨੇ ਆਪਣੇ ਇਲਾਕੇ ਵਿੱਚ ਸਕੂਲ ਖੋਹਣੇ ਸ਼ੁਰੂ ਕਰ ਦਿੱਤੇ। ਬਹੁਤ ਸਾਰੇ ਖ਼ਾਲਸਾ ਤੇ ਕੌਮੀ ਸਕੂਲ ਹੋਂਦ ਵਿੱਚ ਆਏ। ਇਸਤਰ੍ਹਾਂ ਲੋਕਾਂ ਵਿੱਚ ਧਾਰਮਿਕ ਫਰਜ਼ਾਂ ਪ੍ਰਤੀ ਜਾਗ੍ਰਤਿ ਆਉਣ ਲਗੀ। ਉਹਨਾਂ ਨੇ ਪਿੰਡ ਦੇ ਭਾਈਆਂ ਕੋਲੋਂ ਗੁਰਮੁੱਖੀ ਲਿਖਣੀ ਪੜ੍ਹਨੀ ਸਿਖ ਕੇ, ਆਲੇ-ਦੁਆਲੇ ਬਾਰੇ ਹਾਲਾਤ ਜਾਨਣੇ ਸ਼ੁਰੂ ਕੀਤੇ। ਉਹਨਾਂ ਪਹਿਲੀ ਵਾਰ ਸਿੱਖ ਕੌਮ ਦਾ ਇਤਿਹਾਸ ਪੜ੍ਹਿਆ ਤੇ ਉਹ ਉਹ ਬਹੁਤ ਪ੍ਰਭਾਵਿਤ ਹੋਏ। ਉਹਨਾਂ ਨੂੰ ਪਹਿਲੀ ਵਾਰ ਪਤਾ ਲਗਾ ਕਿ ਉਹਨਾਂ ਦਾ ਇਤਿਹਾਸ ਕਿੰਨਾ ਸ਼ਾਨਦਾਰ ਤੇ ਗੌਰਵ ਮਈ ਹੈ। ਉਹਨਾਂ ਨੂੰ ਇਹ ਜਾਣਕੇ ਦੁੱਖ ਹੋਇਆ ਕਿ ਉਹਨਾਂ ਦਾ ਸਾਰੇ ਗੁਰਧਾਮ ਗ਼ੈਰ-ਸਿੱਖ ਸੋਚ ਵਾਲਿਆਂ ਦੇ ਅਧੀਨ ਹਨ। ਉਦਾਸੀ, ਨਿਰਮਲੇ ਤੇ ਸਨਾਤਨੀ ਧਰਮ ਦੇ ਲੋਕ ਇਹਨਾਂ ਇਤਿਹਾਸਕ ਗੁਰਧਾਮਾਂ ਉਪਰ

ਕਾਬਜ਼ ਸਨ ਤੇ ਉਹਨਾਂ ਦਾ ਸਿੱਖ ਧਰਮ ਪ੍ਰਤੀ ਵਤੀਰਾ ਨਿਹਾਇਤ ਇਤਰਾਜ਼ ਯੋਗ ਸੀ। ਪਹਿਲਾਂ ਤਾਂ ਇਹ ਸੰਤ ਮਹੰਤ ਸਿੱਖ ਗੁਰਧਾਮਾਂ ਦੇ ਸੇਵਕ ਤੇ ਸ਼ਰਧਾਲੂ ਸਨ ਪਰ ਹੌਲੀ-ਹੌਲੀ ਅੰਗਰੇਜ਼ੀ ਸਰਕਾਰ ਦੀ ਸ਼ਹਿ ਕਾਰਨ ਇਹ ਲੋਕ ਮਨ-ਮਰਜ਼ੀਆਂ ਕਰਨ ਲਗੇ। ਇਹ ਗੁਰਧਾਮਾਂ ਨੂੰ ਆਪਣੀ ਨਿੱਜੀ ਜਾਇਦਾਦਾਂ ਸਮਝਣ ਲਗੇ।

ਪਵਿੱਤਰ ਗੁਰਦੁਆਰਿਆਂ ਵਿੱਚ ਮੁਜਰੇ ਤੇ ਕੁਕਰਮ ਹੋਣ ਲਗੇ। ਲੋਕਾਂ ਵਿੱਚ ਨਿਰਾਸਤਾ ਤੇ ਗੁੱਸੇ ਦੀ ਲਹਿਰ ਫੈਲਣ ਲੱਗੀ। ਇਸੇ ਹੀ ਸਮੇਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਤੇ ਅਕਾਲੀ ਦਲ ਹੋਂਦ ਵਿੱਚ ਆਏ। ਹਰ ਕਿਸਮ ਦੇ ਸਿੱਖ ਇਕੱਤਰ ਹੋ ਕੇ ਆਪਣੇ ਧਰਮ ਬਾਰੇ ਸੋਚ ਵਿਚਾਰਾਂ ਕਰਨ ਲੱਗੇ। ਹੌਲੀ-ਹੌਲੀ ਇਹਨਾਂ ਮਹੰਤਾਂ ਵਿਰੁੱਧ ਇੱਕ ਲੋਕ-ਲਹਿਰ ਉਠ ਪਈ। ਬਹੁਤ ਸਾਰੇ ਗੁਰਦੁਆਰੇ ਅਜ਼ਾਦ ਕਰਵਾਏ ਗਏ। ਪਰ ਹਾਲੇ ਵੀ ਪ੍ਰਮੁੱਖ ਸਿੱਖ ਗੁਰਧਾਮ ਮਹੰਤਾਂ ਦੇ ਸ਼ਿਕੰਜੇ ਵਿੱਚ ਸਨ। ਅੰਗਰੇਜ਼ ਸਰਕਾਰ ਲਗਾਤਾਰ ਇਹਨਾਂ ਮਹੰਤਾਂ ਨੂੰ ਲਾਮਬੱਧ ਕਰਕੇ ਸਿੱਖਾਂ ਨਾਲ ਟੱਕਰ ਲੈਣ ਲਈ ਤਿਆਰ ਕਰ ਰਹੀ ਸੀ। ਮਹੰਤ ਤਾਂ ਪਹਿਲੇ ਹੀ ਕਿਸੇ ਆਸਰੇ ਦੀ ਤੈਲਾਸ਼ ਵਿੱਚ ਸਨ। ਉਹਨਾਂ ਨੂੰ ਸਰਕਾਰ ਦੀ ਪਨਾਹਮਿਕ ਗਈ। ਇਸ ਪ੍ਰਿਸ਼ਠ ਭੂਮੀ ਵਿੱਚ ਨਨਕਾਣੇ ਜਨਮ ਅਸਥਾਨ ਗੁਰਦੁਆਰੇ ਨੂੰ ਮੁਕਤ ਕਰਾਉਣ ਦੀ ਲਹਿਰ ਉਠੀ। ਇਹ ਲਹਿਰ ਸ਼ੇਖ਼ੂਪੁਰੇ ਦੀ ਬਾਰ ਵਿੱਚ ਵੀ ਤੇਜ਼ੀ ਨਾਲ ਫੈਕਣ ਲੱਗੀ। ਇਸ ਬਾਰ ਦੀ ਲੋਕ ਸਿੱਖ ਪੰਥ ਲਈ ਆਪਣਾ ਯੋਗਦਾਨ ਪਾਉਣਾ ਚਾਹੁੰਦੇ ਸਨ। ਅਗਲੇਰੇ ਪੰਨੇ ਇਸ ਗਾਥਾ ਨੂੰ ਬਿਆਨ ਕਰਦੇ ਹਨ। ਇਹਨਾਂ ਅਨਪੜ੍ਹ ਲੋਕਾਂ ਨੇ ਇਕ ਅਜਿਹਾ ਸੁਨਹਿਰੀ ਇਤਿਹਾਸ ਸਿਰਜਿਆ, ਜਿਸਨੂੰ ਰਹਿੰਦੀ ਦੁਨੀਆਂ ਤਕ ਯਾਦ ਕੀਤਾ ਜਾਵੇਗਾ।

ਜਦੋਂ ਮਹਾਰਾਜੇ ਰਣਜੀਤ ਸਿੰਘ ਦੇ ਵਾਰਿਸਾਂ ਕੋਲੋਂ ਅੰਗਰੇਜ਼ਾਂ ਨੂੰ ਉਸਦੀ ਸਲੱਤਨਤ ਖੋਹ ਲਈ ਤਾਂ ਖ਼ਾਲਸਾ ਫੌਜ ਨੇ ਉਹਨਾਂ ਦਾ ਬੜਾ ਡਟਕੇ ਮੁਕਾਬਲਾ ਕੀਤਾ ਸੀ। ਅੰਗਰੇਜ਼ ਆਪਣੀ ਕੁਟਲ ਨੀਤੀ ਨਾਲ ਜਿੱਤ ਤਾਂ ਗਏ ਪਰੰਤੂ ਉਹਨਾਂ ਨੂੰ ਸਿੱਖਾਂ ਦੀ ਬਹਾਦਰੀ ਤੇ ਜੰਗੀ ਸਪਿਰਟ ਦਾ ਭਲੀ ਭਾਂਤ ਪਤਾ ਲਗ ਗਿਆ ਸੀ। ਉਹ ਸਿੱਖਾਂ ਨੂੰ ਆਪਣੀ ਰਾਜਨੀਤੀ ਨਾਲ ਨੇੜੇ ਕਰਨਾ ਚਾਹੁੰਦੇ ਸਨ। ਇਸ ਮਕਸਦ ਲਈ ਉਹਨਾਂ ਨੇ ਇਕ ਪੜਤਾਲੀਆ ਕਮਿਸ਼ਨ ਬੈਠਾ ਕੇ ਹੇਠ ਲਿਖਿਆਂ ਤਿੰਨ ਸਚਾਈਆਂ ਦੀ ਜਾਣਕਾਰੀ ਪ੍ਰਾਪਤ ਕੀਤੀ। ਇਕ ਤਾਂ ਉਹਨਾਂ ਨੂੰ ਇਹ ਪਤਾ ਲਗਾ ਕੇ ਸਿੱਖ ਆਪਣੇ ਧਰਮ ਦੇ ਬਹੁਤ ਪੱਕੇ ਹਨ। ਉਹਨਾਂ ਦਾ ਧਰਮ ਉਹਨਾਂ ਨੂੰ ਮਰ-ਮਿਟਣਾ ਸਿਖਾਉਂਦਾ ਹੈ। ਉਹ ਪੰਥਿਕ ਮਸਲਿਆਂ ਵਿੱਚ ਮਰਨ ਲਗਿਆਂ ਮਿੰਟ ਨਹੀਂ ਸੋਚਦੇ। ਦੂਜਾ ਉਹਨਾਂ ਨੂੰ ਜ਼ਮੀਨ ਨਾਲ ਬਹੁਤ ਪਿਆਰ ਹੈ ਤੇ ਉਹ ਖੇਤੀਬਾੜੀ ਵਿੱਚ ਬਹੁਤ ਮਾਹਿਰ ਹਨ। ਉਹ ਜ਼ਮੀਨਾਂ ਦੇ ਮਾਲਿਕ ਬਣਕੇ ਖ਼ੁਸ਼ ਹੁੰਦੇ ਹਨ। ਤੀਜਾ ਉਹ ਟੌਹਰ ਟਪੱਕੇ ਦੇ ਬਹੁਤ ਸ਼ੌਕੀਨ ਹਨ। ਜਿਥੇ ਉਹਨਾਂ ਦੀ ਇਜ਼ਤ ਤੇ ਰੋਹਬ ਦਾਹਬ ਬਣੇ, ਉਸ ਕਿੱਤੇ ਨੂੰ ਉਹ ਬਹੁਤ ਪਸੰਦ ਕਰਦੇ ਹਨ।

ਅੰਗਰੇਜ਼ ਸਰਕਾਰ ਨੇ ਸਿੱਖਾਂ ਨੂੰ ਮਤੀਹ ਕਰਨ ਲਏ ਤਿੰਨੇ ਹਰਬੇ ਵਰਤੇ। ਉਹਨਾਂ

ਬਾਰਾਂ ਵਿੱਚ ਸਿੱਖਾਂ ਨੂੰ ਮੁਫ਼ਤ ਜ਼ਮੀਨਾਂ ਤੇ ਮੁਰੱਬੇ ਦੇ ਕੇ ਆਪਣੇ ਨਾਲ ਗੰਢ ਲਿਆ। ਇਹ ਸਾਰੇ ਬਾਰ ਵਿੱਚ ਵੱਸਣ ਵਾਲੇ ਲੋਕ ਅੰਗਰੇਜ਼ਾਂ ਦੇ ਗੁਣ ਗਾਉਣ ਲਗੇ। ਦੂਜਾ ਸਿੱਖਾਂ ਵਿੱਚ ਰੰਗੀ ਸਪਿਰਟ ਨੂੰ ਅਧਮੋਇਆ ਕਰਨ ਲਈ ਉਹਨਾਂ ਨੇ ਫੌਜਾਂ ਵਿਚੋਂ ਮਨਘੜਤ ਕਹਾਣੀਆਂ ਬਣਾਕੇ ਕੁਝ ਸਿੱਖ ਫੌਜੀ ਚੁਣੇ, ਜਿੰਨਾਂ ਨੂੰ ਅਧਿਆਤਮਿਕ ਸ਼ਕਤੀਆਂ ਨਾਲ ਲੈਸ ਕੀਤਾ ਤੇਂ ਜ਼ਮੀਨਾਂ ਦੇ ਕੇ ਉਹਨਾਂ ਦੇ ਡੇਰੇ ਬਣਵਾਏ। ਇਹਨਾਂ ਡੇਰਿਆਂ ਵਿੱਚ ਸਿੱਖੀ ਦੀ ਉਲਟ ਵੈਸ਼ਨੋ ਧਰਮ ਦਾ ਪ੍ਰਚਾਰ ਹੁੰਦਾ ਸੀ। ਇਹਨਾਂ ਨਵੇਂ ਬਾਬਿਆਂ ਨੇ ਸਿੱਖ ਧਰਮ ਨੂੰ ਆਪਣੇ ਮੁਤਾਬਿਕ ਮੋੜ ਤਰੋੜ ਕੇ ਬ੍ਰਾਹਮਣਵਾਦ ਦੇ ਨਜ਼ਦੀਕ ਲਿਆਉਣ ਦੀ ਕੋਸ਼ਿਸ਼ ਕੀਤੀ। ਦੂਜਾ ਉਹਨਾਂ ਸਿੱਖਾਂ ਦੇ ਗੁਰਧਾਰਮਾਂ ਉਪਰ ਬੈਠੇ ਸੰਤਾਂ ਮਹੰਤਾਂ ਨੂੰ ਆਪਣੇ ਨਾਲ ਗੰਢ ਲਿਆ। ਇਸ ਲਈ ਮਹੰਤਾਂ ਤੇ ਬਾਬਿਆਂ ਦੇ ਪ੍ਰਚਾਰ ਸਦਕਾ ਸਿੱਖ ਧਰਮ ਦਾ ਸਰੂਪ ਵਗਾੜਕੇ ਵੈਸ਼ਨੋਵਾਦੀ ਕੀਤਾ ਗਿਆ। ਸਿੱਖਾਂ ਨੇ ਮਾਸ ਖਾਣਾ ਬੰਦ ਕਰ ਦਿੱਤਾ ਤੇ ਉਹ ਮੱਖੀ ਮਾਰਨ ਤੋਂ ਵੀ ਗੁਰੇਜ਼ ਕਰਨ ਲੱਗੇ। ਸਿੱਖਾਂ ਦਾ ਟੌਹਰ ਟਪੱਕਾ ਬਣਾਉਣ ਲਈ ਉਹਨਾਂ ਨੂੰ ਫੌਜ ਤੇ ਪੁਲਿਸ ਵਿੱਚ ਵਧ ਤੋਂ ਵਧ ਨੌਕਰੀਆਂ ਦਿੱਤੀਆਂ ਅਤੇ ਉਹਨਾਂ ਨੂੰ ਫੌਜੀ ਸਨਮਾਨਾਂ ਨਾਲ ਮਾਲਾ-ਮਾਲ ਕਰ ਦਿੱਤਾ। ਲੋਕ ਰਾਤ-ਦਿਨ ਅੰਗਰੇਜ਼ਾਂ ਦੇ ਗੁਣ ਗਾਉਣ ਲਗੇ।

ਉਨਵੀਂ ਸਦੀ ਦੇ ਅੰਤ ਤਕ ਤਾਂ ਅੰਗਰੇਜ਼ਾਂ ਦੀ ਇਹ ਨੀਤੀ ਸਫ਼ਲ ਰਹੀ। ਸਾਰਾਗੜ੍ਹੀ ਦੇ ਸਾਕੇ ਵਿੱਚ ਕੇਵਲ ਇੱਕਵੀ ਸਿੱਖ ਹਜ਼ਾਰ ਤੇ ਉੱਪਰ ਕਬਾਇਲੀ ਪਠਾਨਾਂ ਦਾ ਮੁਕਾਬਲਾ ਕਰਦੇ ਸ਼ਹੀਦ ਹੋਏ। ਇਹ ਸਿੱਖਾਂ ਦੀ ਬਹਾਦਰੀ ਦੀ ਇੰਤਹਾ ਸੀ। ਅੰਗਰੇਜ਼ਾਂ ਨੇ ਵੀ ਇਹਨਾਂ ਸ਼ਹੀਦਾਂ ਨੂੰ ਵੱਡੇ ਤੋਂ ਵੱਡੇ ਇਨਾਮਾਂ ਨਾਲ ਸਨਮਾਨਿਆ ਤੇ ਉਹਨਾਂ ਨੂੰ ਜ਼ਮੀਨਾਂ ਜਗੀਰਾਂ ਨਾਲ ਨਿਵਾਜਿਆ। ਪਰ ਵੀਹਵੀਂ ਸਦੀ ਦੇ ਆਉਣ ਨਾਲ ਜਦੋਂ ਸਿੱਖ ਪੰਜਾਬ ਛੱਡ ਕੇ ਦੇਸ਼ਾਂ-ਦੇਸ਼ਾਂਤਰਾਂ ਵਿਚੋਂ ਕਮਾਈ ਤੇ ਪੜ੍ਹਾਈ ਦੇ ਸਬੰਧ ਵਿੱਚ ਘੁੰਮ ਕੇ ਭਾਰਤ ਪਰਤੇ ਤਾਂ ਉਹਨਾਂ ਨੂੰ ਅੰਗਰੇਜ਼ਾਂ ਦੀਆਂ ਕੁਚਾਲਾਂ ਦੀ ਸਮਝ ਆਉਣ ਲਗੀ। ਵਿਦਿਆ ਤੇ ਗਿਆਨ ਨਾਲ ਉਹਨਾਂ ਦਾ ਸੂਝਬੂਝ ਵਿੱਚ ਵਾਧਾ ਹੋਇਆ ਤੇ ਉਹ ਹਰੇਕ ਚੀਜ਼ ਦਾ ਕਿੰਤੂ-ਪ੍ਰੰਤੂ ਕਰਨ ਲਗੇ। ਉਹ ਆਪ ਤਾਂ ਜਾਗੇ ਹੀ ਸਨ, ਉਹਨਾਂ ਆਕੇ ਆਪਣੇ ਭਰਾਵਾਂ ਨੂੰ ਵੀ ਜਾਗਰੂਕ ਕੀਤਾ। ਗ਼ੁਲਾਮ ਮੁਲਕਾਂ ਨਾਲ ਅਕਸਰ ਵਧੀਕੀਆਂ ਹੁੰਦੀਆਂ ਹਨ ਤੇ ਸਿੱਖਾਂ ਨੂੰ ਉਹਨਾਂ ਨਾਲ ਹੋ ਰਹੀਆਂ ਧੱਕੇਸ਼ਾਹੀਆਂ ਦਾ ਪਹਿਲੀ ਦਫਾ ਪਤਾ ਲਗਾ। ਸਿੱਖਾਂ ਦੇ ਲਗਭਗ ਸਾਰੇ ਗੁਰਦੁਆਰੇ ਹਿੰਦੂ ਮਹੰਤਾਂ ਕੋਲ ਸਨ ਸਿੱਖਾਂ ਨੇ ਭ੍ਰਿਸ਼ਟ ਤੇ ਦੁਸ਼ਟ ਮਹੰਤਾਂ ਨੂੰ ਕੱਢਣ ਲਈ ਰੋਸ ਮੁਜ਼ਾਹਰੇ ਕਰਨੇ ਸ਼ੁਰੂ ਕਰ ਦਿੱਤੇ। ਅਜਿਹੇ ਰੋਹ ਭਰੇ ਵਾਤਾਵਰਨ ਵਿੱਚ ਨਨਕਾਣਾ ਸਾਹਿਬ ਦਾ ਸਾਕਾ ਵਾਪਰਿਆ।

ਇਸ ਦੌਰ ਵਿੱਚ ਸਿੱਖਾਂ ਵਿਚੋਂ ਨਨਿਨਵੇਂ ਪ੍ਰਤੀਸ਼ਤ ਸਿੱਖ ਅਨਪੜ੍ਹ ਸਨ। ਇਹਨਾਂ ਨੂੰ ਦੀਨ-ਦੁਨੀਆਂ ਦੀ ਕੋਈ ਖ਼ਬਰ ਨਹੀਂ ਸੀ। ਇਹਨਾਂ ਦਾ ਜੀਵਨ ਮਿਹਨਤ-ਮੁਸ਼ੱਕ਼ਤ ਨਾਲ ਭਰਿਆ ਸੀ ਤੇ ਗੁਰਬਾਤ ਤੇ ਜਹਾਲਤ ਨੂੰ ਲੋਕਾਂ ਦੀ ਮਤ ਮਾਰੀ ਹੋਈ ਸੀ। ਜਨ ਸਧਾਰਨ ਨੂੰ ਆਪਦੇ ਹੱਕਾਂ ਦੀ ਮਤ ਮਾਰੀ ਹੋਈ ਸੀ। ਜਨ ਸਧਾਰਨ ਨੂੰ ਆਪਦੇ

ਹੱਕਾਂ ਤੇ ਫ਼ਰਜਾਂ ਦੀ ਕੋਈ ਸੂਝਬੂਝ ਨਹੀਂ ਸੀ। ਅੰਗਰੇਜ਼ ਤੇ ਉਹਨਾਂ ਦੇ ਟੋਡੀ ਪੰਜਾਬੀ ਸਿੱਖ, ਰਈਸ, ਜ਼ੈਲਦਾਰ, ਸਫੈਦ ਪੋਸ਼ ਤੇ ਸਰਦਾਰ, ਲੋਕਾਂ ਨੂੰ ਭੇਡਾਂ ਬਕਰੀਆਂ ਵਾਂਗ ਮਗਰ ਲਾਈ ਫਿਰਦੇ ਸਨ। ਸਰਕਾਰ ਦੀ ਮਾੜੀ ਮੋਟੀ ਨੁਕਤਾ ਚੀਨੀ ਵੀ ਬਰਦਾਸ਼ਤ ਨਹੀਂ ਕੀਤੀ ਜਾਂਦੀ ਸੀ। ਸਰਕਾਰ ਦੇ ਇਹ ਖੁਸ਼ਾਮਦੀ ਲੋਕ ਜਸੂਸੀ ਦਾ ਕੰਮ ਵੀ ਕਰਦੇ ਸਨ। ਸਾਰੇ ਮਹੰਤ ਵੀ ਗੋਰੀ ਸਰਕਾਰ ਦੇ ਪਾਲਤੂ ਚਹੇਤੇ ਸਨ। ਪਰ ਸਿੱਖਾਂ ਦਾ ਇਤਿਹਾਸ ਇੰਨਾ ਗੋਰਵ ਮਈ ਹੈ ਕਿ ਜਦੋਂ ਸਿੱਖਾਂ ਦੇ ਆਗੂਆਂ ਨੇ ਆਪਣੇ ਲੋਕਾਂ ਨੂੰ ਇਸ ਵਚਿੱਤਰ ਇਤਿਹਾਸ ਤੋਂ ਜਾਣੂ ਕਰਵਾਇਆ ਤਾਂ ਉਹ ਫਿਰ ਗਿਦੜਾਂ ਤੋਂ ਸ਼ੇਰ ਬਣ ਗਏ। ਸ਼ਹੀਦ ਟਹਿਲ ਸਿੰਘ ਦਾ ਜਨਮ ਇਸ ਮਾਹੌਲ ਵਿੱਚ ਹੋਇਆ। ਜਿਸ ਇਲਾਕੇ ਵਿੱਚ ਹੋਇਆ ਉਸਨੂੰ ਸ਼ੇਖ਼ਪੁਰੇ ਦੀ ਬਾਰ ਦੇ ਨਾਮ ਨਾਲ ਜਾਣਿਆ ਜਾਂਦਾ ਸੀ।

ਉਸ ਸਮੇਂ ਵਿੱਚ ਸਾਡਾ ਸਮਾਜ ਪਛੜਿਆ ਹੋਣ ਕਰਕੇ ਕਈ ਕੁਰੀਤੀਆਂ ਦਾ ਸ਼ਿਕਾਰ ਸੀ। ਬਹੁਤੇ ਮਰਦ ਕੋਰੇ ਅਨਪੜ੍ਹ ਸਨ ਅਤੇ ਪੜ੍ਹਾਈ ਲਿਖਾਈ ਉਹਨਾਂ ਤੋਂ ਕੋਹਾਂ ਦੂਰ ਸੀ। ਲੜਕੀਆਂ ਨੂੰ ਪੜ੍ਹਾਉਣ ਵਿੱਚ ਲੋਕ ਆਪਣੀ ਬੇਇਜ਼ਤੀ ਮਹਿਸੂਸ ਕਰਦੇ ਸਨ। ਔਰਤਾਂ ਨੂੰ ਆਪਣੇ ਹੱਕਾਂ ਦੀ ਕੋਈ ਜਾਣਕਾਰੀ ਨਹੀਂ ਸੀ। ਉਸਦੇ ਕੇਵਲ ਫਰਜ਼ ਹੀ ਫਰਜ਼ ਸਨ। ਅਜਿਹੇ ਵਾਤਾਵਰਣ ਵਿੱਚ ਜਦ ਕਿਸੇ ਦੇ ਘਰ ਕੋਈ ਲੜਕੀ ਪੈਦਾ ਹੋ ਜਾਂਦੀ ਸੀ ਤਾਂ ਘਰ ਵਿੱਚ ਸੋਗਵਰ ਮਾਹੌਲ ਛਾਅ ਜਾਂਦਾ ਸੀ। ਲੜਕੀ ਦੇ ਪੈਦਾ ਹੋਣ ਨੂੰ ਪੱਥਰ ਦੇ ਪੈਦਾ ਹੋਣ ਦੀ ਤਸ਼ਬੀਹ ਦਿੱਤੀ ਜਾਂਦੀ ਸੀ। ਲੜਕੀ ਦੇ ਪੈਦਾ ਹੋਣ ਦੀ ਕਿਸੇ ਅੰਗ ਸਾਕ ਜਾਂ ਭਾਈਚਾਰੇ ਨੂੰ ਇਤਲਾਹ ਨਹੀਂ ਦਿੱਤੀ ਜਾਂਦੀ ਸੀ। ਘਰ ਵਿੱਚ ਇੰਝ ਮਹਿਸੂਸ ਹੁੰਦਾ ਸੀ ਜਿਵੇਂ ਕੋਈ ਜੰਮਿਆ ਨਹੀਂ ਦਲ ਵਸਿਆ ਹੋਵੇ। ਜਦ ਕਿਸੇ ਨੂੰ ਅਸੀਸ ਦਿੱਤੀ ਜਾਂਦੀ ਤਾਂ ਕਿਹਾ ਜਾਂਦਾ, "ਤੂੰ ਦੁਧੀ ਪੂਤੀ ਨਹਾਵੇਂ"। ਭਾਵੇਂ ਲੜਕੀਆਂ ਨੂੰ ਜੰਮਦਿਆਂ ਰਾਜਪੂਤਾਂ ਵਾਂਗ ਜੰਮਦਿਆਂ ਮਾਰਿਆ ਨਹੀਂ ਸੀ ਜਾਂਦਾ ਪਰ ਸਮਾਜ ਵਿੱਚ ਉਹਨਾਂ ਦਾ ਦਰਜਾ ਲੜਕਿਆਂ ਨਾਲੋਂ ਨੀਵਾਂ ਹੀ ਸੀ। ਲੜਕੀ ਪੈਦਾ ਹੋਣ ਤੇ ਮਾਪਿਆਂ ਨੂੰ ਹੌਂਸਲਾ ਦੇਣ ਲਈ ਕਈ ਕਹਿ ਛੱਡਦੇ ਸਨ ਕਿ ਪਹਿਲੀ ਬੇਟੀ ਹੋਵੇ ਤਾਂ ਉਸਨੂੰ ਘਰ ਵਿੱਚ ਲਛਮੀ ਦਾ ਹੀ ਰੂਪ ਸਮਝ ਕੇ ਖ਼ੁਸ਼ੀ ਮਨਾਉਣੀ ਚਾਹੀਦੀ ਹੈ। ਪਰ ਇਹ ਕਹਿਣ ਦੀਆਂ ਹੀ ਗੱਲਾਂ ਸਨ। ਝੂਠੇ ਮੂੰਹ ਮੁਲਾਹਜੇ। ਅਸਲੀ ਖ਼ੁਸ਼ੀ ਪੁੱਤ ਦੇ ਹੁੰਦਿਆਂ ਹੀ ਮਨਾਈ ਜਾਂਦੀ ਸੀ। ਲਡੂ ਜਾਂ ਪਤਾਸੇ ਵੰਡੇ ਜਾਂਦੇ ਹਨ। ਲੋਹੜੀ ਮਨਾਈ ਜਾਂਦੀ ਸੀ ਪਰ ਲੜਕੀਆਂ ਦੀ ਲੋਹੜੀ ਕੋਈ ਨਹੀਂ ਸੀ ਮਨਾਉਂਦਾ। ਚੰਦਾ ਸਿੰਘ ਨੇ ਨਨਕਾਣੇ ਸਾਹਿਬ ਵਿਖੇ ਇਕ ਫ਼ਕੀਰ ਨੂੰ ਪੁਛਣਾ ਪਵਾਈ ਸੀ। ਫ਼ਕੀਰ ਨੇ ਆਖਿਆ ਸੀ, "ਤੇਰੇ ਘਰ ਇਕ ਸੁੰਦਰ ਬਾਲਕ ਨੇ ਜਨਮ ਲਵੇਗਾ। ਉਸਦਾ ਨਾਮ ਟਹਿਲ ਸਿੰਘ ਰੱਖੀ ਕਿਉਂਕਿ ਵੱਡਾ ਹੋਕੇ ਆਪਣੇ ਧਰਮ ਦੀ ਟਹਿਲ ਸੇਵਾ ਕਰੇਗਾ ਤੇ ਖਾਨਦਾਨ ਦਾ ਨਾਮ ਉੱਚਾ ਕਰੇਗਾ"। ਇਹ ਸੁਣਕੇ ਚੰਦਾ ਸਿੰਘ ਨੇ ਫ਼ਕੀਰ ਨੂੰ ਦਸ ਰੁਪੈ ਦਿੱਤੇ ਸਨ। ਪੁੱਤਰ ਪੈਦਾ ਹੋਣ ਦੀ ਖ਼ੁਸ਼ੀ ਨਾਲ ਉਸਦੇ ਪੈਰ ਭੁੰਜੇ ਨਹੀਂ ਲਗਾ ਰਹੇ ਸਨ। ਇਹ ਪੇਸ਼ੀਨਗੋਈ ਸੁਣ ਘਰ ਦੇ ਬਾਕੀ ਜੀ ਵੀ ਬਾਗੋ-ਬਾਗ ਹੋ ਗਏ ਸਨ।

ਦੀਵਾਲੀ ਨੂੰ ਚੰਨ ਚੜ੍ਹਿਆ

ਅਕਸਰ ਦੀਵਾਲੀ ਨੂੰ ਚੰਨ ਨਹੀਂ ਚੜ੍ਹਦੇ ਪਰੰਤੂ ਪਿੰਡ ਨਿਜ਼ਾਮਪੁਰਾ, ਸ਼ੇਖ਼ੂਪੁਰਾ ਬਾਰ ਵਿਚ ਦੀਵਾਲੀ ਵਾਲੀ ਕਾਲੀ ਬੋਲੀ ਰਾਤ ਨੂੰ ਸੁਭਾ ਚਾਰ ਵਜੇ ਨੂੰ ਸ: ਚੰਦਾ ਸਿੰਘ ਧੰਜੂ ਦੇ ਘਰ ਇਕ ਅਜਿਹਾ ਚੰਦ ਚੜ੍ਹਿਆ ਜਿਸਨੇ ਪਿੰਡ ਵਿੱਚ ਹੀ ਨਹੀਂ, ਇਲਾਕੇ ਦੇ ਹਨ੍ਹੇਰ ਨੂੰ ਦੂਰ ਕਰ ਕਰਨ ਦਾ ਜ਼ੁੰਮਾ ਲੈਣਾ ਸੀ। ਪਲੇਠੀ ਦੇ ਪੁੱਤਰ ਦੀ ਆਮਦ ਵਿੱਚ ਪਿਤਾ ਚੰਦਾ ਸਿੰਘ ਆਤਿਸ਼ਬਾਜੀ ਚਲਾਉਂਦਾ ਰਿਹਾ ਤੇ ਸਾਰੀ ਹਵੇਲੀ ਵਿੱਚ ਦੀਪ ਮਾਲਾ ਕਰਦਾ ਰਿਹਾ। ਪਾਰਖੂ ਨਜ਼ਰ ਵਾਲਿਆਂ ਵੇਖਕੇ ਆਖਿਆ ਕਿ ਇਹ ਕੋਈ ਸਧਾਰਨ ਬਾਲਕ ਨਹੀਂ ਇਹ ਵੱਡਾ ਹੋ ਕੇ ਚੰਨ ਵਾਂਗ ਚਮਕੇਗਾ। ਘਰ ਦਾ ਵਾਰਿਸ ਪੈਦਾ ਹੋਇਆ ਸੀ ਸਾਰਾ ਪਰਿਵਾਰ ਖ਼ੁਸ਼ੀਆਂ ਨਾਲ ਖੇਡਣ ਲਗਾ।

ਜਦੋਂ ਟਹਿਲ ਸਿੰਘ ਪੰਜ ਕੁ ਸਾਲ ਦਾ ਹੋਇਆ ਤਾਂ ਪਿਤਾ ਨੇ ਉਸਦਾ ਚਮਕਦਾ ਚਿਹਰਾ ਵੇਖਕੇ ਸੋਚਿਆ ਕਿ ਉਸਨੂੰ ਕਿਸੇ ਮਦਰਸੇ ਵਿੱਚ ਭੇਜਿਆ ਜਾਵੇ ਪਰ ਇਸ ਪਿੰਡ ਦੇ ਬਾਰਾਂ ਕੋਹਾਂ ਦੀ ਦੂਰੀ ਤੇ ਵੀ ਕੋਈ ਸਕੂਲ ਨਹੀਂ ਸੀ। ਇਸ ਲਈ ਉਸਨੂੰ ਪੜ੍ਹਾਉਣ ਦਾ ਖਿਆਲ ਤਿਆਗਣਾ ਪਿਆ। ਟਹਿਲ ਸਿੰਘ ਸਰੀਰ ਦਾ ਰਿਸ਼ਟਪੁਸ਼ਟ ਸੀ। ਪਿਤਾ ਨੇ ਸਮੇਂ ਦੇ ਰੁਝਾਨ ਅਨੁਸਾਰ ਸੋਚਿਆ ਕਿ ਮੁੰਡੇ ਨੂੰ ਪਹਿਲਵਾਨੀ ਵਿੱਚ ਪਾਇਆ ਜਾਵੇ। ਘਰ ਵਿੱਚ ਲਵੇਰਾ ਵਾਧੂ ਸੀ। ਇਸ ਲਈ ਟਹਿਲੇ ਦੀ ਖ਼ੁਰਾਕ ਵਲ ਖਾਸ ਤਵਜੋਂ ਦਿੱਤੀ ਜਾਣ ਲਗੀ। ਜਦੋਂ ਉਹ ਦਸ ਸਾਲ ਦਾ ਹੋਇਆ ਤਾਂ ਉਹ ਆਪਣੇ ਹਾਣੀਆਂ ਨੂੰ ਅਸਾਨੀ ਢਾਹ ਸਕਦਾ ਸੀ। ਉਹ ਸੁਭਾਅ ਦਾ ਕਾਹਲਾ ਸੀ। ਜਿਹੜਾ ਵੀ ਉਸਦਾ ਹਾਣੀ ਜਾਂ ਯਾਰ ਬੇਲੀ ਉਸ ਨਾਲ ਆਕੜਦਾ ਤਾਂ ਉਸਨੂੰ ਉਹ ਖ਼ੂਹਬ ਤੌਣੀ ਲਾਉਂਦਾ ਸੀ। ਚੰਦਾ ਸਿੰਘ ਕੋਲ ਇਸਦੇ ਉਲਾਮੇ ਵੀ ਆਉਣ ਲਗੇ। ਇਕ ਗਵਾਂਢੀ ਕਹਿਣ ਲਗਾ, "ਚੰਦਾ ਸਿਆਂ ਮੁੰਡੇ ਨੂੰ ਘੱਟ ਖਵਾਇਆ ਕਰ। ਇਹ ਸਾਰਾ ਜ਼ੋਰ ਸਾਡੇ ਨਿਆਣੇ ਕੁਟਣ ਵਲ ਈ ਲਾਈ ਜਾਂਦਾ ਏ।" ਚੰਦਾ ਸਿੰਘ ਹੱਸ ਕੇ ਇਹ ਗਲ ਟਾਲ ਛੱਡਦਾ ਪਰ ਟਹਿਲੇ ਦੀ ਮਾਂ ਉਸਨੂੰ ਅਕਸਰ ਹਦਾਇਤ ਕਰਦੀ ਪੁੱਤ, ਗਵਾਂਢੀ ਤਾਂ ਤੇਰੇ ਭਰਾ ਨੇ। ਭਰਾਵਾਂ ਨਾਲ ਲੜੀਦਾ ਭਿੜੀਦਾ ਨਹੀਂ। ਚੰਗੇ ਮੁੰਡੇ ਏਦਾਂ ਨਹੀਂ ਕਰਦੇ। ਆਪਣਾ ਜ਼ੋਰ ਖਾੜੇ ਵਿੱਚ ਅਜ਼ਮਾਇਆ ਕਰੀਂ, ਟਹਿਲ ਸਿੰਘ ਮਾਂ ਦੀਆਂ ਗਲਾਂ ਨੂੰ ਗੰਭੀਰਤਾ ਨਾਲ ਲੈਣ ਲਗਾ। ਹੌਲੀ-ਹੌਲੀ ਉਸਨੇ ਭਲਵਾਨੀ ਦਾ ਖਿਆਲ ਤਿਆਗ ਦਿੱਤਾ ਤੇ ਪਿੰਡ ਦੇ ਮੁੰਡਿਆਂ ਨਾਲ ਸਲੂਕ ਨਾਲ ਰਹਿਣ ਲਗਾ। ਉਸਦੀ ਖ਼ੁਰਾਕ ਵੀ ਘਟ ਗਈ ਤੇ ਉਹ ਵਡਿਆਂ ਦੀ ਸਿਖਿਆ ਨੂੰ ਗੰਭੀਰਤਾ ਨਾਲ ਲੈਣ ਲਗਾ।

ਉਸਦੇ ਤਿੰਨ ਭਰਾ ਤੇ ਇਕ ਭੈਣ ਹੋਰ ਵੀ ਸਨ, ਜੋ ਸਾਰੇ ਉਸ ਤੋਂ ਛੋਟੇ ਸਨ। ਉਹ ਆਪਣੇ ਭੈਣਾਂ ਭਰਾਵਾਂ ਨੂੰ ਵੱਡਿਆਂ ਵਾਂਗ ਪ੍ਰੇਮ ਕਰਦਾ ਤੇ ਉਹ ਵੀ ਅਗੋਂ ਟਹਿਲ ਸਿੰਘ ਦੇ ਪੂਰੇ ਕਹਿਣੇ ਵਿੱਚ ਸਨ। ਚੰਦਾ ਸਿੰਘ ਆਖਿਆ ਕਰਦਾ ਸੀ, "ਜੇਕਰ ਏਸ ਮੁੰਡੇ ਨੂੰ ਪੜ੍ਹਾਇਆ ਜਾਂਦਾ ਤਾਂ ਇਸ ਨੇ ਬੜੀ ਤਰੱਕੀ ਕਰਨੀ ਸੀ ਕਿਉਂਕਿ ਉਸਦਾ ਦਿਮਾਗ ਬੜਾ ਤੇਜ ਸੀ ਤੇ ਯਾਦ ਸ਼ਕਤੀ ਬੜੀ ਤੀਬਰ ਸੀ। ਪਰ ਉਸ ਜ਼ਮਾਨੇ ਵਿੱਚ ਪੜ੍ਹਾਈ ਲਿਖਾਈ ਦਾ ਕੋਈ ਪ੍ਰਬੰਧ ਨਹੀਂ ਸੀ। ਕੇਵਲ ਵੱਡੇ-ਵੱਡੇ ਸ਼ਹਿਰਾਂ ਵਿੱਚ ਸਕੂਲ ਖੁਲੇ ਹੋਏ ਸਨ। ਇਸ ਲਈ ਚੰਦਾ ਸਿੰਘ ਦੀ ਇਹ ਰੀਝ, ਆਪਣੇ ਪਰਿਵਾਰ ਦੇ ਕਿਸੇ ਜੀਅ ਨਾਲ ਪੂਰੀ ਨਾ ਹੋ ਸਕੀ। ਲਾਗੇ ਲਾਗੇ ਪਿੰਡਾਂ ਵਿੱਚ ਕੋਈ ਪੜ੍ਹਦਾ ਲਿਖਦਾ ਨਹੀਂ ਸੀ। ਕਿਸਾਨੀ ਵਿੱਚ ਸਮਝਿਆ ਜਾਂਦਾ ਸੀ ਕਿ ਤਲੀਮ ਹਾਸਿਲ ਕਰਨੀ ਕੇਵਲ ਖਤਰੀਆਂ ਬਾਹਮਣਾਂ ਦਾ ਕੰਮ ਹੈ। ਜੇਕਰ ਕਿਸੇ ਜ਼ਿਮੀਦਾਰ ਦਾ ਲੜਕਾ ਪੜ੍ਹਨ ਵੱਲ ਗਲ ਜਾਵੇ ਤਾਂ ਉਹ ਵਾਹੀ ਖੇਤੀ ਕਰਨ ਦੇ ਯੋਗ ਨਹੀਂ ਰਹੇਗਾ। ਇਸ ਲਈ ਬਹੁਤੇ ਲੋਕ ਇਹ ਖ਼ਤਰਾ ਸਹੇੜਨਾ ਨਹੀਂ ਚਾਹੁੰਦੇ ਸਨ। ਪੜ੍ਹਾਈ ਵਿੱਚ ਪਾਕੇ ਉਹ ਆਪਦੇ ਬੱਚਿਆਂ ਨੂੰ ਵਿਗਾੜਨਾ ਨਹੀਂ ਚਾਹੁੰਦੇ ਸਨ। ਇਹ ਸੋਚ ਉਸ ਸਮੇਂ ਦੀ ਤਰਾਸਦੀ ਸੀ।

ਪਰ ਘਰ ਵਾਲੇ ਅਜੇ ਵੀ ਉਹਨੂੰ ਭਲਵਾਨ ਬਣਾਉਣਾ ਚਾਹੁੰਦੇ ਸਨ। ਪਿਤਾ ਨੇ ਇਕ ਤੋੜਾ ਬਦਾਮਾਂ ਦਾ ਉਸ ਵਾਸਤੇ ਉਚੇਚਾ ਮੰਗਵਾਇਆ। ਪਿੰਡ ਦੇ ਤਿੰਨ ਮੁੰਡੇ ਹੋਰ ਵੀ ਭਲਵਾਨੀ ਵਿੱਚ ਪਏ ਹੋਏ ਸਨ। ਅੰਬ ਵਾਲੀ ਪੈਲੀ ਦੀ ਨੁਕੱਰ ਤੇ ਟਹਿਲ ਸਿੰਘ ਲਈ ਇਕ ਅਖਾੜਾ ਤਿਆਰ ਕੀਤਾ ਹੋਇਆ ਸੀ। ਇਸ ਅਖਾੜੇ ਵਿੱਚ ਪਿੰਡ ਦੇ ਦੂਜੇ ਮੁੰਡੇ ਵੀ ਜ਼ੋਰ ਕਰਨ ਆਇਆ ਕਰਦੇ ਸਨ। ਜਦੋਂ ਸਵੇਰੇ ਸਵੱਖਤੇ ਜ਼ੋਰ ਕਰ ਰਹੇ ਹੁੰਦੇ ਤਾਂ ਚੰਦਾ ਸਿੰਘ ਅਖਾੜੇ ਲਾਗੇ ਖਲੋ ਸਭਨਾਂ ਦੀ ਕੁਸ਼ਤੀ ਕਰਵਾਉਂਦਾ ਤੇ ਬਹੁਤ ਖੁਸ਼ ਹੁੰਦਾ। ਪਿੰਡ ਦੀ ਮੁੰਡੀਰ ਵੀ ਇਹਨਾਂ ਦੀ ਕੁਸ਼ਤੀ ਵੇਖਣ ਆ ਜਾਂਦੇ ਸਨ। ਇਹ ਜ਼ੋਰ ਅਜ਼ਮਾਈ ਤੇ ਕਸਰਤ ਸਿਆਲ ਹੁਨਾਲ ਨਿਰੰਤਰ ਚਲਦੀ ਰਹਿੰਦੀ ਸੀ। ਟਹਿਲ ਸਿੰਘ ਜਦੋਂ ਅਠਾਰਾਂ ਸਾਲ ਦਾ ਹੋਇਆ ਤਾਂ ਕੁਟੀਆ ਬਾਵਾ ਚੇਤਨ ਦਾਸ ਦੇ ਸਲਾਨਾ ਮੇਲੇ ਸਮੇਂ ਭਲਵਾਨਾਂ ਦੀ ਛਿੰਜ ਪੈਂਦੀ ਸੀ। ਲਾਗੇ-ਲਾਗੇ ਪਿੰਡਾਂ ਤੋਂ ਜ਼ੋਰ ਅਜ਼ਮਾਈ ਲਈ ਪਹਿਲਵਾਨ ਇਸ ਛਿੰਝ ਵਿੱਚ ਹਿੱਸਾ ਲੈਂਦੇ ਸਨ। ਜਦੋਂ ਐਦਕੀ ਛਿੰਜ ਪਈ ਤਾਂ ਟਹਿਲ ਸਿੰਘ ਵੀ ਮੈਦਾਨ ਵਿੱਚ ਨਿਤਰਿਆ। ਇਲਾਕੇ ਦੇ ਇਕ ਨਾਮੀ ਪਹਿਲਵਾਨ ਨੇ ਰੁਮਾਲੀ ਫੇਰਕੇ ਸਭਨੂੰ ਵੰਗਾਰਿਆ। ਕੋਈ ਵੀ ਪਹਿਲਵਾਨ ਉਸ ਨਾਲ ਕੁਸ਼ਤੀ ਕਰਕੇ ਢੱਠਣਾ ਨਹੀਂ ਚਾਹੁੰਦਾ ਸੀ। ਉਸ ਪਹਿਲਵਾਨ ਦਾ ਨਾਮ ਘੁੱਦਾ ਸੀ। ਉਸਨੇ ਕਈ ਅਖਾੜਿਆਂ ਵਿੱਚ ਸੁਕੀ ਰੁਮਾਲੀ ਖੜੀ ਸੀ। ਚੰਦਾ ਸਿੰਘ ਨੇ ਮੌਕਾ ਸੰਭਾਲਦੇ ਹੋਏ, ਟਹਿਲੇ ਨੂੰ ਉਸ ਨਾਲ ਘੁਲਣ ਲਈ ਆਖਿਆ। ਟਹਿਲੇ ਦੇ ਪਹਿਲਾਂ ਹੀ ਡੋਲੇ ਫਰਕ ਰਹੇ ਸਨ। ਉਹ ਛਾਲਾਂ ਮਾਰਦਾ ਮੈਦਾਨ ਵਿੱਚ ਆ ਗਿਆ। ਉਥੇ ਪਹਿਲਾਂ ਹੀ ਘੁੱਦਾ ਤਿਆਰ-ਬਰ-ਤਿਆਰ ਖੜਾ ਸੀ।

ਸਭ ਸੋਚਦੇ ਸਨ ਕਿ ਟਹਿਲੇ ਨੂੰ ਘੁੱਦੇ ਨੇ ਸਿੰਟਾ ਸਕਿੰਟਾਂ ਵਿੱਚ ਢਾਹ ਲੈਣਾ ਹੈ। ਪਰ ਟਹਿਲ ਸਿੰਘ ਬੜੇ ਮਜਬੂਤ ਇਰਾਦੇ ਵਾਲਾ ਸੀ। ਉਹ ਗੁੱਝਾ ਰੁਸਤਮ ਨਿਕਲਿਆ। ਘੁੱਦਾ ਸਰੀਰ ਵਿੱਚ ਵੀ ਟਹਿਲੇ ਨਾਲੋਂ ਭਰਾਵਾਂ ਤੇ ਤਗੜਾ ਲਗਦਾ ਸੀ। ਉਸਦਾ ਕੱਦ ਵੀ ਟਹਿਲੇ ਨਾਲੋਂ ਲੰਮਾ ਸੀ। ਖ਼ੈਰ ਕੁਸ਼ਤੀ ਸ਼ੁਰੂ ਹੋਈ। ਸ਼ੁਰੂ ਹੁੰਦਿਆਂ ਹੀ ਟਹਿਲਾ ਘੁੱਦੇ ਦੇ ਥਲੇ ਲੰਮਾ ਪੈ ਗਿਆ। ਲੋਕਾਂ ਸੋਚਿਆ ਕਿ ਉਹ ਢੱਠਾ ਕਿ ਢੱਠਾ। ਘੁੱਦਾ ਉਤੋਂ ਉਸਨੂੰ ਮੂਦਿਆਂ ਕਰਨ ਦੀ ਲਗਾਤਾਰ ਕੋਸ਼ਿਸ਼ ਕਰ ਰਿਹਾ ਸੀ ਪਰ ਟਹਿਲਾ ਉਸ ਥਲੇ ਡਟਿਆ ਰਿਹਾ। ਫਿਰ ਯੱਕਦਮ ਟਹਿਲੇ ਨੇ ਹੇਠੋਂ ਬੁੜਕੜੀ ਮਾਰੀ ਤੇ ਉਹ ਘੁੱਦੇ ਉੱਪਰ ਸਵਾਰ ਹੋ ਗਿਆ। ਉਸਨੇ ਘੁੱਦੇ ਨੂੰ ਠਿਬੀ ਮਾਰੀ ਤੇ ਉਸਨੂੰ ਥਲੇ ਸੁਟ ਲਿਆ ਤੇ ਡਿਗਦਿਆਂ ਸਾਰ ਹੀ ਉਸਦੀ ਕੰਡ ਲਾ ਦਿੱਤੀ। ਘੁੱਦੇ ਦੇ ਹਮਾਇਤੀ ਅਖਾੜੇ ਵਿੱਚ ਆ ਗਏ ਤੇ ਕਹਿਣ ਲਗੇ ਕਿ ਟਹਿਲੇ ਨੇ ਉਸਦੀ ਧੌਣ ਮਰੋੜੀ ਹੈ। ਇਸ ਲਈ ਉਸਨੇ ਕੁਸ਼ਤੀ ਦੇ ਅਸੂਲਾਂ ਨੂੰ ਭੰਗ ਕੀਤਾ ਹੈ। ਪਰ ਉਹਨਾਂ ਦੀ ਸੁਣਨ ਵਾਲਾ ਕੋਈ ਵਿਰਲਾ ਹੀ ਸੀ। ਢੋਲਾਂ ਨਾਲ ਸਾਰੇ ਦਰਸ਼ਕ ਟਹਿਲੇ ਦੀ ਫਤਹਿ ਦਾ ਜਸ਼ਨ ਮਨਾ ਰਹੇ ਸਨ। ਦੋ ਜਾਣਿਆਂ ਨੇ ਉਸਨੂੰ ਮੋਢਿਆਂ ਤੇ ਚੁੱਕਿਆ ਹੋਇਆ ਤੇ ਮਗਰ-ਮਗਰ ਟਹਿਲੇ ਦੇ ਪਿੰਡ ਦੇ ਲੋਕ ਭੰਗੜਾ ਪਾਉਂਦੇ ਆਪਣੇ ਪਿੰਡ ਵੱਲ ਜਾ ਰਹੇ ਸਨ। ਸਾਰੇ ਜਾਣੇ ਟਹਿਲੇ ਨੂੰ ਨੋਟਾਂ ਨਾਲ ਸ਼ਾਬਾਸ਼ ਦੇ ਰਹੇ ਸਨ 'ਚੰਦਾ ਸਿੰਘ ਦੀ ਖ਼ੁਸ਼ੀ ਦਾ ਕੋਈ ਅੰਤ ਨਹੀਂ ਸੀ। ਉਸਨੇ ਘਰ ਆਕੇ ਸਭਨਾਂ ਨੂੰ ਦੁੱਧ ਨਾਲ ਲਡੂ ਖਵਾਏ। ਟਹਿਲ ਸਿੰਘ ਨੇ ਪਿੰਡ ਦੀ ਇਜ਼ਤ ਰੱਖ ਲਈ ਸੀ। ਸਾਰੇ ਇਲਾਕੇ ਵਿੱਚ ਉਸਦੀ ਤੂਤੀ ਵਜਣ ਲਗੀ।

ਅਗਲੇ ਸਾਲ ਨਵੰਬਰ ਵਿੱਚ ਨਨਕਾਣੇ ਸਾਹਿਬ ਦਾ ਮੇਲਾ ਆਇਆ। ਉਥੇ ਵੀ ਹਰ ਵਰੇ ਛਿੰਜ ਪੈਂਦੀ ਸੀ। ਤਿੜਿਆ ਤਿੜਿਆ ਟਹਿਲ ਸਿੰਘ ਵੀ ਪਿੰਡ ਦੇ ਭਲਵਾਨਾਂ ਨਾਲ ਮੇਲਾ ਵੇਖਣ ਗਿਆ। ਪਹਿਲਾਂ ਉਹ ਛੋਟੇ ਹੁੰਦਿਆਂ ਨਨਕਾਣਾ ਸਾਹਿਬ ਦੇ ਮੇਲੇ ਪਿਤਾ ਤੇ ਪਰਿਵਾਰ ਨਾਲ ਜਾਇਆ ਕਰਦਾ ਸੀ ਪਰ ਐਦਕੀ ਉਸਦਾ ਪਿਤਾ ਕੁਝ ਢਿਲਾ ਮੱਠਾ ਸੀ, ਇਸ ਲਈ ਟਹਿਲ ਸਿੰਘ ਆਪਣੇ ਹਾਣੀਆਂ ਨਾਲ ਮੇਲਾ ਵੇਖਣ ਗਿਆ। ਉਹ ਸਭ ਤੋਂ ਪਹਿਲਾਂ ਗੁਰਦੁਵਾਰੇ ਗਏ ਤੇ ਮੱਥਾ ਟੇਕਿਆ ਤੇ ਬਾਬੇ ਅੱਗੇ ਅਰਦਾਸ ਕੀਤੀ ਕਿ ਕੁਸ਼ਤੀ ਵਿੱਚ ਉਸਦੀ ਜਿੱਤ ਹੋਵੇ। ਬਾਅਦ ਵਿੱਚ ਉਹ ਜਲੇਬੀਆਂ ਖਾਂਦੇ ਰਹੇ ਤੇ ਮੇਲੇ ਦੀਆਂ ਮੌਜਾਂ ਮਾਣਦੇ ਰਹੇ। ਸ਼ਾਮ ਨੂੰ ਹਰ ਸਾਲ ਵਾਂਗ ਛਿੰਜ ਪਈ ਤੇ ਟਹਿਲ ਸਿੰਘ ਵੀ ਇਕ ਭਲਵਾਨ ਬੇਲੀ ਰਾਮ ਨਾਲ ਘੁਲਣ ਲਈ ਤਿਆਰ ਹੋ ਗਿਆ। ਬੇਲੀ ਰਾਮ ਸੱਚੇ ਸੌਦੇ ਦਾ ਨਾਮੀ ਭਲਵਾਨ ਸੀ। ਟਹਿਲ ਸਿੰਘ ਦਾ ਨਾਮ ਉਸ ਨੇ ਸੁਣਿਆ ਹੋਇਆ। ਦੋਹਵੇਂ ਭਲਵਾਨ ਪੂਰੇ ਤਾਅ ਵਿੱਚ ਸਨ। ਪੂਰੇ ਵਿਉਂ ਵਿੱਚ ਸਨ। ਦੋਹਵੇਂ ਇਕ ਦੂਜੇ ਨੂੰ ਲੱਤ ਥਕਿਉਂ ਕੱਢਣਾ ਚਾਹੁੰਦੇ ਸਨ। ਅਖ਼ੀਰ ਫੈਸਲਾ ਤਾਂ ਕੁਸ਼ਤੀ ਨੇ ਹੀ ਕਰਨਾ ਸੀ। ਵੇਖੋ ਊਠ ਕਿਸ ਕਰਵਟ ਬੈਠਦਾ ਹੈ।

ਹਮਾਇਤੀਆਂ ਦੀ ਹੱਲਾ ਸ਼ੇਰੀ ਤੇ ਤਾੜੀਆਂ ਦੀ ਗੂੰਜ ਨਾਲ ਦੋਹਵੇਂ ਭਲਵਾਨ ਅਖਾੜੇ ਵਿੱਚ ਉਤਰੇ। ਥਾਪੀਆਂ ਮਾਰਦੇ ਦੋਹਵੇਂ ਇਕ ਦੂਜੇ ਨੂੰ ਵੰਗਾਰ ਰਹੇ ਸਨ।

ਦੋਹਵਾਂ ਨੇ ਦਸਤ ਪੰਜਾ ਕੀਤਾ ਤੇ ਕੁਸ਼ਤੀ ਸ਼ੁਰੂ ਹੋ ਗਈ। ਪਹਿਲੇ ਪੰਜ ਮਿੰਟ ਤਾਂ ਉਹ ਇਕ ਵਜੇ ਉਪਰ ਵਾਰ ਕਰਦੇ ਰਹੇ ਪਰ ਕਿਸੇ ਨੂੰ ਕਾਮਯਾਬੀ ਨਾ ਮਿਲੀ। ਜਲਦੀ ਹੀ ਟਹਿਲ ਸਿੰਘ ਬੇਲੀ ਰਾਮ ਦੇ ਥਲੇ ਡਿਗ ਪਿਆ। ਬੇਲੀ ਰਾਮ ਦੇ ਹਮਾਇਤੀਆਂ ਨੇ ਖੜਗਿਲੀ ਮਚਾਈ ਤੇ ਰੌਲਾ ਪੌਣ ਲਗੇ। ਪਰ ਟਹਿਲ ਸਿੰਘ ਹੇਠਾਂ ਪਿਆ ਸਾਹ ਲੈ ਰਿਹਾ ਸੀ। ਉਸਨੇ ਦੋ ਚਾਰ ਮਿੰਟ ਹੇਠਾਂ ਪੈ ਕੇ ਸਾਹ ਲਿਆ ਤੇ ਪਲਾਂ ਵਿੱਚ ਉਹ ਬੇਲੀ ਰਾਮ ਦੇ ਉੱਪਰ ਹੋ ਗਿਆ। ਬੇਲੀ ਰਾਮ ਥਲੇ ਪਿਆ ਹੋਇਆ ਸੀ। ਆਪਣੇ ਪੂਰੇ ਤਾਣ ਨਾਲ ਉਸਨੇ ਬੇਲੀ ਰਾਮ ਦੀ ਦੇਹ ਨੂੰ ਉਲਟਾ ਕੇ ਉਸਦੀ ਕੰਡ ਲਵਾ ਦਿੱਤੀ। ਦਰਸ਼ਕਾਂ ਵਿੱਚ ਇਸ ਅਚਾਨਕ ਜਿੱਤ ਦਾ ਹੁਲਾਰਾ ਆਇਆ। ਬੇਲੀ ਰਾਮ ਵੇਖਦਾ ਰਹਿ ਗਿਆ ਪਰ ਟਹਿਲ ਸਿੰਘ ਆਪਣਾ ਦਾਅ ਲਗਾਕੇ ਕੁਸ਼ਤੀ ਜਿੱਤ ਕੇ ਆਪਣੇ ਹਮਾਇਤੀਆਂ ਵਿੱਚ ਜਾ ਖਲੋਤਾ। ਮੇਲੇ ਦੇ ਦਰਸ਼ਕ ਟਹਿਲ ਸਿੰਘ ਦੀ ਲਸਾਨੀ ਕੁਸ਼ਤੀ ਦਾ ਜਸ਼ਨ ਮਨਾ ਰਹੇ ਸਨ। ਕਈਆਂ ਨੇ ਟਹਿਲ ਸਿੰਘ ਤੋਂ ਨੋਟ ਵਾਰੇ ਤੇ ਉਸਨੂੰ ਸ਼ਾਬਾਸ਼ ਦਿੱਤੀ।

ਜਦੋਂ ਪਿੰਡ ਵਿੱਚ ਪਿਤਾ ਨੂੰ ਟਹਿਲੇ ਦੀ ਇਸ ਜਿੱਤ ਦੀ ਖ਼ਬਰ ਮਿਲ਼ੀ ਤਾਂ ਉਸਨੇ ਘਰ ਦਾ ਇਕ ਕੁੱਕੜ ਝਟਕਾਇਆ ਤੇ ਘਰ ਦੀ ਕੱਢੀ ਨਾਲ ਸਭਨਾਂ ਯਾਰਾਂ ਬੇਲੀਆਂ ਨਾਲ ਖ਼ੁਸ਼ੀ ਸਾਂਝੀ ਕਰਨ ਲੱਗਾ। ਅਜੇ ਸਭੇ ਜਾਣੇ ਖਾਪੀ ਰਹੇ ਸਨ ਕਿ ਟਹਿਲ ਸਿੰਘ ਆਪਣੇ ਸ਼ਾਥੀਆਂ ਨਾਲ ਪਿੰਡ ਪੁੱਜਾ ਤੇ ਸਭਨਾਂ ਉਸਦਾ ਪੁਰਜ਼ੋਰ ਸਵਾਗਤ ਕੀਤਾ। ਉਸ ਰਾਤ ਚੰਦਾ ਸਿੰਘ ਕਾਫ਼ੀ ਰਾਤ ਤੱਕ ਜਾਗਦਾ ਰਿਹਾ। ਉਹ ਸੋਚ ਰਿਹਾ ਸ਼ੀ ਕਿ ਉਸਦਾ ਮੁੰਡਾ ਟਹਿਲ ਸਿੰਘ ਕਿਸੇ ਦਿਨ ਮਸ਼ਹੂਰ ਭਲਵਾਨ ਬਣੇਗਾ ਤੇ ਖ਼ਾਨਦਾਨ ਦਾ ਨਾਮ ਰੌਸ਼ਨ ਕਰੇਗਾ। ਉਸਨੇ ਘਰਵਾਲੀ ਨਾਲ ਵੀ ਇਹ ਗਲ ਸਾਂਝੀ ਕੀਤੀ। ਦੋਹਵੇਂ ਜਾਣੇ ਟਹਿਲ ਸਿੰਘ ਦੀਆਂ ਜਿੱਤਾਂ ਦੀ ਅਰਦਾਸ ਕਰਨ ਲਗੇ ਕਿ ਵਾਹਿਗੁਰੂ ਉਹਨਾਂ ਦੀਆਂ ਹਸਰਤਾਂ ਪੂਰੀਆਂ ਕਰੇ। ਪਰ ਇਸ ਜਹਾਨ ਵਿੱਚ ਸਾਰੀਆਂ ਹਸਰਤਾਂ ਕਦੇ ਪੂਰੀਆਂ ਨਹੀਂ ਹੁੰਦੀਆਂ। ਭਾਣਾ ਇਹ ਵਰਤਿਆ ਕਿ ਟਹਿਲ ਸਿੰਘ ਨੂੰ ਨਹਿਰ ਵਿੱਚ ਨਹਾਉਂਦਿਆਂ ਇਕ ਲੋਹੇ ਦੇ ਥੰਮ ਨਾਲ ਸੱਟ ਲਗੀ। ਸੱਟ ਵੀ ਸਿਰ ਦੀ ਸੀ। ਉਹ ਪੂਰਾ ਇਕ ਸਾਲ ਮੰਜੇ ਤੇ ਰਿਹਾ ਤੇ ਸੁਕ ਕੇ ਤੀਲਾ ਹੋ ਗਿਆ। ਅਖ਼ੀਰ ਮਹੰਤ ਮੂਲ ਸਿੰਘ ਦੀ ਦਵਾਈ ਨਾਲ ਉਸਨੂੰ ਅਰਾਮ ਆਇਆ ਤੇ ਉਹ ਤੁਰਨ ਫਿਰਨ ਜੋਗਾ ਹੋਇਆ। ਭਲਵਾਨੀ ਦੇ ਸੁਪਨੇ ਖੰਭ ਲਾ ਕੇ ਉੱਡ ਗਏ। ਘਰਦਿਆਂ ਸ਼ੁਕਰ ਕੀਤਾ ਕਿ ਮੁੰਡਾ ਰਾਜੀ ਬਾਜੀ ਹੋਇਆ ਹੈ। ਪਰ ਇਸ ਸੱਟ ਨਾਲ ਭਲਵਾਨੀ ਦਾ ਕਿੱਤਾ ਉਸ ਨਾਲ ਰੁਸ ਗਿਆ ਸੀ। ਕਰਮਾਂ ਦੇ ਖੇਲ ਜਾਣਕੇ ਟਹਿਲ ਸਿੰਘ ਪਿਤਾ ਨਾਲ ਵਾਹ ਜੋਤੀ ਕਰਨ ਲਗਾ। ਮਾਤਾ-ਪਿਤਾ ਬਹੁਤ ਮਾਯੂਸ ਹੋਏ। ਪਿਤਾ ਖ਼ਾਸ ਕਰਕੇ। ਪਰ ਇਹ ਜਾਣਕੇ ਇਹ ਸਭ ਕੁਝ ਉਹਦੇ ਭਾਣੇ ਵਿੱਚ ਹੋ ਰਿਹਾ ਏ। ਇਸ ਲਈ ਉਸਨੂੰ ਮਿਠਾ ਮੰਨ ਕੇ ਹੀ ਕਬੂਲ ਕਰਨਾ ਪਿਆ।

ਚੜ੍ਹਦੀ ਕਲਾ ਦਾ ਮੁੱਜਸਮਾ

ਬਾਰ ਵਿੱਚ ਅੰਮ੍ਰਿਤਸਰੋਂ ਆ ਕੇ ਵਸੇ ਤਿੰਨ ਨਿਜ਼ਾਮਪੁਰੇ ਸਨ। ਅੰਮ੍ਰਿਤਸਰ ਲਾਗੇ ਇਕ ਪਿੰਡ ਨਿਜ਼ਾਮਪੁਰਾ ਸੀ, ਇਧਰ ਆ ਕੇ ਤਿੰਨ ਨਿਜ਼ਾਮਪੁਰੇ ਬਣ ਗਏ। ਨਿਜ਼ਾਮਪੁਰ ਦੇਵਾ ਸਿੰਘ ਵਾਲਾ, ਮੂਲਾ ਸਿੰਘ ਵਾਲਾ ਤੇ ਚੇਲਿਆਂ ਵਾਲਾ। ਇਹਨਾਂ ਤਿੰਨਾਂ ਪਿੰਡਾ ਦੇ ਵਿਚਕਾਰ ਇਕ ਉਦਾਸੀ ਸੰਤ ਦੀ ਕੁਟੀਆ ਸੀ, ਜਿਥੇ ਹਰ ਸਾਲ ਮੇਲਾ ਲਗਦਾ ਸੀ। ਜਿਥੇ ਮਹੰਤ ਦੇ ਕਈ ਉਦਾਸੀ ਚੇਲੇ ਵੀ ਰਹਿੰਦੇ ਸਨ। ਇਹ ਗੁਰਮੁਖੀ ਜਾਣਦੇ ਸਨ। ਟਹਿਲ ਸਿੰਘ ਦਾ ਇਹਨਾਂ ਸਾਧੂਆਂ ਨਾਲ ਬਹਿਣ ਖਲੋਣ ਵਧ ਗਿਆ। ਉਸਨੇ ਆਪਣੀ ਉਮਰ ਦੇ ਅੱਠ ਦਸ ਮੁੰਡੇ ਇਕੱਠੇ ਕੀਤੇ ਤੇ ਮਹੰਤ ਦੀ ਦੇਖ-ਰੇਖ ਹੇਠ ਪੰਜਾਬੀ ਪੜ੍ਹਨ ਲਗੇ। ਉਸ ਸਮੇਂ ਵਿੱਚ ਕਿਸਾਨਾਂ ਵਿੱਚ ਪੜ੍ਹਨ ਖਿਲਣ ਦਾ ਰਿਵਾਜ ਨਹੀਂ ਸੀ। ਦੋ ਲੜਕਿਆਂ ਦੇ ਪਿਤਾ ਕੁਟੀਆ ਆਏ ਤੇ ਆਪਣੇ ਮੁੰਡਿਆਂ ਨੂੰ ਪੜ੍ਹਦਿਆਂ ਵੇਖਕੇ ਰੋਹ ਵਿੱਚ ਆ ਗਏ। ਉਹ ਸੋਚਦੇ ਸਨ ਕਿ ਟਹਿਲਾ ਭਲਵਾਨ ਉਹਨਾਂ ਦੇ ਮੁੰਡਿਆਂ ਨੂੰ ਕੁਰਾਹੇ ਪਾ ਰਿਹਾ ਏ। ਉਹਨਾਂ ਦਾ ਖ਼ਿਆਲ ਸੀ ਕਿ ਜੇਕਰ ਉਹਨਾਂ ਦੇ ਮੁੰਡੇ ਪੜ੍ਹ ਲਿਖ ਗਏ ਤਾਂ ਵਾਹੀ ਖੇਤੀ ਕਰਨ ਜੋਗ ਨਹੀਂ ਰਹਿਣਗੇ। ਭੁਖੇ ਮਰਨਗੇ। ਇਸ ਲਈ ਉਹਨਾਂ ਨੇ ਆਪਣੇ ਮੁੰਡਿਆਂ ਦੇ ਸਾਹਮਣੇ ਹੀ ਕਾਇਦੇ ਪਾੜ ਦਿੱਤੇ ਤੇ ਮੁੰਡਿਆਂ ਨੂੰ ਗਾਲਾਂ ਕੱਢਦੇ ਅਗੇ ਲਾ ਕੇ ਲੈ ਗਏ। ਉਹਨਾਂ ਟਹਿਲ ਸਿੰਘ ਦੇ ਪਿਤਾ ਨੂੰ ਸ਼ਿਕਾਇਤ ਕੀਤੀ ਕਿ ਉਹ ਕਿਹੜੇ ਯੁਗ ਦਾ ਉਹਨਾਂ ਕੋਲੋਂ ਬਦਲਾ ਲੈ ਰਿਹਾ ਏ। ਚੰਦਾ ਸਿੰਘ ਨੇ ਉਹਨਾਂ ਨੂੰ ਬਥੇਰਾ ਸਮਝਾਇਆ ਕਿ ਵਿਦਿਆ ਇਨਸਾਨ ਲਈ ਜ਼ਰੂਰੀ ਹੈ। ਇਸ ਤੋਂ ਬਿਨਾਂ ਬੰਦਾ ਰਬ ਨੂੰ ਪਛਾਣ ਨਹੀਂ ਸਕਦਾ। ਉਸ ਨਾਲ ਜੁੜ ਨਹੀਂ ਸਕਦਾ। ਪਰ ਉਹ ਦੋਵੇਂ ਜਾਣੇ, ਚੰਦਾ ਸਿੰਘ ਦੀ ਨਸੀਹਤ ਨੂੰ ਫਜ਼ੂਲ ਬਕਵਾਸ ਸਮਝ ਕੇ ਆਪਣੇ ਘਰਾਂ ਨੂੰ ਚੱਲ ਪਏ। ਰਾਹ ਵਿੱਚ ਇਕ ਜਾਣੇ ਨੇ ਆਪਣੇ ਮੁੰਡੇ ਨੂੰ ਪੁਰਾਣੀਆਂ ਨਾਲ ਕੁਟਿਆ। ਉਸਦਾ ਕਹਿਣਾ ਸੀਂ ਕਿ ਉਹਦੇ ਮੁੰਡੇ ਦੇ ਕੁਟੀਆ ਜਾਣ ਕਰਕੇ ਦੋ ਪੈਲੀਆਂ ਦਾ ਵੱਤਰ ਸੁਕ ਗਿਆ ਏ। ਉਸਦਾ ਮੁੰਡਾ ਪ੍ਰਾਣੀਆ ਖਾ ਕੇ ਵੀ ਚੁੱਪ ਕਰਕੇ ਹਲ ਲੈ ਕੇ ਪੈਲੀਆਂ ਨੂੰ ਤੁਰ ਪਿਆ।

ਦੂਜੇ ਪਾਸੇ ਟਹਿਲ ਸਿੰਘ ਨੁ ਕੁਝ ਹੋਰ ਮੁੰਡਿਆਂ ਨੂੰ ਪ੍ਰੇਰਿਆ ਤੇ ਜਮਾਤ ਵਿੱਚ ਪੜ੍ਹਨ ਵਾਲੇ ਵੀਹ ਕੁ ਜਾਣੇ ਹੋ ਗਏ। ਇਕ ਦੋ ਨੂੰ ਛੱਡ ਕੇ ਬਾਕੀ ਸਭ ਛੇ ਮਹੀਨਿਆਂ ਵਿੱਚ ਪੂਰੀ ਤਰ੍ਹਾਂ ਪੜ੍ਹਨਾ ਸਿੱਖ ਗਏ। ਫਿਰ ਸੰਤ ਨੇ ਇਹਨਾਂ ਨੂੰ ਪਾਠ ਕਰਨਾ ਸਿਖਾਇਆ ਤੇ ਸਾਰੇ ਜਾਣੇ ਤਿੰਨ ਕੁ ਮਹੀਨਿਆਂ ਵਿੱਚ ਹਰ ਤਰ੍ਹਾਂ ਦਾ ਪਾਠ ਕਰਨ ਲਗ ਪਏ। ਇਹਨਾਂ ਵਿਚੋਂ ਕਈ ਜਾਣੇ ਤਾਂ ਪਿੰਡਾ ਵਿੱਚ ਭਾਈ ਦੀ ਨੌਕਰੀ ਕਰਨ

ਲਗੇ। ਉਹਨੀ ਦਿਨੀਂ ਅਜਿਹੇ ਪੜ੍ਹਿਆਂ ਲਿਖਿਆਂ ਦੀ ਸਖ਼ਤ ਜ਼ਰੂਰਤ ਸੀ। ਵਾਹੀ ਖੇਤੀ ਦਾ ਕੰਮ ਬਹੁਤ ਸਖ਼ਤ ਤੇ ਕਠਿਨ ਸੀ। ਭਾਈ ਪੁਣਾਂ ਕਰਕੇ ਉਹਨਾਂ ਨੇ ਸੁਖ ਦਾ ਸਾਹ ਲਿਆ। ਬਾਬਾ ਅਟੱਲ ਤੇ ਪੱਕੀਆਂ ਪਕਾਈਆਂ ਘਲ ਵਾਲੀ ਗੱਲ ਬਣ ਗਈ।

ਪਰ ਟਹਿਲ ਸਿੰਘ ਭਾਈ ਨਹੀਂ ਬਣਿਆ। ਉਸਨੇ ਆਪਣੀ ਪੜ੍ਹਾਈ ਨੂੰ ਧਰਮ ਦੇ ਲੇਖੇ ਲਾਉਣ ਲਈ ਸੋਚਿਆ ਉਸਨੇ ਨਨਕਾਣੇ ਜਾ ਕੇ ਸਿੱਖ ਧਰਮ ਨਾਲ ਸੰਬੰਧਿਤ ਬਹੁਤ ਸਾਰੀਆਂ ਪੁਸਤਕਾਂ ਖਰੀਦੀਆਂ। ਇਸ ਸੰਬੰਧੀ ਵਿੱਚ ਉਹ ਅੰਮ੍ਰਿਤਸਰ ਵੀ ਗਿਆ। ਉੱਥੇ ਉਸਦੇ ਕਈ ਰਿਸ਼ਤੇਦਾਰ ਰਹਿੰਦੇ ਸਨ। ਉਹ ਏਥੇ ਰਹਿ ਕੇ ਕਈ-ਕਈ ਦਿਨ ਸਿੱਖ ਇਤਿਹਾਸ ਸੰਬੰਧੀ ਪੁਸਤਕਾਂ ਪੜ੍ਹਦਾ ਰਹਿੰਦਾ ਸੀ। ਹੌਲੀ-ਹੌਲੀ ਸਿੱਖ ਧਰਮ ਤੇ ਇਤਿਹਾਸ ਬਾਰੇ ਉਸਦੀ ਜਾਣਕਾਰੀ ਬਹੁਤ ਡੂੰਘੀ ਤੇ ਵਿਸ਼ਾਲ ਹੋ ਗਈ। ਉਸਦਾ ਵਾਹੀ ਖੇਤੀ ਵਲ ਕੋਈ ਧਿਆਨ ਨਹੀਂ ਸੀ। ਇਸ ਕਾਰਨ ਉਸਦਾ ਪਿਤਾ ਤੇ ਭਰਾ ਬਹੁਤ ਨਰਾਜ਼ ਸਨ। ਪਿਤਾ ਨਾਲ ਉਸਦੇ ਖਿਆਲੀ ਮੱਤਭੇਦ ਦਿਨੋ ਦਿਨ ਵਧ ਰਹੇ ਸਨ। ਟਹਿਲ ਸਿੰਘ ਦਾ ਰਮਤਾ ਸੁਭਾਅ ਸੀ। ਉਹ ਘਰੋਂ ਬਾਹਿਰ ਰਹਿ ਕੇ ਖ਼ੁਸ਼ ਰਹਿੰਦਾ। ਉਹ ਪੜ੍ਹਿਆ ਲਿਖਿਆ ਨਾਲ ਬਹਿਸ ਤੇ ਖਿਆਲ ਤਬਾਦਲਾ ਕਰਦਾ ਰਹਿੰਦਾ ਸੀ। ਇਸ ਕਾਰਜ ਵਿੱਚ ਉਹ ਕਈ-ਕਈ ਦਿਨ ਘਰ ਨਹੀਂ ਵੜ੍ਹਦਾ ਸੀ। ਪਿਤਾ ਨੇ ਉਸਨੂੰ ਘਰ ਨਾਲ ਬੰਨਣ ਲਈ ਉਸਦਾ ਵਿਆਹ ਕਰ ਦਿੱਤਾ। ਵਿਆਹ ਵੀ ਗੁਰੂ ਦੀ ਨਗਰੀ ਅੰਮ੍ਰਿਤਸਰ ਵਿੱਚ ਹੋਇਆ। ਅੰਨਾਂ ਕੀ ਭਾਲੇ ਦੋ ਅਖੀਆਂ। ਉਹ ਸੌਹਰੇ ਜਾਣ ਦੇ ਬਹਾਨੇ ਪਿੰਡੋਂ ਤੁਰ ਪੈਂਦਾ ਤੇ ਕਈ-ਕਈ ਦਿਨ ਅੰਮ੍ਰਿਤਸਰ ਜਾ ਕੇ ਡੇਰੇ ਲਾ ਲੈਂਦਾ। ਉਹ ਹਰਿਮੰਦਰ ਸਾਹਿਬ ਜਾਂਦਾ। ਇਸ਼ਨਾਨ ਕਰਕੇ ਮੱਥਾ ਟੇਕਦਾ ਤੇ ਕੀਰਤਨ ਸੁਣਦਾ। ਉਹਨੀ ਦਿਨੀਂ ਦਰਬਾਰ ਸਾਹਿਬ ਦੀ ਪ੍ਰਕਰਮਾ ਵਿੱਚ ਮਹੰਤਾਂ ਨੇ ਮੂਰਤੀਆਂ ਰੱਖੀਆਂ ਹੋਈਆਂ ਸਨ। ਭੋਲੇ-ਭਾਲੇ ਸਿੱਖ ਇਹਨਾਂ ਮੂਰਤੀਆਂ ਦੀ ਜਦੋਂ ਪੂਜਾ ਕਰਨ ਲਗਦੇ ਤੇ ਉੱਥੇ ਚੜ੍ਹਾਵਾ ਵੀ ਚੜ੍ਹਾਉਂਦੇ। ਟਹਿਲ ਸਿੰਘ ਨੂੰ ਇਹ ਕੰਮ ਗੁਰਸਿੱਖੀ ਦੇ ਖ਼ਿਲਾਫ਼ ਲਗਦਾ ਸੀ। ਮੂਰਤੀ ਪੂਜਾ ਦੇ ਖ਼ਿਲਾਫ਼ ਸਾਡੇ ਗੁਰੂਆਂ ਨੇ ਜਬਰਦਸਤ ਅਵਾਜ਼ ਉਠਾਈ ਸੀਂ। ਸਿੱਖ ਮਜ਼ਬ ਵਿੱਚ ਇਸਦੀ ਮਨਾਹੀ ਦੇ ਬਾਵਜੂਦ ਇਹ ਸ਼ਰਧਾਲੂ ਲੁਹਾਰਾ ਤਰਖਾਣਾ ਦੋਹਵੇਂ ਕਰੀ ਜਾ ਰਹੇ ਸਨ।

ਇਕ ਦਿਨ ਟਹਿਲ ਸਿੰਘ ਨੇ ਦਰਬਾਰ ਸਾਹਿਬ ਦੇ ਮੌਜੂਦਾ ਮਹੰਤ ਅਰੂੜ ਸਿੰਘ ਕੋਲ ਇਸਦੀ ਸ਼ਿਕਾਇਤ ਕੀਤੀ। ਪਰ ਮਹੰਤ ਨੇ ਉਸਨੂੰ ਝਾੜਿਆ ਤੇ ਉਥੋਂ ਜਾਣ ਲਈ ਕਿਹਾ। ਟਹਿਲ ਸਿੰਘ ਨੇ ਲਿਖਤੀ ਸਿਕਾਇਤ ਕੀਤੀ ਕਿ ਦਰਬਾਰ ਸਾਹਿਬ ਦੀ ਪ੍ਰਕਰਮਾਂ ਵਿਚੋਂ ਸਭ ਮੂਰਤੀਆਂ ਉਠਾ ਲਈਆਂ ਜਾਣ। ਇਸ ਸ਼ਿਕਾਇਤ ਬਾਰੇ ਜਦੋਂ ਦੂਜੇ ਸਾਧੂਆਂ ਸੰਤਾਂ ਨੇ ਸੁਣਿਆਂ ਤਾਂ ਉਹ ਮਹੰਤ ਵਾਂਗ ਉਸਦੇ ਗਲ ਪੈ ਗਏ ਤੇ ਉਸਨੂੰ ਧਕੇ ਮਾਰਕੇ ਦਰਬਾਰ ਸਾਹਿਬ ਤੋਂ ਬਾਹਰ ਕੱਢਿਆ ਗਿਆ। ਟਹਿਲ ਸਿੰਘ ਨੇ ਬਥੇਰਾ ਆਖਿਆ ਕਿ ਉਹ ਮੂਰਤੀਆਂ ਰੱਖਕੇ ਸਿੱਖ ਧਰਮ ਦੀ ਬੇਅਦਬੀ ਕਰ ਰਹੇ ਹਨ ਪਰੰਤੂ ਨਗਾਰਖਾਨੇ ਵਿੱਚ ਤੂਤੀਆਂ ਦੀ ਕੌਣ ਸੁਣਦਾ ਹੈ। ਮਹੰਤ ਦੇ ਚੇਲਿਆਂ ਨਾਲ

ਹਥੋਪਾਈ ਵਿੱਚ ਉਸਦੀ ਪਗੜੀ ਲੱਥ ਗਈ ਸੀ ਤੇ ਕਮੀਜ ਪਾਟ ਗਈ ਸੀ। ਟਹਿਲ ਸਿੰਘ ਨੇ ਦਰਬਾਰ ਸਾਹਿਬ ਵੱਲ ਮੂੰਹ ਕਰਕੇ ਅਰਦਾਸ ਕੀਤੀ, "ਹੇ ਅਕਾਲ ਪੁਰਖ ਵਾਹਿਗੁਰੂ ਮੈਂ ਆਪਣੇ ਮਜ਼ਬ ਦੀ ਬੇਅਦਬੀ ਬਰਦਾਸ਼ਤ ਨਹੀਂ ਕਰ ਸਕਦਾ ਮੇਰੇ ਸਾਹਮਣੇ ਹੀ ਅਨਰਥ ਹੋ ਰਿਹਾ ਏ। ਮੈਂ ਉਹਨਾਂ ਚਿਰ ਏਥੇ ਨਹੀਂ ਆਵਾਂਗਾ, ਜਿੰਨਾ ਚਿਰ ਇਹ ਗੁਰਧਾਮ ਮਹੰਤਾਂ ਤੋਂ ਫਾਰਗ ਨਹੀਂ ਕਰਵਾ ਲਿਆ ਜਾਂਦਾ ਤੇ ਮੂਰਤੀਆਂ ਤੇ ਮੰਦਰ ਪ੍ਰਕਰਮਾਂ ਵਿਚੋਂ ਹਟਾ ਨਹੀਂ ਲਏ ਜਾਂਦੇ।" ਇਹ ਕਹਿਕੇ ਟਹਿਲ ਸਿੰਘ ਵਾਪਿਸ ਆਪਣੇ ਪਿੰਡ ਨਿਜ਼ਾਮਪੁਰੇ ਵੱਲ ਤੁਰ ਪਿਆ।

ਪਿੰਡ ਪਰਤਿਆ ਤੇ ਘਰ ਵਾਲੇ ਉਸ ਨਾਲ ਸਖ਼ਤ ਨਰਾਜ਼ ਹੋਏ। ਪਿਤਾ ਨੂੰ ਇਹ ਦੁੱਖ ਸੀ ਕਿ ਟਹਿਲ ਸਿੰਘ ਸ਼ਾਦੀ ਦੇ ਬਾਵਜੂਦ ਘਰ ਨਹੀਂ ਟਿਕਦਾ। ਪਿਤਾ ਨੇ ਉਸਨੂੰ ਬੰਦਾ ਬਣਨ ਲਈ ਆਖਿਆ। ਵਾਹੀ ਖੇਤੀ ਕਰਨ ਲਈ ਤੇ ਆਪਣਾ ਕਮਾ ਕੇ ਆਪ ਖਾਣ ਬਾਰੇ ਆਖਿਆ। ਪਰ ਟਹਿਲ ਸਿੰਘ ਵਾਹਖੇਤੀ ਨੂੰ ਬਿਲਕੁਲ ਪਸੰਦ ਨਹੀਂ ਕਰਦਾ ਸੀ। ਪਿਤਾ ਦੇ ਕਹੇ ਅਨੁਸਾਰ ਉਹ ਬੱਧਾ ਰੁਝਾ ਕੁਝ ਦਿਨ ਤਾਂ ਖੂਹ ਤੇ ਜਾਂਦਾ ਰਿਹਾ ਤੇ ਜੋਤੀ ਨਾਲ ਸੰਬੰਧਿਤ ਕਾਰ ਵਿਹਾਰ ਕਰਨ ਲਗਾ। ਪਰ ਇਕ ਦਿਨ ਉਹ ਘਰੋਂ ਸੌਹਰੇ ਜਾਣ ਦੇ ਬਹਾਨੇ ਨਿਕਲਿਆ ਤੇ ਸੱਚੇ ਸੌਦੇ ਦੇ ਇਕ ਸਾਬਕਾ ਫੌਜੀ ਨਾਲ ਚੀਨ ਚਲਾ ਗਿਆ। ਇਹ ਇਕ ਬਹੁਤ ਕ੍ਰਾਂਤੀ ਕਰਮ ਕਦਮ ਸੀ। ਉਸਨੇ ਉਸ ਫੌਜੀ ਦੀ ਤਰ੍ਹਾਂ ਉਥੇ ਵਾਚਮੈਨ ਦੀ ਨੌਕਰੀ ਕਰ ਲਈ। ਇਸ ਨੌਕਰੀ ਵਿੱਚ ਉਸ ਕੋਲ ਬਹੁਤ ਵਿਹਲ ਸੀ, ਉਹ ਮੁਕਾਮੀ ਲੋਕਾਂ ਨਾਲ ਗੁਫ਼ਤਗੂ ਕਰਨ ਲਈ ਆਪਣੇ ਸਾਥੀ ਫੌਜੀ ਦੀ ਮਦਦ ਲੈਂਦਾ। ਇਸ ਤਰ੍ਹਾਂ ਟਹਿਲ ਸਿੰਘ ਦੀ ਵਾਕਫ਼ੀਅਤ ਦਾ ਘੇਰਾ ਵੱਧਣ ਲਗਾ। ਉਹ ਟੁੱਟੀ ਫੁੱਟੀ ਚੀਨੀ ਜਬਾਨ ਵੀ ਬੋਲਣ ਲਗਾ।

ਟਹਿਲ ਸਿੰਘ ਨੂੰ ਪਿਛੇ ਆਪਣੀ ਸਿੰਘਣੀ ਦਾ ਵੀ ਖ਼ਿਆਲ ਆਇਆ ਤੇ ਘਰਦਿਆਂ ਦਾ ਵੀ। ਉਸਨੇ ਆਪਣੀ ਕਮਾਈ ਵਿਚੋਂ ਕੁਝ ਪੌਂਡ, ਆਪਣੇ ਸਾਥ ਫੌਜੀ ਪਿਆਰਾ ਸਿੰਘ ਦੀ ਮਾਰਫਤ ਪਿੱਛੇ ਪੈਸੇ ਭੇਜੇ। ਨਾਲੇ ਘਰ ਵਾਲਿਆਂ ਨੂੰ ਪਤਾ ਲਗ ਗਿਆ ਉਹ ਸਹੀ ਸਲਾਮਤ ਚੀਨ ਵਿੱਚ ਹੈ। ਜਾਣ ਲਗਿਆਂ ਟਹਿਲ ਸਿੰਘ ਨੇ ਆਪਣੀ ਸਿੰਘਣੀ ਨੂੰ ਵੀ ਆਪਣੇ ਚੀਨ ਬਾਰੇ ਨਹੀਂ ਸੀ ਦੱਸਿਆ। ਪਤੀ ਕੋਲੋਂ ਪੈਸੇ ਵਸੂਲ ਕਰਕੇ ਉਸਨੂੰ ਕੁਝ ਹੌਂਸਲਾ ਹੋਇਆ। ਘਰਦਿਆਂ ਵੀ ਸੁੱਖ ਦਾ ਸਾਹ ਲਿਆ। ਵਾਚਮੈਨ ਦੀ ਨੌਕਰੀ ਜਿਸ ਤਰ੍ਹਾਂ ਸੁਖਾਲੀ ਸੀ, ਇਸ ਤਰ੍ਹਾਂ ਪੈਸੇ ਵੀ ਘਟ ਸਨ। ਇਸ ਲਈ ਟਹਿਲ ਸਿੰਘ ਇਕ ਕੰਪਨੀ ਦਾ ਏਜੰਟ ਬਣ ਕੇ ਵਪਾਰੀ ਜਹਾਜ਼ਾਂ ਦੇ ਮੁਸਾਫਰਾਂ ਦੀਆਂ ਟਿਕਟਾਂ ਵੇਚਣ ਲਗਾ। ਇਹ ਕੰਮ ਤਾਂ ਭੱਜ ਦੌੜ ਵਾਲਾ ਸੀ ਪਰ ਇਸ ਵਿੱਚ ਕਮਾਈ ਬਹੁਤ ਸੀ। ਦੋ ਸਾਲ ਬਾਅਦ ਟਹਿਲ ਸਿੰਘ ਨੇ 2500 ਪੌਂਡ ਫਿਰ ਘਰ ਭੇਜੇ। ਘਰ ਵਾਲੇ ਬਹੁਤ ਖੁਸ਼ ਹੋਏ। ਉਹਨੀ ਦਿਨੀਂ ਵਾਹੀ ਖੇਤੀ ਵਿੱਚ ਮੁਸ਼ਕਿਲ ਨਾਲ ਗੁਜ਼ਾਰਾ ਵਜਾਰਾ ਹੀ ਚਲਦਾ ਸੀ। ਪਿੰਡ ਵਿੱਚ ਸਭ ਨੂੰ ਟਹਿਲ ਸਿੰਘ ਬਾਰੇ ਪਤਾ ਲਗ ਗਿਆ ਸੀ। 1902 ਵਿੱਚ ਉਹ ਚੀਨ ਗਿਆ ਸੀ ਤੇ ਸਤ ਸਾਲ ਬਾਅਦ ਉਹ

ਪਿੰਡ ਪਰਤਿਆ। ਘਰ ਵਾਲਿਆਂ ਖੁਸ਼ੀ ਵਿੱਚ ਦੀਪਮਾਲਾ ਕੀਤੀ। ਘਰ ਵਾਲਿਆਂ ਦੇ ਬਹੁਤ ਸਾਰੇ ਸ਼ਿਕਵੇ ਦੂਰ ਹੋ ਗਏ ਸਨ। ਪੁੱਤ ਕਮਾਊ ਨਿਕਲਿਆ ਸੀ। ਉਹ ਨਾਲ ਪੰਜ ਹਜ਼ਾਰ ਪੌਂਡ ਲੈ ਕੇ ਆਇਆ ਸੀ। ਘਰਦਿਆਂ ਨੇ ਉਸਦੇ ਪੈਸਿਆਂ ਨਾਲ ਦਸ ਪੈਲੀਆਂ ਹੋਰ ਜ਼ਮੀਨ ਖ਼੍ਰੀਦੀ। ਚੰਦਾ ਸਿੰਘ ਬਹੁਤ ਖ਼ੁਸ਼ ਸੀ।

ਅਜ਼ਾਦ ਹਵਾ ਵਿੱਚ ਰਹਿਕੇ ਟਹਿਲ ਸਿੰਘ ਅਜ਼ਾਦ ਖ਼ਿਆਲ ਵਾਲਾ ਹੋ ਗਿਆ ਸੀ। ਉਸਨੇ ਚੀਨ ਜਾਕੇ ਪਹਿਲੀ ਵਾਰੀ ਵੇਖਿਆ ਕਿ ਅਜ਼ਾਦੀ ਕੀ ਹੁੰਦੀ ਹੈ? ਅਜ਼ਾਦ ਕੌਮ ਕਿਵੇਂ ਰਹਿੰਦੀ ਹੈ? ਉਸਨੂੰ ਪਹਿਲੀ ਵਾਰ ਪਤਾ ਲਗਾ ਕਿ ਅਸੀਂ ਭਾਰਤੀ ਲੋਕ ਗ਼ੁਲਾਮ ਹਾਂ। ਏਥੇ ਕੇਵਲ ਅੰਗਰੇਜ਼ਾਂ ਦੀ ਹੀ ਚਲਦੀ ਹੈ। ਅੰਗਰੇਜ਼ ਇਹ ਪ੍ਰਚਾਰ ਵੀ ਕਰਦੇ ਸਨ ਕਿ ਉਹਨਾਂ ਦਾ ਧਰਮ, ਸਭਿਆਚਾਰ, ਸੰਸਕ੍ਰਿਤੀ ਤੇ ਸਮਾਜ ਦੁਨੀਆਂ ਵਿੱਚ ਸਭ ਤੋਂ ਚੰਗੇ ਹਨ। ਭਾਰਤੀਆਂ ਨੂੰ ਤਾਂ ਉਹ ਰਾਜਿਆਂ ਮਹਾਂਰਾਜਿਆਂ ਫ਼ਕੀਰਾਂ, ਜਾਦੂਗਰਾਂ ਤੇ ਮੰਗਤਿਆਂ ਦੀ ਧਰਤੀ ਸਮਝਦੇ ਸਨ। ਚੀਨੀ ਲੋਕ ਵੀ ਭਾਰਤੀਆਂ ਨੂੰ ਗ਼ੁਲਾਮ ਤੇ ਬੁਜ਼ਦਿਲ ਸਮਝਦੇ ਸਨ। ਉਹ ਕਹਿੰਦੇ ਸਨ ਕਿ ਕੇਵਲ ਤਿੰਨ ਸਵਾ ਤਿੰਨ ਲੱਖ ਅੰਗਰੇਜ਼ੀ ਤੀਹ ਕਰੋੜ ਭਾਰਤੀਆਂ ਉਪਰ ਰਾਜ ਕਰ ਰਹੇ ਸਨ। ਭਾਰਤੀ ਲੋਕ ਭੇਡਾਂ ਬਕਰੀਆਂ ਵਾਂਗ ਉਹਨਾਂ ਦੇ ਇਸ਼ਾਰਿਆਂ ਤੇ ਆਪਣੀ ਨਰਕੀ ਜੀਵਨ ਜੀ ਰਹੇ ਹਨ। ਅਜਿਹੇ ਬੁਜ਼ਦਿਲ ਤੇ ਜਾਹਲ ਲੋਕ ਦੁਨੀਆਂ ਵਿੱਚ ਹੋਰ ਕਿਧਰੇ ਨਹੀਂ ਮਿਲਣਗੇ। ਚੀਨੀਆਂ ਦੀਆਂ ਇਹ ਗਲਾਂ ਸੁਣ ਕੇ ਟਹਿਲ ਸਿੰਘ ਬਹੁਤ ਸ਼ਰਮਸਾਰ ਹੋਏ। ਉਹ ਭਾਰਤ ਜਾਕੇ ਆਪਣੇ ਲੋਕਾਂ ਨੂੰ ਚੌਕੰਨੇ ਕਰਨਾ ਚਾਹੁੰਦਾ ਸੀ। ਚੀਨ ਵਿੱਚ ਰਹਿਣ ਕਾਰਨ ਟਹਿਲ ਸਿੰਘ ਦੀ ਸ਼ਖ਼ਸੀਅਤ ਵਿੱਚ ਇਨਕਲਾਬੀ ਤਬਦੀਲੀ ਆ ਗਈ ਸੀ। ਉਹ ਅਜ਼ਾਦ ਮੁਲਕਾਂ ਦੇ ਲੋਕਾਂ ਨਾਲ ਮਿਲਕੇ ਬਹੁਤ ਖ਼ੁਸ਼ ਹੁੰਦਾ ਸੀ। ਉਹ ਜਦੋਂ ਚੀਨ ਵਿੱਚ ਕਿਸੇ ਭਾਰਤੀ ਨੂੰ ਮਿਲਦਾ ਸੀ ਤਾਂ ਉਸਨੂੰ ਭਾਰਤ ਪਰਤਣ ਦੀ ਸਲਾਹ ਦਿੰਦਾ ਸੀ ਤਾਂ ਕਿ ਉਹ ਜਾਕੇ ਆਜ਼ਾਦੀ ਲਈ ਲਹਿਰ ਚਲਾਉਣਾ ਉਹ ਆਪ ਵੀ ਭਾਰਤ ਪਰਤਣ ਬਾਰੇ ਸੋਚ ਰਿਹਾ ਸੀ ਕਿ ਉਸਨੂੰ ਪਿੰਡ ਵਲੋਂ ਇਕ ਮਾੜੀ ਖ਼ਬਰ ਮਿਲੀ। ਉਸਦੇ ਪਿਤਾ ਜੀ, ਜਿੰਨਾਂ ਦੀ ਉਹ ਦਿਲੋਂ ਬੜੀ ਕਦਰ ਕਰਦਾ ਸੀ, ਉਹ ਸਵਰਗਵਾਸ ਗਏ ਸਨ। ਉਹ ਪਹਿਲਾਂ ਹੀ ਵਤਨ ਪਰਤਣ ਬਾਰੇ ਸੋਚ ਰਿਹਾ ਸੀ। ਉਸਨੂੰ ਕੁਦਰਤ ਵਲੋਂ ਇਕ ਬਹਾਨਾ ਮਿਲ ਗਿਆ। ਉਹ ਘਰ ਵਿੱਚ ਸਭ ਤੋਂ ਵੱਡਾ ਸੀ, ਇਸ ਲਈ ਉਸਦਾ ਵਾਪਿਸ ਪਰਿਵਾਰ ਵਿੱਚ ਜਾਣਾ। ਲਾਜ਼ਮੀ ਹੋ ਗਿਆ ਸੀ। 1909 ਵਿੱਚ ਉਹ ਵਾਪਿਸ ਪਿੰਡ ਪਰਤ ਆਇਆ ਤੇ ਘਰੇਗੀ ਜੁੰਮੇਵਾਰੀਆਂ ਸੰਭਾਲਣ ਲਗਾ।

ਉਸਨੇ ਆਪਣੀ ਹਵੇਲੀ ਵਿੱਚ ਆਪਣੇ ਲਈ ਇਕ ਛੋਟੀ ਜਿਹੀ ਬੈਠਕ ਬਣਾਈ ਤੇ ਉੱਥੇ ਇਕਾਂਤ ਵਿੱਚ ਰਹਿਕੇ ਆਪਣਾ ਸਮਾਂ ਬਤੀਤ ਕਰਨ ਲਗੇ। ਬਾਹਰ ਜਾਣ ਕਰਕੇ ਉਹਨਾਂ ਦੀ ਤਬੀਅਤ ਵਿੱਚ ਭਾਰੀ ਤਬਦੀਲੀ ਆ ਚੁੱਕੀ ਸੀ। ਉਹ ਇਕਲੇ ਬੈਠਕੇ ਕਈ-ਕਈ ਘੰਟੇ ਧਾਰਮਿਕ ਪੁਸਤਕਾਂ ਤੇ ਸਿੱਖ ਇਤਿਹਾਸ ਦਾ ਅਧਿਐਨ ਕਰਦੇ ਰਹਿੰਦੇ। ਜਿਹੜਾ ਵੀ ਉਹਨਾਂ ਕੋਲ ਹਾਲ ਚਾਲ ਜਾਨਣ

ਆਉਂਦਾ, ਉਸਨੂੰ ਉਹ ਧਰਮ ਲਈ ਕੁਝ ਕਰਨ ਲਈ ਪ੍ਰੇਰਦੇ। ਇਕ ਦਿਨ ਸੰਗਰਾਂਦ ਵਾਲੇ ਦਿਨ ਜਦੋਂ ਗੁਰਦੁਆਰੇ ਸੰਗਤ ਇਕੱਠੀ ਹੋਈ ਸੀ ਤਾਂ ਉਹਨਾਂ ਨੂੰ ਸੰਗਤ ਨੇ ਕੁਝ ਕਹਿਣ ਲਈ ਤਕੀਦ ਕੀਤੀ। ਟਹਿਲ ਸਿੰਘ ਪਹਿਲਾਂ ਹੀ ਭਰਿਆ ਪੀਤਾ ਸੀ। ਉਸਨੇ ਸੰਗਤਾਂ ਨਾਲ ਫਤਹਿ ਸਾਂਝੀ ਕਰਨ ਉਪਰੰਤ ਬੋਲਣਾ ਸ਼ੁਰੂ ਕੀਤਾ। ਬੀਬੀਓ ਤੇ ਭਰਾਓ! ਮੈਂ ਸੰਗਤ ਦੇ ਚਰਨਾਂ ਦਾ ਦਾਸ, ਮਹਾਂਰਾਜ ਦੇ ਘਰ ਦਾ ਕੂਕਰ ਟਹਿਲ ਸਿੰਘ ਆਪ ਨਾਲ ਕੁਝ ਖ਼ਿਆਲ ਤਬਾਦਲਾ ਕਰਨਾ ਚਾਹੁੰਦਾ ਹਾਂ। ਖ਼ਾਲਸਾ ਜੀ ਸਾਡਾ ਧਰਮ ਬਹੁਤ ਕਾਮਯਾਬ ਤੇ ਸਚਾ ਸੁੱਚਾ ਧਰਮ ਹੈ। ਇਸਦਾ ਇਤਿਹਾਸ ਬੜਾ ਕਾਬਲੇ ਤਰੀਫ਼ ਹੈ। ਇਹ ਧਰਮ ਸਾਡੇ ਗੁਰੂ ਸਾਹਿਬਾਨ ਤੇ ਸ਼ਹੀਦਾਂ ਦੀਆਂ ਕੁਰਬਾਨੀਆਂ ਨਾਲ ਨਕੋ-ਨਕ ਭਰਿਆ ਹੋਇਆ ਹੈ। ਪਰ ਅੰਗਰੇਜ਼ਾਂ ਦੀ ਹਕੂਮਤ ਵੇਲੇ ਅਸੀਂ ਦਿਨੋ-ਦਿਨ ਨਿਘਰਦੇ ਜਾ ਰਹੇ ਹਾਂ। ਸਾਡਾ ਇਤਿਹਾਸ ਗ਼ੈਰ ਸਿੱਖਾਂ ਨੇ ਆਪਣੇ ਸੌੜੇ ਹਿਤਾਂ ਨੂੰ ਮੁਖ ਰੱਖਕੇ ਲਿਖਿਆ ਹੈ। ਇਸ ਵਿੱਚ ਕੁਝ ਸਾਖੀਆਂ ਤੇ ਘਟਨਾਵਾਂ ਅਜਿਹੀਆਂ ਘਸੋੜੀਆਂ ਹਨ ਜਿੰਨਾਂ ਨਾਲ ਸਿੱਖ ਪੰਥ ਦਾ ਸਰੂਪ ਵਿਗੜ ਰਿਹਾ ਹੈ। ਕਿਸੇ ਵੇਲੇ ਸਿੱਖ ਨੂੰ ਵੇਖਕੇ ਹਿੰਦੂ ਲੋਕ ਹਿਫਾਜਤ ਤੇ ਚੈਨ ਮਹਿਸੂਸ ਕਰਦੇ ਸਨ। ਉਸਨੂੰ ਆਪਣਾ ਰਾਖਾ ਸਮਝਦੇ ਸਨ ਪਰ ਅੰਗਰੇਜ਼ੀ ਰਾਜ ਦੇ ਆਉਣ ਨਾਲ ਇਹੀ ਲੋਕ ਸਿੱਖਾਂ ਨਾਲ ਸਰੀਕਾਚਾਰੀ ਤੇ ਨਫ਼ਰਤ ਕਰਨ ਲਗੇ ਹਨ। ਮਹਾਰਾਜਾ ਰਣਜੀਤ ਸਿੰਘ ਵੇਲੇ ਤਕਰੀਬਨ ਨਬੇ ਲੱਖ ਸਿੱਖ ਬਣ ਚੁੱਕੇ ਸਨ ਪਰ ਰਣਜੀਤ ਸਿੰਘ ਦੇ ਰਾਜ ਦੇ ਜਾਣ ਨਾਲ ਲੋਕ ਕੁਝ ਹੀ ਸਾਲਾਂ ਵਿੱਚ ਗਿਰਗਿਟ ਵਾਂਗ ਰਾਤੋ-ਰਾਤ ਬਦਲ ਗਏ ਸਨ। ਬਹੁਤਿਆਂ ਨੇ ਸਿਰ ਮੂੰਹ ਮੁਨਵਾਕੇ ਆਪਣੇ ਹਿੰਦੂ ਧਰਮ ਵਿੱਚ ਦੋਬਾਰਾ ਪ੍ਰਵੇਸ਼ ਕਰ ਗਏ ਸਨ। ਇਹ ਮੌਕਾ ਪ੍ਰਸਤੀ ਦੀ ਇੰਤਹਾ ਸੀ। ਕਹਿੰਦੇ ਹਨ ਕਿ ਰਾਜ ਤੇ ਖਾਤਮੇ ਤੋਂ ਦਸ ਬਾਰਾਂ ਸਾਲ ਬਾਅਦ ਸਿੱਖਾਂ ਦੀ ਗਿਣਤੀ 20 ਕੁ ਲੱਖ ਤੱਕ ਸਿਮਟ ਗਈ ਸੀ। ਬਾਕੀ ਸਬ ਫਸਲੀ ਬਟੇਰੇ ਬਣਕੇ ਆਪਣੇ ਪਹਿਲੇ ਧਰਮਾਂ ਵਿੱਚ ਉਡਾਰੀ ਮਾਰ ਗਏ ਸਨ।

ਅੰਗਰੇਜ਼ੀ ਹਕੂਮਤ ਨੇ ਸਾਡੇ ਸਾਰੇ ਗੁਰਧਾਮ, ਜਾਣ ਬੁਝ ਕੇ ਗ਼ੈਰ ਸਿੱਖ ਉਦਾਸੀਆਂ, ਮਹੰਤਾਂ ਤੇ ਪੰਡਤਾਂ ਦੇ ਹਵਾਲੇ ਕਰ ਦਿੱਤੇ ਸਨ। ਉਹਨਾਂ ਨੂੰ ਖੁਲੀ ਛੁੱਟੀ ਦਿੱਤੀ ਗਈ ਸੀ ਕਿ ਉਹ ਸਿੱਖ ਧਰਮ ਦੇ ਇਤਿਹਾਸ ਵਿੱਚ ਛੇੜਛਾੜ ਕਰਕੇ, ਉਸਨੂੰ ਦਿਸ਼ਾਹੀਣ ਬਣਾਉਣਾ ਪੜ੍ਹਨ ਵਾਲੇ ਹੈ ਜਾਪੇ ਕਿ ਸਿੱਖ ਧਰਮ ਤੇ ਹਿੰਦੂ ਧਰਮ ਵਿੱਚ ਕੋਈ ਫਰਕ ਨਹੀਂ। ਹਾਲਾਂ ਕਿ ਸਿੱਖ ਧਰਮ ਤੇ ਹਿੰਦੂ ਧਰਮ ਵਿੱਚ ਜ਼ਮੀਨ ਅਸਮਾਨ ਦਾ ਫ਼ਰਕ ਹੈ। ਸਿਰਫ ਮਰਨ ਵੇਲੇ ਦੀ ਸਸਕਾਰ ਦੀ ਰਸਮ ਨੂੰ ਛਡਕੇ ਬਾਕੀ ਸਾਡੀਆਂ ਸਭ ਧਾਰਮਿਕ ਤੇ ਸਮਾਜਿਕ ਰਸਮਾਂ ਸਨਾਤਨੀ ਧਰਮ ਨਾਲੋਂ ਜੁਦਾ ਹਨ। ਪਰ ਇਹ ਮਹੰਤ ਸਾਨੂੰ ਬਦੋ-ਬਦੀ ਹਿੰਦੂਆਂ ਵਰਗੇ ਬਣਾਉਣਾ ਚਾਹੁੰਦੇ ਹਨ। ਇਹ ਸਾਨੂੰ ਹਿੰਦੂ ਧਰਮ ਦੀ ਇਕ ਬਾਹੀ ਸਮਝਦੇ ਹਨ। ਇਹ ਹਿੰਦੂ

ਵੀਰ ਧਾਰਮਿਕ ਰਸਮਾਂ ਤੇ ਵੈਸ਼ਨੋਵਾਦ ਨੂੰ ਸਾਡੇ ਉਪਰ ਜਬਰਦਸਤੀ ਥੋਪ ਰਹੇ ਹਨ। ਅਸੀਂ ਸਭ ਅਨਪੜ੍ਹ ਤੇ ਅਗਿਆਨੀ ਹਾਂ। ਸਾਡਾ ਇਤਿਹਾਸ ਭ੍ਰਿਸ਼ਟ ਕੀਤਾ ਜਾ ਰਿਹਾ ਹੈ। ਸਾਡੇ ਇਤਿਹਾਸ ਦਾ ਮਜ਼ਾਕ ਉਡਾਇਆ ਜਾ ਰਿਹਾ ਏ ਤੇ ਅਸੀਂ ਭੂੰਨ ਵੱਟਿਆਂ ਵਾਂਗ ਖਮੋਸ਼ ਬੈਠੇ ਹਾਂ! ਸਾਨੂੰ ਇਕੱਠੇ ਹੋਕੇ, ਆਪਣੇ ਧਰਮ ਨੂੰ ਗਲਿੰਜਾਂ ਤੇ ਸ਼ਿਕਰਿਆਂ ਤੋਂ ਬਚਾਉਣਾ ਚਾਹੀਦਾ ਹੈ। ਆਪ ਦਾ ਬਹੁਤਾ ਸਮਾਂ ਨਾ ਲੈਂਦਾ ਹੋਇਆ ਮੈਂ ਖਿਮਾਂ ਦਾ ਜਾਚਕ ਹਾਂ। "ਵਾਹਿਗੁਰੂ ਜੀ ਕਾ ਖ਼ਾਲਸਾ ਵਾਹਿਗੁਰੂ ਜੀ ਕੀ ਫਤਹਿ।"

ਜਿਥੇ ਟਹਿਲ ਸਿੰਘ ਵਿੱਚ ਸਿੱਖੀ ਸਪਿਰਟ ਤੇ ਖ਼ਾਲਸਾ ਪੰਥ ਦੀ ਸੂਰਤ ਤੇ ਸੀਰਤ ਕੁਟ-ਕੁਟ ਕੇ ਭਰੀ ਹੋਈ ਸੀ, ਉੱਥੇ ਉਹ ਇਕ ਜ਼ਿੰਦਾ ਦਿਲ ਇਨਸਾਨ ਸੀ। ਉਹ ਗਲ ਕਰਨ ਲਗਿਆਂ ਹਮੇਸ਼ਾਂ ਮੁਸਕਰਾਉਂਦਾ ਰਹਿੰਦਾ ਸੀ ਤੇ ਜਦੋਂ ਕੋਈ ਤਕਰੀਰ ਕਰਦਾ ਜ਼ਰਾ ਜੋਸ਼ ਵਿੱਚ ਆ ਜਾਂਦਾ ਤਾਂ ਉਸਦਾ ਚਿਹਰਾ ਹੋਰ ਨੂਰਾਨੀ ਹੋ ਜਾਂਦਾ ਸੀ। ਉਹ ਅਕਸਰ ਆਖਦਾ ਸੀ, "ਦੁਨੀਆਂ ਦਾ ਮੇਲਾ ਫਿਰ ਤੁਰ ਕੇ ਵੇਖਣਾ ਚਾਹੀਦਾ ਹੈ। ਪਹਿਲਾ ਆਪ ਚੜ੍ਹਦੀ ਕਲਾ ਵਿੱਚ ਰਹਿਣਾ ਤੇ ਲੋਕਾਂ ਨੂੰ ਇਸੇ ਆਲਮ ਵਿੱਚ ਰੱਖਣਾ ਸਾਡਾ ਇਖਲਾਕੀ ਫਰਜ਼ ਹੈ। ਹਮੇਸ਼ਾਂ ਰੋਣ ਧੋਣ ਵਾਲੇ ਲੋਕ ਆਪ ਤਾਂ ਦੁੱਖੀ ਹੁੰਦੇ ਹੀ ਨੇ। ਉਹ ਲੋਕਾਂ ਨੂੰ ਵੀ ਪਰੇਸ਼ਾਨ ਕਰੀ ਰੱਖਦੇ ਨੇ।" ਹੱਸਦਿਆਂ-ਹੱਸਦਿਆਂ ਉਹ ਸਰੋਤਿਆਂ ਨਾਲ ਬੜੀਆਂ ਗੰਭੀਰ ਗਲਾਂ ਵੀ ਕਰ ਜਾਂਦਾ ਸੀ। ਉਸਦੀ ਗੁਫ਼ਤਗੂ ਦਾ ਅੰਦਾਜ਼ ਅਜਿਹਾ ਸੀ ਕਿ ਉਹਦੀਆਂ ਗਲਾਂ ਉਪਰ ਲੋਕ ਝੱਟ ਯਕੀਨ ਕਰ ਲੈਂਦੇ ਸਨ ਤੇ ਉਸ ਵਾਂਗ ਹੀ ਭਾਵੁਕ ਹੋਕੇ, ਉਸਦੇ ਮਗਰ-ਮਗਰ ਤੁਰ ਪੈਂਦੇ ਸਨ। ਉਸਨੂੰ ਵਰ੍ਹਦੀਆਂ ਵਿੱਚ ਵੀ ਚੜ੍ਹਦੀਆਂ ਕਲਾਂ ਵਿੱਚ ਰਹਿਣ ਦਾ ਹੁਨਰ ਸੀ।

ਖ਼ਾਲਸਾ ਪੰਥ ਦਾ ਮੁਦੱਈ

ਟਹਿਲ ਸਿੰਘ ਨੂੰ ਲਾਗੇ ਸ਼ਾਗੇ ਸਾਰੇ ਪਿੰਡਾਂ ਦੇ ਲੋਕ ਜਾਨਣ ਲਗ ਪਏ ਸਨ। ਉਹ ਜਾਣਦੇ ਸਨ ਕਿ ਉਹ ਦੇਸ਼-ਪ੍ਰਦੇਸ਼ ਘੁੰਮ ਕੇ ਆਇਆ ਹੈ। ਜਦੋਂ ਵੀ ਕੁਟੀਆ ਬਾਵਾ ਚੇਤਨ ਦਾਸ, ਨਿਜ਼ਾਮਪੁਰ ਵਿਖੇ ਕੋਈ ਧਾਰਮਿਕ ਇਕੱਠ ਹੁੰਦਾ ਤਾਂ ਟਹਿਲ ਸਿੰਘ ਪਹਿਲੀਆਂ ਵਿੱਚ ਹੁੰਦਾ। ਅਸਲ ਵਿੱਚ ਅਜਿਹੇ ਇਕੱਠ ਜਥੇਦਾਰ ਟਹਿਲ ਸਿੰਘ ਦੀ ਮਿਹਨਤ ਤੇ ਭਜਦੌੜ ਨਾਲ ਹੀ ਅਯੋਜਿਤ ਕੀਤੇ ਜਾਂਦੇ ਸਨ। ਇਕ ਵਾਰੀ ਸਲਾਨਾ ਮੇਲੇ ਤੇ ਪਿਛਲੇ ਸਾਲਾਂ ਵਾਂਗ ਦੂਰ-ਦੂਰ ਪਿੰਡਾਂ ਤੇ ਲੋਕ ਢੁੱਕੇ ਸਨ। ਇਕ ਭਾਰੀ ਦੀਵਾਨ ਦਾ ਪ੍ਰਬੰਧ ਕੀਤਾ ਗਿਆ। ਪਹਿਲਾਂ ਤਾਂ ਇਸ ਮੇਲੇ ਤੇ ਕਵੀਸ਼ਰੀ ਦੇ ਮੁਕਾਬਲੇ ਹੁੰਦੇ ਸਨ ਪਰ ਐਦਕੀ ਮਾਹੌਲ ਵਖਰਾ ਸੀ। ਦੂਰੋਂ-ਦੂਰੋਂ ਸਿੱਖ ਧਰਮ ਦੇ ਵਿਦਵਾਨ ਲੋਕ ਵੀ ਆਏ ਸਨ। ਇਹਨਾਂ ਵਿਦਵਾਨਾਂ ਦੇ ਆਉਣ ਦਾ ਪਹਿਲਾਂ ਬਹੁਤ ਪ੍ਰਚਾਰ ਇਸ਼ਤਿਹਾਰਾਂ ਰਾਹੀਂ ਕੀਤਾ ਗਿਆ ਸੀ। ਇਸ ਲਈ ਲੋਕ ਹੁੰਮ-ਹੁੰਮਾ ਕੇ ਆਏ ਸਨ। ਇਸ ਸਮਾਗਮ ਵਿੱਚ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਤੇ ਕਰਤਾਰ ਸਿੰਘ ਝੱਬਰ ਵੀ ਮੌਜੂਦ ਸਨ। ਸਭ ਤੋਂ ਪਹਿਲਾਂ ਜਥੇਦਾਰ 'ਝੱਬਰ' ਨੇ ਸਿੱਖ ਸੰਗਤ ਨੂੰ ਧਰਮ ਉਪਰ ਬਣੇ ਸੰਕਟ ਬਾਰੇ ਚਾਨਣਾ ਪਾਇਆ ਤੇ ਉਹਨਾਂ ਨੂੰ ਸਿੱਖ ਧਰਮ ਲਈ ਕੁਰਬਾਨੀਆਂ ਦੇਣ ਲਈ ਸੱਦਾ ਦਿੱਤਾ। ਜਥੇਦਾਰ ਝੱਬਰ ਇੱਕ ਨਿਧੱੜਕ ਸਿੱਖਾਂ ਦਾ ਨੇਤਾ ਸੀ, ਜਿਸਦੀ ਤਕਰੀਰ ਸਭਨਾਂ ਨੇ ਬੜੀ ਖਮੋਸ਼ੀ ਨਾਲ ਸੁਣੀ। ਉਸ ਤੋਂ ਬਾਅਦ ਜਥੇਦਾਰ ਲਛਮਣ ਸਿੰਘ ਜੋ ਲਾਗੇ ਪਿੰਡ ਧਾਰੋਵਾਲੀ ਦੇ ਵਸਨੀਕ ਤੇ ਪੰਥ ਦੇ ਸਿਰ ਕੱਢ ਨੇਤਾ ਸਨ, ਉਹ ਸਟੇਜ ਤੇ ਆਏ ਤੇ ਲੋਕਾਂ ਨਾਲ ਫਤਹਿ ਸਾਂਝੀ ਕਰਨ ਉਪਰੰਤ ਬੋਲਣ ਲਗੇ। ਉਹ ਬੜੇ ਠਰੰਮੇ ਨਾਲ ਬੋਲਦੇ ਸਨ। ਉਹਨਾਂ ਨੇ ਆਖਿਆ, ਪਿਆਰੀ ਸਾਧ ਸੰਗਤ, ਅਸਾਂ ਮੇਲੇ ਦਾ ਰਸ ਵੀ ਮਾਨਣਾ ਹੈ ਤੇ ਧਰਮ ਬਾਰੇ ਵੀ ਗੰਭੀਰ ਵਿਚਾਰਾਂ ਕਰਨੀਆਂ ਹਨੰ। ਅੰਗਰੇਜ਼ੀ ਸਰਕਾਰ ਦੀ ਸਾਡੇ ਗੁਰਧਾਮਾਂ ਦੇ ਸਰਬ ਰਾਹਾਂ ਨੂੰ ਪੂਰੀ-ਪੂਰੀ ਸ਼ਹਿ ਤੇ ਹਿਮਾਇਤ ਹਾਸਿਲ ਹੈ। ਹਿੰਦੂ ਕੌਮ ਵੀ ਮਹੰਤਾਂ ਦੀ ਹਮਾਇਤ ਕਰਕੇ ਸਾਡਾ ਤਮਾਸ਼ਾ ਵੇਖ ਰਹੀ ਹੈ। ਸਾਨੂੰ ਜਾਗਣਾ ਚਾਹੀਦਾ ਹੈ। ਸਾਡੇ ਮਜ਼ਬ ਨੂੰ ਦਿਨੋ-ਦਿਨ ਬਦਨਾਮ ਕੀਤਾ ਜਾ ਰਿਹਾ ਹੈ। ਮਹੰਤ ਜਿਹੜੇ ਕਿ ਸਾਡੇ ਗੁਰਧਾਮਾਂ ਦੇ ਸੇਵਾਦਾਰ ਸਨ, ਉਹ ਮਾਲਿਕ ਬਣਕੇ ਸਾਨੂੰ ਅੱਖਾਂ ਵਿੱਖਾ ਰਹੇ ਹਨ। ਅਸਾਂ ਇਕੱਠੇ ਹੋਕੇ ਇਸ ਹਨ੍ਹੇਰਗਰਦੀ ਦਾ ਜ਼ੋਰਦਾਰ ਜਵਾਬ ਦੇਣਾ ਹੈ। ਏਕੇ ਵਿੱਚ ਹੀ ਬਰਕਤ ਹੁੰਦੀ ਏ। ਇਸ ਲਈ ਸਾਨੂੰ ਸਿੱਖ ਕੌਮ ਨੂੰ ਇਕ ਜੁੱਟ ਹੋਕੇ ਮਹੰਤਾਂ ਦੀਆਂ ਬਦਗੁਮਾਨੀਆਂ ਵਿਰੁੱਧ ਆਪਣੀ ਅਵਾਜ਼ ਬੁਲੰਦ ਕਰਨੀ ਚਾਹੀਦੀ ਹੈ। ਏਸੇ

ਵਿੱਚ ਹੀ ਸਾਡੀ ਬੇਹਤਰੀ ਤੇ ਚੜ੍ਹਦੀ ਕਲਾ ਹੋਵੇਗੀ।"

ਇਸ ਤੋਂ ਬਾਅਦ ਅੰਤ ਵਿੱਚ ਸਟੇਜ ਸਕੱਤਰ ਨੇ ਜਥੇਦਾਰ ਟਹਿਲ ਸਿੰਘ ਦਾ ਨਾਮ ਬੋਲਿਆ। ਲੋਕ ਉਸਨੂੰ ਸੁਣਨ ਲਈ ਪਹਿਲਾਂ ਹੀ ਉਤਾਵਲੇ ਸਨ। ਜਥੇਦਾਰ ਨੇ ਅਸਮਾਨ ਚੀਰਵੀਂ ਅਵਾਜ਼ ਵਿੱਚ ਫਤਹਿ ਗਜਾਈ ਤੇ ਬੋਲਣਾ ਸ਼ੁਰੂ ਕਰ ਦਿੱਤਾ। ਉਹ ਬਹੁਤ ਜੋਸ਼ੀਲੇ ਤੇ ਜਜ਼ਬਾਤੀ ਸਨ। ਉਹਨਾਂ ਨੇ ਆਖਿਆ, "ਪਿਆਰੇ ਖ਼ਾਲਸਾ ਜੀਓ! ਵਾਹਿਗੁਰੂ ਜੀ ਕਾ ਖ਼ਾਲਸਾ, ਵਾਹਿਗੁਰੂ ਜੀ ਕੀ ਫਤਹਿ! ਕੋਇਲਾਂ ਤਾ ਬੋਲ ਗਈਆਂ ਹਨ। ਹੁਣ ਵਾਰੀ ਪਹਾੜੀ ਕਾਵਾਂ ਦੀ ਆਈ ਹੈ। ਪਹਿਲਾਂ ਜੋ ਸਾਡੇ ਕੌਮੀ ਜਥੇਦਾਰਾਂ ਨੇ ਫੁਰਮਾਇਆ ਹੈ, ਮੈਂ ਪ੍ਰਣ ਕਰਦਾ ਹਾਂ ਕਿ ਮੈਂ ਇੰਨ ਬਿੰਨ ਇਹਨਾਂ ਦੇ ਪੂਰਨਿਆਂ ਤੇ ਚਲਾਂਗਾ ਤੇ ਆਪਣੇ ਆਗੂਆਂ ਦੀਆਂ ਹਸਰਤਾਂ ਨੂੰ ਪੂਰਾ ਕਰਾਂਗਾ। ਮੈਨੂੰ ਉਮੀਦ ਹੈ ਕਿ ਤੁਸੀਂ ਵੀ ਮੇਰੀ ਭਰਪੂਰ ਹਮਾਇਤ ਕਰੋਗੇ। ਇਹ ਜੋ ਮਹੰਤ ਨੇ ਸਾਡੇ ਬਿਠਾਏ ਹੋਏ ਸਾਡੇ ਗੁਰਧਾਮਾਂ ਦੇ ਸੇਵਾਦਾਰ ਹਨ, ਮਾਲਿਕ ਨਹੀਂ। ਪਰ ਇਹ ਤਾਂ ਮਾਲਿਕਾ ਤੋਂ ਵਧ ਬਣ ਬੈਠੇ ਨੇ। ਮੈਂ ਇਕ ਦਿਨ ਨਨਕਾਣੇ ਜਾਕੇ ਮਹੰਤ ਨਾਲ ਉਸਦੀਆਂ ਕਰਤੂਤਾਂ ਬਾਰੇ ਗਲ ਕੀਤੀ ਤਾਂ ਉਹ ਬਹੁਤ ਤਿਲਮਿਲਾਇਆ। ਮੇਰੇ ਅਗੇ ਅੱਖਾਂ ਕੱਢਣ ਲੱਗਾ। ਮੈਂ ਆਖਿਆ ਮਹੰਤਾ ਤੇਰੇ ਦਿਨ ਹੁਣ ਪੁੱਗ ਚੁੱਕੇ ਨੇ। ਤੈਨੂੰ ਸਾਡਾ ਇਹ ਗੁਰੂ ਘਰ ਛੱਡਣਾ ਹੀ ਪੈਣਾ ਹੈ। ਸਾਨੂੰ ਇਸ ਲਈ ਕੁਝ ਵੀ ਕੁਰਬਾਨੀ ਦੇਣੀ ਪਵੇ ਅਸੀਂ ਤਿਆਰ ਹਾਂ।" ਪਰ ਮਹੰਤ ਨੇ ਸਾਧ ਸੰਗਤ ਜੀ ਮੇਰੀ ਤੇ ਮੇਰੇ ਸਾਥੀਆਂ ਦੀ ਚਿਤਾਵਨੀ ਨੂੰ ਗੌਲਿਆ ਨਹੀਂ ਤੇ ਮੈਨੂੰ ਗੁਰਦੁਆਰੇ ਵਿਚੋਂ ਫੌਰਨ ਬਾਹਰ ਜਾਣ ਲਈ ਆਖਿਆ। ਮੈਂ ਜਦੋਂ ਨਾਂਹ ਨੁਕਰ ਕੀਤੀ ਤਾਂ ਸਾਨੂੰ ਸਭਨਾਂ ਨੂੰ ਮਹੰਤ ਦੇ ਬੰਦਿਆਂ ਨੇ ਗੇਟੋਂ ਬਾਹਰ ਕੱਢ ਦਿੱਤਾ। ਉਹ ਬਹੁਤ ਸਾਰੇ ਸਨ ਤੇ ਅਸੀਂ ਕੇਵਲ ਚਾਰ ਜਾਣੇ। ਸਾਡੀ ਕੋਈ ਪੇਸ਼ ਨਾ ਗਈ। ਅਸੀਂ ਰਿੱਝਦੇ ਕਰੁਜਦੇ ਬਾਹਰ ਆ ਗਏ। ਖ਼ਾਲਸਾ ਜੀ ਸਾਨੂੰ ਇੱਕ ਜੁਟ ਹੋਣ ਦੀ ਲੋੜ ਹੈ ਮਹੰਤ ਸਾਡੇ ਸਾਹਮਣੇ ਕੋਈ ਹਸਤੀ ਨਹੀਂ। ਉਸਨੂੰ ਪਿਛੋਂ ਬਰਤਾਨਵੀ ਸਰਕਾਰ ਦੀ ਸ਼ਹਿ ਹੈ। ਉਹ ਬੇਗਾਨੀ ਸ਼ਹਿ ਤੇ ਮੁੱਛਾਂ ਮੁਨਾਈ ਬੈਠਾ ਏ। ਅਸਾਂ ਇਕੱਠੇ ਹੋਕੇ ਉਸਦੀਆਂ ਬਦਤਮੀਜੀਆਂ ਤੇ ਆਪਹੁਦਰੀਆਂ ਨੂੰ ਠੱਲ ਪਾਉਣੀ ਹੈ। ਸਾਡਾ ਤੀਲਾ-ਤੀਲਾ ਉਸਨੂੰ ਨਜ਼ਰ ਨਹੀਂ ਆਉਂਦਾ। ਜਦੋਂ ਅਸੀਂ ਮਾਂਜਾ ਬਣਾਗੇ ਤਾਂ ਸਭ ਕੂੜਾ ਕਰਕਟ ਹੂੰਜ ਕੇ ਲੈ ਜਾਵਾਂਗੇ। ਮਹੰਤ ਹੱਥ ਮਲਦਾ ਰਹਿ ਜਾਵੇਗਾ। ਇਹ ਇਕੱਲਾ ਮਹੰਤ ਨਹੀਂ, ਇਸੇ ਹਮਦਰਦੀ ਹੋਰ ਮਹੰਤ ਵੀ ਹਨ। ਕਰਤਾਰ ਸਿੰਘ ਬੇਦੀ, ਇਸ ਮਹੰਤ ਦਾ ਪੱਕਾ ਸਾਥੀ ਹੈ। ਇਹ ਰਜਵਾੜਾ ਤੇ ਜਗੀਰਦਾਰ ਹੈ। ਬੇਦੀਆਂ ਵਰਗੀ ਇਸਦੀ ਬੁੱਧੀ ਨਹੀਂ। ਇਹ ਗੁਰੂ ਦੀ ਕੁੱਲ ਨੂੰ ਬਦਨਾਮ ਕਰ ਰਿਹਾ ਹੈ। ਇਸਦਾ ਪਿਤਾ ਇਸ ਨਾਲੋਂ ਹਜ਼ਾਰ ਗੁਣਾਂ ਚੰਗਾ ਸੀ। ਪੂਜਾ ਦੇ ਦਾਨ ਨੇ ਇਸਦੀ ਬੁੱਧੀ ਭ੍ਰਿਸ਼ਟ ਕਰ ਰੱਖੀ ਹੈ। ਸਿੱਖ ਪੰਥ ਇਕੱਠਾ ਹੋਕੇ ਇਸਦਾ ਟਾਕਰਾ ਕਰੇ ਤਾਂ ਇਸਨੂੰ ਭਜਿਆਂ ਰਾਹ ਨਹੀਂ ਲੱਭਣੀ। ਇਸ ਲਈ ਖ਼ਾਲਸਾ ਜੀਓ! ਕਮਰਕੱਸੇ ਕਰ ਲਓ ਅਤੇ ਖ਼ਾਲਸਾ ਪੰਥ ਲਈ ਸ਼ਹੀਦੀਆਂ ਦੇਣ ਲਈ

ਤਿਆਰ-ਬਰ-ਤਿਆਰ ਹੋ ਜਾਓ ! ਵਾਹਿਗੁਰੂ ਭਲੀ ਕਰੇਗਾ।

ਜਥੇਦਾਰ ਟਹਿਲ ਸਿੰਘ ਦੀ ਤਕਰੀਰ ਦਾ ਸੰਗਤਾਂ ਨੇ ਬਾਰ-ਬਾਰ ਜੈਕਾਰੇ ਛੱਡਕੇ ਸਵਾਗਤ ਕੀਤਾ। ਇਸ ਤੋਂ ਬਾਅਦ ਇਕ ਭਾਈ ਨੇ ਖ਼ਾਲਸੇ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਤੇ ਕਾਨਫਰੰਸ ਸਮਾਪਤ ਹੋ ਗਈ। ਇਹਨਾਂ ਤਕਰੀਰਾਂ ਨਾਲ ਸੰਗਤਾਂ ਵਿੱਚ ਇਕ ਖ਼ਾਸ ਜੋਸ਼ ਵੇਖਣ ਨੂੰ ਮਿਲ ਰਿਹਾ ਸੀ। ਉਹ ਇਕ ਦੂਜੇ ਨਾਲ ਬਹਿਸ ਕਰਦੇ ਵਾਪਿਸ ਘਰਾਂ ਨੂੰ ਪਰਤ ਰਹੇ ਸਨ। ਸੰਗਤਾਂ ਨੂੰ ਇਕ ਨਵੀਂ ਦਿਸ਼ਾ ਮਿਲੀ ਸੀ। ਇਸ ਤੋਂ ਪਹਿਲਾਂ ਸੰਗਤ ਨੇ ਆਪਣੇ ਨੇਤਾਵਾਂ ਦੇ ਖ਼ਿਆਲ ਕਦੀ ਨਹੀਂ ਸੀ ਸੁਣੇ। ਕਈ ਜਾਣੇ ਸਰਗਰਮ ਸਿਆਸਤ ਵਿੱਚ ਕੁੱਦਣ ਲਈ ਸੋਚ ਰਹੇ ਸਨ ਤੇ ਜਥੇਦਾਰ ਟਹਿਲ ਸਿੰਘ ਨੂੰ ਨਵੇਂ ਪ੍ਰੋਗਰਾਮ ਬਾਰੇ ਦੱਸਣ ਲਈ ਕਹਿ ਰਹੇ ਸਨ। ਟਹਿਲ ਸਿੰਘ ਉਹਨਾਂ ਨੂੰ ਬੜੇ ਭਰੋਸੇ ਸਹਿਤ ਕਹਿ ਰਿਹਾ ਸੀ, ਸਿੰਘੋ ਉਹ ਦਿਨ ਹੁਣ ਬਹੁਤੀ ਦੂਰ ਨਹੀਂ। ਲੋਕ ਉਸ ਉਪਰ ਭਰੋਸਾ ਕਰਕੇ ਉਸ ਨਾਲ ਸਹਿਮਤ ਹੋ ਜਾਂਦੇ ਸਨ। ਉਸਦੀ ਜ਼ਿੰਦਗੀ ਇਕ ਖੁੱਲ੍ਹੀ ਕਿਤਾਬ ਸੀ। ਜੋ ਵੀ ਉਸਦੇ ਅੰਦਰ-ਬਾਹਰ ਵਿੱਚ ਕੋਈ ਅੰਤਰ ਨਹੀਂ ਸੀ।

ਜਲ੍ਹਿਆਂ ਵਾਲੇ ਬਾਗ ਦਾ ਕਤਲੇਆਮ

ਅੰਮ੍ਰਿਤਸਰ ਦੀ ਵਿਸਾਖੀ ਮਸ਼ਹੂਰ ਸੀ। ਜਥੇਦਾਰ ਟਹਿਲ ਸਿੰਘ ਤਾਂ ਅੰਮ੍ਰਿਤਸਰ ਵਿਆਇਆ ਹੋਇਆ ਸੀ। ਉਹ ਤਕਰੀਬਨ ਹਰ ਵਰ੍ਹੇ ਗੁਰੂ ਕੀ ਨਗਰੀ ਦੀ ਵਿਸਾਖੀ ਵੇਖਣ ਆਉਂਦਾ ਸੀ। ਵਿਸਾਖੀ ਵਾਲੇ ਦਿਨ ਹੀ ਖ਼ਾਲਸੇ ਦਾ ਜਨਮ ਹੋਇਆ ਸੀ। ਇਹ ਦਿਨ ਸਿੱਖ ਸੰਗਤ ਲਈ ਖ਼ਾਸ ਮਹੱਤਤਾ ਰੱਖਦਾ ਸੀ। ਉਹ ਵਿਸਾਖੀ ਤੋਂ ਇਕ ਦਿਨ ਪਹਿਲਾਂ ਆਪਣੀ ਸਰਦਾਰਨੀ ਨਾਲ ਅੰਮ੍ਰਿਤਸਰ ਪਹੁੰਚ ਗਿਆ। ਹਰਿਮੰਦਰ ਸਾਹਿਬ ਵਿੱਚ ਬਹੁਤ ਸੰਗਤ ਪਧਾਰੀ ਹੋਈ ਸੀ। ਸ਼ਹਿਰ ਵਿੱਚ ਬਹੁਤ ਰੌਣਕਾਂ ਸਨ। ਥਾਂ-ਥਾਂ ਲੋਕ ਢੋਲ ਨਾਲ ਭੰਗੜਾ ਪਾ ਰਹੇ ਸਨ ਤੇ ਮੌਜਾਂ ਮਨਾ ਰਹੇ ਸਨ। ਰਾਤ ਨੂੰ ਦੀਪਮਾਲਾ ਤੇ ਆਤਿਸ਼ਬਾਜੀ ਵੀ ਵੇਖਣ ਵਾਲੀ ਹੁੰਦੀ ਸੀ।

ਇਸ ਵਾਰ ਸ਼ਹਿਰ ਵਿੱਚ ਪਹਿਲੇ ਸਾਲਾਂ ਨਾਲੋਂ ਕੁਝ ਰੌਣਕ ਸੀ। ਸ਼ਹਿਰ ਵਿੱਚ ਇਕ ਹਫ਼ਤਾ ਪਹਿਲਾਂ ਕੁਝ ਖ਼ੂਨੀ ਝੱੜਪਾਂ ਹੋਈਆਂ ਸਨ। ਇਹਨਾਂ ਵਿੱਚ ਇਕ ਅੰਗਰੇਜ਼ ਔਰਤ ਤੇ ਦੋ ਹੋਰ ਅੰਗਰੇਜ਼ ਮੁਜ਼ਾਹਰਾਕਾਰੀਆਂ ਦੀ ਭੀੜ ਨੇ ਮਾਰ ਮੁਕਾਏ ਸਨ। ਸ਼ਹਿਰ ਵਿੱਚ ਇਸੇ ਦਿਨ ਕਰਫਿਊ ਲਾਇਆ ਗਿਆ ਸੀ। ਲੋਕਾਂ ਦੇ ਮਕਬੂਲ ਨੇਤਾਵਾਂ ਨੂੰ ਫੜਕੇ ਜੇਲ੍ਹ ਵਿੱਚ ਸੁਟਿਆ ਗਿਆ ਸੀ। ਲੋਕਾਂ ਵਿੱਚ ਇਸ ਗਲ ਦਾ ਬਹੁਤ ਰੋਸ ਸੀ। ਵਿਸਾਖੀ ਵਾਲੇ ਦਿਨ ਦੇਸ਼ ਭਗਤ ਅੰਦੋਲਨਕਾਰੀਆਂ ਨੂੰ ਜਲ੍ਹਿਆਂ ਵਾਲੇ ਬਾਗ ਵਿੱਚ ਇਕੱਤਰ ਹੋਣ ਲਈ ਆਖਿਆ ਸੀ। ਸ਼ਾਮ ਨੂੰ ਚਾਰ ਵਜੇ ਜਲ੍ਹਿਆਂ ਵਾਲਾ ਬਾਗ ਲੋਕਾਂ ਨਾਲ ਭਰ ਗਿਆ। ਭਾਵੇਂ ਅੰਗਰੇਜ਼ ਸਰਕਾਰ ਨੇ ਕਿਸੇ ਇਕੱਤਰਤਾ ਦੀ ਮਨਾਹੀ ਕਰਕੇ ਸਾਰੇ ਸ਼ਹਿਰ ਵਿੱਚ ਦਫ਼ਾ 144 ਲਾਈ ਹੋਈ ਸੀ ਪਰ ਮੇਲੇ ਕਾਰਨ ਲੋਕਾਂ ਉਪਰ ਬਹੁਤ ਘੱਟ ਅਸਰ ਹੋਇਆ। ਦੂਰੋਂ-ਦੂਰੋਂ ਲੋਕ ਪਹਿਲਾਂ ਦਰਬਾਰ ਸਾਹਿਬ ਆਕੇ ਮੱਥਾ ਟੇਕਦੇ ਤੇ ਫਿਰ ਜਲ੍ਹਿਆਂ ਵਾਲੇ ਬਾਗ ਵਿੱਚ ਆਉਣ ਲਗੇ। ਨੇਤਾ ਲੋਕ ਵੀ ਪਹੁੰਚ ਗਏ ਤੇ ਵਕਤ ਦੇ ਹਾਲਾਤ ਬਾਰੇ ਵਿਚਾਰਾਂ ਹੋਣ ਲਗੀਆਂ। ਅੰਗਰੇਜ਼ਾਂ ਨੇ ਪਹਿਲੀ ਆਲਮੀ ਜੰਗ ਵੇਲੇ ਭਾਰਤੀ ਨੇਤਾਵਾਂ ਨਾਲ ਵਾਅਦਾ ਕੀਤਾ ਸੀ ਕਿ ਜੰਗ ਦੇ ਖ਼ਾਤਮੇ ਉਪਰੰਤ ਭਾਰਤ ਲੋਕਾਂ ਨੂੰ ਖੁਲ੍ਹੇ ਹੱਕ ਹਕੂਕ ਪ੍ਰਦਾਨ ਕੀਤੇ ਜਾਣਗੇ। ਜੰਗ ਖ਼ਤਮ ਹੋਈ ਤਾਂ ਸਾਡੇ ਲੋਕ ਆਪਣੇ ਹੱਕਾਂ ਦੀ ਮੰਗ ਕਰਨ ਲਗੇ। ਇਸ ਸਿਲਸਿਲੇ ਸੰਬੰਧੀ ਦੇਸ਼ ਭਰ ਵਿੱਚ, ਖ਼ਾਸ ਕਰਕੇ ਪੰਜਾਬ ਵਿੱਚ ਸਰਕਾਰ ਵਿਰੁੱਧ ਬਹੁਤ ਮੁਜ਼ਾਹਰੇ ਹੋਏ ਪਰ ਅੰਗਰੇਜ਼ਾਂ ਨੇ ਭਾਰਤੀ ਲੋਕਾਂ ਨਾਲ ਖ਼ਾਲੀ ਲਾਰਾ ਹੀ ਲਾਇਆ ਸੀ। ਮੁਜਾਹਿਰਆਂ ਨਾਲ ਜਦੋਂ ਮਾਹੌਲ ਗਰਮ ਹੋਇਆ ਤਾਂ ਸਰਕਾਰ ਨੇ ਸਖ਼ਤੀ ਨਾਲ ਕਦਮ ਚੁੱਕੇ ਤੇ ਸਾਰੇ ਨੇਤਾਵਾਂ ਨੂੰ ਜੇਲ੍ਹਾਂ ਵਿੱਚ ਡਕ ਦਿੱਤਾ ਤੇ ਕਿਸੇ ਕਿਸਮ ਦੇ

ਮੁਜ਼ਾਹਰੇ ਕਰਨ ਦੀ ਮਨਾਹੀ ਕਰ ਦਿੱਤੀ। ਲੋਕਾਂ ਦੇ ਦਿਲਾਂ ਵਿੱਚ ਸਰਕਾਰ ਦੀ ਦਮਨਕਾਰੀ ਨੀਤੀ ਵਿਰੁੱਧ ਬਹੁਤ ਗੁੱਸਾ ਸੀ। ਇਸੇ ਲਈ ਲੋਕਾਂ ਨੂੰ ਵਿਸਾਖੀ ਵਾਲੇ ਦਿਨ ਬਿਨਾਂ ਕਿਸੇ ਮਨਾਹੀ ਦੇ ਬਾਗ਼ ਵਿੱਚ ਸ਼ਰੇਆਮ ਇਕੱਤਰ ਹੋਣਾ ਸ਼ੁਰੂ ਕਰ ਦਿੱਤਾ।

ਜਥੇਦਾਰ ਟਹਿਲ ਸਿੰਘ ਵੀ ਬਾਗ ਵਿੱਚ ਪਹੁੰਚ ਗਿਆ। ਘੰਟਾ ਕੁ ਠਹਿਰਕੇ ਉਸਨੇ ਹਰਿਮੰਦਰ ਸਾਹਿਬ ਵਲ ਮੂੰਹ ਕੀਤਾ। ਮੱਥਾ ਟੇਕ ਕੇ ਉਹ ਜਦੋਂ ਲੰਗਰ ਛੱਕਣ ਜਾ ਰਿਹਾ ਸੀ ਤਾਂ ਬਾਹਰੋਂ ਗੋਲੀਆਂ ਚੱਲਣ ਦੀ ਅਵਾਜ਼ ਆਉਣ ਲਗੀ। ਇਹ ਅਵਾਜ਼ ਸੁਣਕੇ ਲੋਕ ਦਰਬਾਰ ਸਾਹਿਬ ਵੱਲ ਭੱਜਣ ਲਗੇ। ਉਹਨਾਂ ਪਾਸੋਂ ਪਤਾ ਲਗਾ ਕਿ ਫੌਜ ਨੇ ਜਲ੍ਹਿਆਂ ਵਾਲੇ ਬਾਗ ਨੂੰ ਘੇਰਾ ਪਾ ਲਿਆ ਹੈ ਤੇ ਉਸ ਵਲ ਜਾਣ ਵਾਲਾ ਇਕੋ ਇਕ ਰਸਤਾ ਮਲ ਲਿਆ ਹੈ। ਲਗਾਤਾਰ ਗੋਲੀਆਂ ਚੱਲ ਰਹੀਆਂ ਸਨ ਤੇ ਕੁਝ ਲੋਕ ਜ਼ਖ਼ਮੀ ਹਾਲਤ ਵਿੱਚ ਦਰਬਾਰ ਸਾਹਿਬ ਪਨਾਹ ਲੈਣ ਲਈ ਦੌੜੇ ਆ ਰਹੇ ਸਨ। ਉਹਨਾਂ ਤੋਂ ਟਹਿਲ ਸਿੰਘ ਨੂੰ ਪਤਾ ਲਗਾ ਕਿ ਹਜ਼ਾਰਾਂ ਲੋਕ ਮਾਰੇ ਗਏ ਹਨ। ਬਹੁਤ ਸਾਰੇ ਜਖ਼ਮੀ ਹਾਲਤ ਵਿੱਚ ਉੱਥੇ ਤੜਪ ਰਹੇ ਸਨ। ਕੁਝ ਲੋਕ ਬਾਗ ਦੀਆਂ ਬਾਹਰਲੀਆਂ ਕੰਧਾਂ ਟੱਪ ਕੇ ਬਾਗੋਂ ਬਾਹਰ ਨਿਕਲ ਆਏ ਸਨ। ਉਹਨਾਂ ਪਾਸੋਂ ਹੀ ਅੰਦਰ ਦਾ ਹਾਲ ਮਾਲੂਮ ਹੋ ਰਿਹਾ ਸੀ। ਟਹਿਲ ਸਿੰਘ ਜੋ ਕੁਝ ਸਮਾਂ ਪਹਿਲਾਂ ਉਥੋਂ ਮੱਥਾ ਟੇਕਨ ਲਈ ਆਇਆ ਸੀ। ਸਭ ਕੁਝ ਸੁਣ ਕੇ ਗੁੱਸੇ ਨਾਲ ਲਾਲ ਪੀਲਾ ਹੋ ਰਿਹਾ ਸੀ। ਉਹ ਬਾਗ ਵੱਲ ਭੱਜਾ। ਪਰ ਅਗੇ ਪੁਲਸ ਖੜੀ ਸੀ। ਸਾਰੇ ਸ਼ਹਿਰ ਵਿੱਚ ਕਰਫਿਊ ਲਗਣ ਦੀ ਮਨਾਈ ਵੀ ਹੋ ਰਹੀ ਸੀ। ਗਲੀਆਂ ਵਿੱਚੋਂ ਲੰਘਦਾ ਉਹ ਬਾਗ ਦੇ ਲਾਗੇ ਵਾਲੀ ਗਲੀ ਵਿੱਚ ਪਹੁੰਚ ਗਿਆ। ਚਾਣਚੱਕ ਉੱਥੇ ਇਕ ਅੰਗਰੇਜ਼ ਪੁਲਸ ਅਫ਼ਸਰ ਘੋੜੇ ਤੇ ਚੜਿਆ ਉਸ ਕੋਲ ਆਇਆ। ਉਸਨੇ ਟਹਿਲ ਸਿੰਘ ਨੂੰ ਬਲੱਡੀ ਬਾਸਟਰਡ ਕਹਿਕੇ ਬੁਲਾਇਆ ਤੇ ਨਾਲ ਖਲੋਤੇ ਪੁਲਸ ਵਾਲਿਆਂ ਨੂੰ ਹੁਕਮ ਦਿੱਤਾ ਕਿ ਉਸਦੇ ਪੰਜ ਕੋੜੇ ਮਾਰੇ ਜਾਣ। ਉਸ ਨੂੰ ਲੰਮੇ ਪਾਕੇ ਪੰਜ ਕੋੜੇ ਮਾਰੇ ਗਏ ਉਸਦੇ ਨਾਲ ਹੋਰ ਲੋਕਾਂ ਨੂੰ ਵੀ ਕੋੜੇ ਵਜ ਰਹੇ ਸਨ। ਇਕ ਬਜ਼ੁਰਗ ਨੂੰ ਜਦ ਕੋੜੇ ਮਾਰੇ ਗਏ ਤਾਂ ਉਸਦੀ ਟੱਟੀ ਪਿਸ਼ਾਬ ਵਿੱਚੇ ਹੀ ਨਿਕਲ ਗਿਆ। ਸਭਨਾਂ ਨੂੰ ਫਿਰ ਰੀਂਘਕੇ ਚੱਲਣ ਦਾ ਹੁਕਮ ਕੀਤਾ ਗਿਆ ਜਿਹੜਾ ਜੁਗ ਵੀ ਕੁਤਾਹੀ ਕਰਦਾ ਤਾਂ ਉਸਨੂੰ ਹੋਰ ਕੋੜੇ ਮਾਰੇ ਜਾਂਦੇ ਸਨ। ਟਹਿਲ ਸਿੰਘ ਨੇ ਇਸਤਰ੍ਹਾਂ ਚੱਲਣ ਤੋਂ ਜਦ ਇਨਕਾਰ ਕੀਤਾ ਤਾਂ ਪੁਲਸ ਵਾਲਿਆਂ ਉਸਨੂੰ ਗਾਲਾਂ ਕੱਢੀਆਂ ਕੋੜੇ ਮਾਰਨ ਲਈ ਅਗੇ ਵਧੇ। ਟਹਿਲ ਸਿੰਘ ਨੇ ਇਕ ਪੁਲਸ ਵਾਲੇ ਕੋਲੋਂ ਕੋੜਾ ਖੋਹ ਲਿਆ ਤੇ ਉਸਦੇ ਕੋੜੇ ਮਾਰਨੇ ਸ਼ੁਰੂ ਕਰ ਦਿੱਤੇ। ਇਸ ਸਮੇਂ ਪੰਜ ਸਤ ਸਿਪਾਹੀ ਟਹਿਲ ਸਿੰਘ ਉਪਰ ਟੁੱਟ ਪਏ। ਟਹਿਲ ਸਿੰਘ ਨੂੰ ਬੇਤਹਾਸ਼ਾ ਕੁੱਟਿਆ ਗਿਆ। ਟਹਿਲ ਸਿੰਘ ਨੇ ਫਿਰ ਰੀਂਘਕੇ ਮਸਾਂ ਆਪਣੀ ਜਾਨ ਛੁਡਾਈ।

ਇਸ ਘਟਨਾ ਬਾਅਦ ਉਸਨੇ ਮਸਾਂ ਹੀ ਗਲੀਆਂ ਵਿੱਚ ਲੰਘ ਕੇ ਦਰਬਾਰ

ਸਾਹਿਬ ਦਾ ਰਸਤਾ ਲਭਿਆ। ਉਹ ਪੂਰੀ ਤਰ੍ਹਾਂ ਲਹੂ ਲੁਹਾਨ ਹੋ ਚੁੱਕਾ ਸੀ। ਉਸਨੇ ਦਰਬਾਰ ਸਾਹਿਬ ਦੀ ਪਰਕਰਮਾਂ ਵਿੱਚ ਬੈਠਕੇ ਆਪਣੀ ਪਗੜੀ ਪਾੜ ਕੇ ਆਪਣੇ ਜ਼ਖ਼ਮਾਂ ਨੂੰ ਸਾਫ਼ ਕੀਤਾ ਤੇ ਬੰਨ੍ਹਿਆ। ਇਕ ਹੋਰ ਯਾਤਰੂ ਨੇ ਉਸਦੇ ਜ਼ਖ਼ਮਾਂ ਨੂੰ ਸਾਫ਼ ਕੀਤਾ ਤੇ ਸਰੋਵਰ ਵਿਚੋਂ ਪਾਣੀ ਲਿਆਕੇ ਉਸਨੂੰ ਪਿਲਾਇਆ। ਉਸਦੇ ਅੰਦਰ ਗੁੱਸੇ ਤੇ ਗਿਲਾਨੀ ਦੇ ਭਾਂਬੜ ਬਲ ਰਹੇ ਸਨ। ਉਹ ਸੋਚ ਰਿਹਾ ਸੀ ਕਿ ਗ਼ੁਲਾਮ ਕੌਮਾਂ ਦੀ ਕੋਈ ਜ਼ਿੰਦਗੀ ਨਹੀਂ ਹੁੰਦੀ। ਉਹ ਸੋਚ ਰਿਹਾ ਸੀ ਕਿ ਇਸ ਬੇਇਜ਼ਤੀ ਤੇ ਖ਼ਨਾਮੀ ਨਾਲੋਂ ਤਾਂ ਉਹ ਬਾਗ ਵਿੱਚ ਬਾਕੀਆਂ ਨਾਲ ਸ਼ਹੀਦ ਹੋ ਜਾਂਦਾ ਤਾਂ ਬੇਹਤਰ ਸੀ। ਉਸ ਦਾ ਸਾਰਾ ਸਰੀਰ ਦਰਦ ਕਰ ਰਿਹਾ ਸੀ। ਸ਼ਹਿਰ ਵਿੱਚ ਕਰਫਿਊ ਲਗਾ ਹੋਣ ਕਰਕੇ ਉਹ ਸੌਹਰੇ ਘਰ ਵੀ ਨਹੀਂ ਜਾ ਸਕਦਾ ਸੀ। ਉਹ ਪਹਿਲਾਂ ਵਾਂਗ ਗਲੀਆਂ ਵਿਚੋਂ ਲੰਘਣ ਦੀ ਗ਼ਲਤੀ ਦੁਹਰਾਉਣਾ ਨਹੀਂ ਚਾਹੁੰਦਾ ਸੀ। ਇਸ ਲਈ ਉਹ ਪ੍ਰਕਰਮਾਂ ਵਿੱਚ ਇਕ ਕਮਰੇ ਵਿੱਚ ਹੀ ਲੰਮਾ ਪੈ ਗਿਆ। ਉਸਦੇ ਇਕ ਸਹਿਯੋਗੀ ਨੇ ਲੰਗਰਖਾਨੇ ਵਿਚੋਂ ਲਿਆ ਕੇ ਦੋ ਪਰਸ਼ਾਦੇ ਤੇ ਦਾਲ ਦੀ ਕੌਲੀ ਲੈ ਆਂਦੀ। ਟਹਿਲ ਸਿੰਘ ਨੇ ਸਵੇਰ ਦੀ ਰੋਟੀ ਖਾਧੀ ਸੀ। ਉਹ ਪ੍ਰਸ਼ਾਦੇ ਖਾਕੇ ਲੰਮਾ ਪੈ ਗਿਆ। ਪਰ ਉਸਨੂੰ ਨੀਂਦ ਨਹੀਂ ਆ ਰਹੀ ਸੀ। ਉਹ ਬਾਗ਼ ਵਾਲੀ ਘਟਨਾ ਬਾਰੇ ਸੋਚੀ ਜਾ ਰਿਹਾ ਸੀ। ਕਈ ਭਿਆਨਕ ਦ੍ਰਿਸ਼ ਉਸਦੇ ਦੀਦਿਆਂ ਅਗੇ ਘੁੰਮ ਰਹੇ ਸਨ। ਫਿਰ ਪਤਾ ਨਹੀਂ ਕਿਹੜੇ ਵੇਲੇ ਉਸਨੂੰ ਨੀਂਦ ਨੇ ਆ ਦਬੋਚਿਆ। ਜਦੋਂ ਉਹ ਉਠਿਆ ਤਾਂ ਚਿੱਟਾ ਦਿਨ ਚੜ੍ਹਿਆ ਹੋਇਆ ਸੀ। ਉਸਨੇ ਉੱਠਕੇ ਸਰੋਵਰ ਵਿਚੋਂ ਪੰਜ ਇਸ਼ਨਾਨਾ ਕੀਤਾ ਤ ਹੌਲੀ-ਹੌਲੀ ਲੰਗੜਾਉਂਦਾ ਉਹ ਸੌਹਰੇ ਘਰ ਵਲ ਤੁਰ ਪਿਆ। ਗਲੀ ਵਿੱਚ ਰੀਂਗਣ ਕਾਰਨ ਉਸਦੀ ਸਾਰੀ ਛਾਤੀ ਛਿਲੀ ਹੋਈ ਸੀ ਤੇ ਪਿੱਠ ਉਪਰ ਕੋੜਿਆਂ ਨਾਲ ਲਾਸਾਂ ਪਈਆਂ ਹੋਈਆਂ ਸਨ। ਉਸ ਵਕਤ ਕਰਫਿਊ ਹਟਾਇਆ ਹੋਇਆ ਸੀ। ਜਦੋਂ ਉਹ ਘਰ ਪਰਤਿਆ ਤਾਂ ਪਰਿਵਾਰ ਦੇ ਸਾਰੇ ਜੀ ਉਸਦੀ ਉਡੀਕ ਕਰ ਰਹੇ ਸਨ। ਉਸਦੀ ਹਾਲਤ ਵੇਖਕੇ ਸਭ ਘਬਰਾ ਗਏ। ਉਹਨਾਂ ਨੂੰ ਖ਼ੁਸ਼ੀ ਵੀ ਹੋਈ ਕਿ ਉਹ ਸਹੀ ਸਲਾਮਤ ਘਰ ਪਹੁੰਚ ਗਏ ਹਨ। ਉਹਨਾਂ ਦੇ ਜੋਸ਼ੀਲੇ ਸੁਭਾਅ ਤੋਂ ਉਸਦੇ ਸਾਲੇ ਇਹ ਅੰਦਾਜ਼ਾ ਲਗਾ ਰਹੇ ਸਨ ਕਿ ਉਹ ਕਿਧਰੇ ਬਾਗ਼ ਵਿੱਚ ਹੀ ਨਾ ਘਿਰ ਗਏ ਹੋਣ ਕਿਉਂਕਿ ਘਰੋਂ ਉਹ ਬਾਗ ਵਿੱਚ ਹੋਣ ਵਾਲੇ ਜਲਸੇ ਵਿੱਚ ਹਿੱਸਾ ਲੈਣ ਗਏ ਸਨ। ਖ਼ੈਰ ਸਭ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ ਕਿ ਭਾਈ ਸਾਹਿਬ ਜੀਂਦੇ ਜਾਗਦੇ ਵਾਪਿਸ ਘਰ ਪਹੁੰਚ ਗਏ ਹਨ। ਕਈ ਦਿਨ ਉਸਦੇ ਜ਼ਖ਼ਮਾਂ ਦਾ ਇਲਾਜ ਹੁੰਦਾ ਰਿਹਾ ਤੇ ਉਹ ਆਪਣੀ ਸਰਦਾਰਨੀ ਨੂੰ ਨਾਲ ਲੈ ਕੇ ਫਿਰ ਨਿਜ਼ਾਮਪੁਰੇ ਵਲ ਤੁਰ ਪਏ।

ਇਸ ਘਟਨਾ ਨਾਲ ਜਥੇਦਾਰ ਟਹਿਲ ਸਿੰਘ ਦੀ ਅੰਗਰੇਜ਼ੀ ਸਰਕਾਰ ਵਿਰੁੱਧ ਘਿਰਨਾ ਦੂਣੀ ਤੀਣੀ ਹੋ ਗਈ। ਉਸਨੂੰ ਅਖ਼ਬਾਰਾਂ ਪੜ੍ਹਕੇ ਇਹ ਪਤਾ ਲਗਾ ਕਿ ਦਰਬਾਰ ਸਾਹਿਬ ਦੇ ਮਹੰਤ ਅਰੂੜ ਸਿੰਘ ਨੇ ਜਨਰਲ ਡਾਇਰ ਨੂੰ ਸਿਰੋਪਾ ਭੇਂਟ ਕੀਤਾ ਹੈ ਤੇ ਉਸਨੂੰ ਗੁਰੂ ਘਰ ਵਲੋਂ ਸਨਮਾਨਿਆ ਹੈ। ਮਹੰਤਾਂ ਦੀ ਇਸ ਕਾਰਵਾਈ ਨੇ

ਬਲਦੀ ਉਪਰ ਤੇਲ ਛਿੜਕਣ ਦਾ ਕੰਮ ਕੀਤਾ। ਉਸਨੇ ਮਹੰਤਾਂ ਨਾਲ ਸਿੱਧੀ ਟੱਕਰ ਲੈਣ ਦਾ ਮਨ ਬਣਾ ਲਿਆ ਪਿੰਡ ਪਹੁੰਚਕੇ ਉਸਨੇ ਆਪਣੇ ਸਾਥੀਆਂ ਨਾਲ ਮਹੰਤਾਂ ਵਿਰੁੱਧ ਸਖ਼ਤ ਕਾਰਵਾਈ ਕਰਨ ਬਾਰੇ ਸੋਚ ਵਿਚਾਰ ਕੀਤੀ। ਦੋ ਅਕਤੂਬਰ 1920 ਨੂੰ ਸ਼ੇਖ਼ੂਪੁਰੇ ਦੇ ਪਿੰਡ ਧਾਰੋਵਾਲੀ ਵਿਖੇ ਜਥੇਦਾਰ ਲਛਮਣ ਸਿੰਘ ਦੇ ਯਤਨਾਂ ਸਦਕਾ ਇਕ ਭਾਰੀ ਕਾਨਫਰੰਸ ਕੀਤੀ ਗਈ। ਇਸ ਵਿੱਚ ਦੂਰ-ਦੂਰ ਪਿੰਡਾਂ ਦੇ ਲੋਕਾਂ ਨੇ ਭਾਗ ਲਿਆ। ਇਸ ਵਿੱਚ ਸਭ ਧਰਮਾਂ ਦੀ ਨੇਤਾ ਇਕੱਠੇ ਹੋਏ। ਸਭ ਨੇ ਆਪਸੀ ਭਾਈਚਾਰੇ ਨੂੰ ਵਧਾਉਣ ਲਈ ਵਿਚਾਰਾਂ ਕੀਤੀਆਂ। ਸਿੱਖਾਂ ਦੇ ਧਾਰਮਿਕ ਨੇਤਾਵਾਂ ਨੇ ਜਿਸ ਵਿੱਚ ਭਾਈ ਲਛਮਣ ਸਿੰਘ, ਭਾਈ ਦਲੀਪ ਸਿੰਘ, ਭਾਈ ਕਰਤਾਰ ਸਿੰਘ ਭੁੱਚਰ ਤੇ ਭਾਈ ਟਹਿਲ ਸਿੰਘ ਸ਼ਾਮਲ ਸਨ। ਇਸ ਮੌਕੇ ਤੇ ਖ਼ਾਸ ਕਰਕੇ ਮੁਕਾਰੀ ਨੇਤਾ ਭਾਈ ਟਹਿਲ ਸਿੰਘ ਨੇ ਆਪਣੀ ਧਾਰਮਿਕ ਗ਼ੈਰਤ ਤੋਂ ਪ੍ਰਭਾਵਤ ਹੋਕੇ ਇਕ ਜ਼ੋਰਦਾਰ ਤਕਰੀਰ ਕਰਦਿਆਂ ਆਖਿਆ, "ਐ ਪੰਥ ਦੇ ਸੇਵਕੋ ਤੁਹਾਡਾ ਸਭ ਨਾਲੋਂ ਪਹਿਲਾ ਤੇ ਜ਼ਰੂਰੀ ਫਰਜ਼ ਇਹ ਹੈ ਕਿ ਗੁਰਦੁਵਾਰਿਆਂ ਦੇ ਸੁਧਾਰ ਲਈ ਜਾਨਾਂ ਵਾਰਨ ਲਈ ਤਿਆਰ ਹੋ ਜਾਓ ਅਤੇ ਸਿਰ ਤਲੀ ਤੇ ਰੱਖਕੇ, ਬਾਬੇ ਦੀਪ ਸਿੰਘ ਵਾਂਗ, ਮੈਦਾਨ ਵਿੱਚ ਕੁੱਦ ਪਓ। ਮੇਰੇ ਭਰਾਓ ਮੇਰੀ ਗਲ ਇਹ ਯਾਦ ਰਖਿਓ ਜੇ, ਜਿੰਨਾਂ ਚਿਰ ਸਾਡਾ ਸਿਰ ਸਾਡੇ ਧੜ ਤੇ ਕਾਇਮ ਹੈ, ਉਹਨਾਂ ਚਿਰ ਕੁਝ ਨਹੀਂ ਜੇ ਹੋਣਾ। ਭਾਵੇਂ ਜਿੰਨੀਆਂ ਮਰਜੀਆਂ ਮਿਨੰਤਾਂ ਨਰਾਇਣੇ ਮਹੰਤ ਕੋਲ ਕਰ ਲਓ ! ਜਿੰਨੀਆਂ ਮਰਜ਼ੀ ਸ਼ਿਕਾਇਤਾਂ ਉਸਦੇ ਵਿਰੁੱਧ ਸਰਕਾਰ ਕੋਲ ਕਰ ਲਓ ! ਜਿੰਨੀਆਂ ਮਰਜੀ ਕਾਨਫਰੰਸਾਂ ਕਰਕੇ ਮਹੰਤ ਵਿਰੁੱਧ ਮਤੇ ਪਾਸ ਕਰੋ, ਕੁਝ ਨਹੀਂ ਹੋਣ ਵਾਲਾ। ਚੋਰ ਤੇ ਕੁੱਤੀ ਆਪਸ ਵਿੱਚ ਰਲੇ ਹੋਏ ਹਨ। ਇਹਨਾਂ ਦੇ ਮੁਫਾਦ ਸਾਂਝੇ ਹਨ। ਇਹ ਦੋਹਵੇਂ ਪੰਥ ਦੇ ਦੁਸ਼ਮਣ ਤੇ ਦੋਖੀ ਹਨ। ਇਹਨਾਂ ਨੇ ਸਾਡੇ ਗੁਰਧਾਮਾਂ ਨੂੰ ਬਦਨਾਮ ਕਰਕੇ ਸਾਡੇ ਧਰਮ ਨੂੰ ਤਬਾਹ ਕਰਨ ਦੀ ਠਾਣੀ ਹੋਈ ਹੈ। ਇਹ ਮਹੰਤ ਜਿਵੇਂ ਇਸਨੇ ਸਾਡੀ ਇਜ਼ਤ ਨੂੰ, ਸਾਡੀਆਂ ਮਾਵਾਂ ਭੈਣਾ ਦੀ ਇੱਜ਼ਤ ਨੂੰ ਦਿਨ ਦਿਹਾੜੇ ਰੋਲਿਆ ਹੈ, ਉਸੇ ਤਰ੍ਹਾਂ ਅਸਾਂ ਵੀ ਇਕੱਠੇ ਹੋਕੇ ਇਸ ਕਮੀਨੇ ਕੁਲੈਣੇ ਨੂੰ ਕੁੱਤੇ ਦੀ ਮੌਤੇ ਮਾਰਨਾ ਹੈ। ਇਸ ਕਾਰਜ ਲਈ ਸਿਰਾਂ ਦੀ ਲੋੜ ਹੈ। ਸਿਰ ਦੇਣ ਲਈ ਪੰਥ ਤਿਆਰ ਹੋ ਜਾਵੇ, ਮਹੰਤ ਨੂੰ ਭੱਜਦੇ ਨੂੰ ਰਾਹ ਨਹੀਂ ਲਭਣਾ। ਜੋ ਅਸੀਂ ਨਨਕਾਣੇ ਵਿੱਚ ਆਪਣੀ ਦੁਰਗਤ ਹੁੰਦੀ ਸੁਣਦੇ ਜਾਂ ਪੜ੍ਹਦੇ ਹਾਂ; ਇਹ ਕੋਈ ਮਨਘੜਤ ਕਹਾਣੀਆਂ ਨਹੀਂ। ਸਾਡੀਆਂ ਧੀਆਂ ਭੈਣਾਂ ਦੀ ਦੁਰਗਤ ਅੱਜ ਕਲ੍ਹ ਹੀ ਨਹੀਂ ਹੋਈ ਇਕ ਦਰਜਨਾਂ ਵਰ੍ਹਿਆਂ ਤੋਂ ਹੋ ਰਹੀ ਏ। ਲੋਕੀਂ ਡਰਦੇ ਸ਼ਿਕੈਤ ਨਹੀਂ ਕਰਦੇ। ਉਹਨਾਂ ਨੂੰ ਪੂਰੀ ਤਰ੍ਹਾਂ ਪਤਾ ਏ ਕਿ ਸਾਡੀ ਦਾਦ-ਫਰਿਆਦ ਨਾ ਤਾਂ ਇਸ ਦੁਸ਼ਟ ਮਹੰਤ ਨੇ ਸੁਣਨੀ ਏ ਤੇ ਨਾ ਹੀ ਗੋਰਿਆਂ ਦੀ ਸਰਕਾਰ ਨੇ। ਇਸ ਮਹੰਤ ਦੀ ਗਲ ਕਰਦੇ ਓ, ਇਹ ਜ਼ਾਲਿਮ ਦਾ ਪੁੱਤ ਮੂੰਹ ਦਾ ਮਿੱਠਾ ਤੇ ਸਿਪਲਾ ਏ। ਜਦੋਂ ਸਾਡੇ ਆਗੂ ਏਹਦੇ ਕੋਲ ਜਾਂਦੇ ਨੇ ਇਹ ਗਲਾਂਬਾਤਾਂ ਨਾਲ ਉਹਨਾਂ ਨੂੰ ਖ਼ੁਸ਼ ਕਰਨ ਦੀ ਕੋਸ਼ਿਸ਼ ਕਰਦਾ ਏ ਤੇ ਆਪਣੇ ਆਪ ਨੂੰ ਪੰਥ ਦਾ ਦਾਸ ਆਖਦਾ ਏ ਪਰ

ਦਰਅਸਲ ਇਹ ਪੰਥ ਦਾ ਦੋਖੀ ਨੰਬਰ ਇਕ ਹੈ। ਇਹ ਜਨਮ ਅਸਥਾਨ ਵਾਲੇ ਗੁਰਦੁਆਰੇ ਨੂੰ ਆਪਣੀ ਨਿੱਜੀ ਮਾਲਕੀ ਸਮਝਦਾ ਏ। ਲੱਖਾਂ ਰੁਪੈ ਸਲਾਨਾ ਇਸਨੂੰ ਜਮੀਨ ਦਾ ਮਾਮਲਾ ਮਿਲਦਾ ਏ ਤੇ ਇਸ ਤੋਂ ਕਈ ਗੁਣਾਂ ਵੱਧ ਸੰਗਤ ਵਲੋਂ ਚੜ੍ਹਾਵਾ ਸਿੱਧਾ ਇਸ ਦੀ ਜੇਬ ਵਿੱਚ ਜਾਂਦਾ ਏ। ਸੁਣਿਆ ਇਹ ਵੀ ਹੈ ਕਿ ਇਸਨੇ ਸਾਰੇ ਪੁਲਸ ਅਫ਼ਸਰ ਤੇ ਹੋਰ ਆਪਾ ਸਿਵਲ ਅਫ਼ਸਰ ਆਪਣੇ ਪੈਸੇ ਦੇ ਜ਼ੋਰ ਨਾਲ ਗੰਢੇ ਹੋਏ ਹਨ। ਉਹ ਸਭ ਇਸਦੀ ਬੋਲੀ ਬੋਲਦੇ ਹਨ। ਇਹ ਵੀ ਸੁਣਿਆ ਏ ਕਿ ਜਦੋਂ ਤੋਂ ਸ਼੍ਰੋਮਣੀ ਗੁਰਦੁਆਰਾ ਕਮੇਟੀ ਬਣੀ ਏ, ਉਸ ਦਿਨ ਤੋਂ ਇਸ ਦੁਸ਼ਟ ਨੂੰ ਵੀ ਖ਼ਦਸ਼ਾ ਹੈ ਕਿ ਇਸ ਕੋਲੋਂ ਪੰਥ ਇਸ ਦੀ ਜਗੀਰ ਖੋਹ ਨਾ ਲਵੇ। ਸਾਰੇ ਮਹੰਤਾਂ ਨੂੰ ਭਾਜੜ ਪਈ ਹੋਈ ਆ। ਇਹਦੇ ਕੋਲ ਸਭ ਤੋਂ ਵੱਡੀ ਜਗੀਰ ਹੈ, ਇਸ ਲਈ ਇਹਨੂੰ ਬਾਕੀਆਂ ਨਾਲੋਂ ਵਧੇਰੇ ਖ਼ਤਰਾਏ। ਜਿਸ ਤਰ੍ਹਾਂ ਅਸੀਂ ਸਿੱਖਾਂ ਦੇ ਆਗੂ, ਆਪਣੇ ਗੁਰਧਾਮਾਂ ਨੂੰ ਮੁਕਤ ਕਰਾਉਣ ਲਈ ਲਾਮਬੱਧ ਹੋ ਰਹੇ ਆਂ, ਇਸੇ ਤਰ੍ਹਾਂ ਸਾਰੇ ਮਹੰਤ, ਵੀ ਮੀਟਿੰਗਾਂ ਕਰ ਰਹੇ ਹਨ। ਉਹਨਾਂ ਨੂੰ ਵੀ ਭੜਥੂ ਪਿਆ ਹੋਇਆ ਏ।"

"ਖ਼ਾਲਸਾ ਜੀ ਪੋਲੀ ਪੈਰੀਂ ਇਸ ਮਹੰਤ ਨੇ ਸਾਡੀ ਸਭ ਤੋਂ ਮੁਕਦਸ ਜਗਾ ਨਹੀਂ ਛੱਡਣੀ। ਇਸ ਨੇ ਖ਼ਾਲਸੇ ਦੀਆਂ ਬੇਨਤੀਆਂ ਤੇ ਅਰਦਾਸਾਂ ਤਾਂ ਸੁਣੀਆਂ ਵੇਖੀਆਂ ਹਨ ਪਰ ਖ਼ਾਲਸੇ ਦਾ ਵਿਕਰਾਲ ਰੂਪ ਨਹੀਂ ਵੇਖਿਆ। ਅਸੀਂ ਤਾਂ ਬਾਬੇ ਬੰਦਾ ਸਿੰਘ ਬਹਾਦਰ ਵਾਂਗ ਜਿਸਦੇ ਖ਼ਿਲਾਫ਼ ਉਠ ਪਈਏ, ਉਸਦੀਆਂ ਜੜ੍ਹਾਂ ਹਿਲਾ ਦੇਣ ਵਾਲੇ ਆ। ਅਸੀਂ ਤਾਂ ਹਰੀ ਸਿੰਘ ਨਲੂਏ ਤੇ ਅਕਾਲੀ ਫੂਲਾ ਸਿੰਘ ਵਾਂਗ ਜ਼ਾਲਮਾਂ ਦਾ ਬੀਜ਼ ਨਾਸ ਕਰਨ ਦੀ ਤਾਕਤ ਰਖਦੇ ਹਾਂ। ਸਾਡੇ ਇਸ ਬੁਜ਼ਦਿਲ ਮਹੰਤ ਨੇ ਹੱਥ ਨਹੀਂ ਵੇਖੇ। ਅਸੀਂ ਆਪਣੇ ਪਵਿੱਤਰ ਗੁਰਧਾਮਾਂ ਵਿੱਚ ਮੁਜ਼ਰੇ ਨਹੀਂ ਹੋਣ ਦੇਣੇ। ਸ਼ਰਾਬਾਂ ਦੀਆਂ ਮਹਿਫਲਾਂ ਨਹੀਂ ਚੱਲਣ ਦੇਣੀਆਂ ਅਸੀਂ ਇਸ ਵੇਲੇ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਨੇ ਇਕ ਸਿੰਘ ਨੂੰ ਕਹਿ ਭੇਜਿਆ ਕਿ ਸਰਕਾਰ ਦੇ ਸੂਹੀਏ ਏਧਰ ਉਧਰ ਘੁੰਮ ਰਹੇ ਹਨ। ਇਸ ਲਈ ਸਾਰੀਆਂ ਗਲਾਂ ਆਪਾਂ ਸਟੇਜ ਤੇ ਸਾਂਝੀਆਂ ਨਹੀਂ ਕਰਨੀਆਂ। ਜਥੇਦਾਰ ਟਹਿਲ ਸਿੰਘ ਨੇ ਇਸ ਸਿੰਘ ਦੀ ਗਲ ਸੁਣੀ ਤੇ ਕਹਿਣ ਲਗਾ ਭਰਾਓ, ਸਾਨੂੰ ਪਤਾ ਲਗਾ ਹੈ ਕਿ ਏਥੇ ਸਰਕਾਰ ਦੇ ਮੁਖਬਰ ਬੈਠੇ ਹੋਏ ਹਨ। ਇਹ ਮੁਖਬਰ ਵੀਰ ਕੰਨ ਖੋਹਲ ਕੇ ਸੁਣ ਲੈਣ ਕਿ ਅਸੀਂ ਕਿਸੇ ਸਰਕਾਰ ਜਾਂ ਮਹੰਤ ਸੰਤ ਕੋਲੋਂ ਹਰਗਿਜ਼ ਨਹੀਂ ਡਰਦੇ। ਮੈਂ ਚਾਹੁੰਦਾ ਹਾਂ ਕਿ ਇਹ ਜਸੂਸ ਸਾਡੀਆਂ ਗਲਾਂ ਇੰਨ-ਬਿੰਨ ਇਸ ਅੰਨੀ ਬੋਲੀ ਸਰਕਾਰ ਤੇ ਮਹੰਤ ਨੂੰ ਜਾ ਦੱਸਣ ਤਾਂ ਕਿ ਗਲ ਅਗਾਹ ਨੂੰ ਤੁਰੇ। ਮੁਖਬਰ ਵੀਰੋ ਇਹ ਨੋਟ ਕਰ ਲਓ ਕਿ ਅਸਾਂ ਮੌਤ ਦਾ ਕਫਨ ਸਿਰਾਂ ਤੇ ਬੰਨਿਆ ਹੋਇਆ ਏ। ਜਿਹੜਾ ਮਾਸੀ ਮੌਤ ਕੋਲੋਂ ਨਹੀਂ ਡਰਦਾ ਉਸਨੇ ਇਹਨਾਂ ਜਾਲਮ ਹਾਕਮਾਂ ਤੋਂ ਕੀ ਡਰਨਾ ਏ।"

ਜਦੋਂ ਜਥੇਦਾਰ ਟਹਿਲ ਸਿੰਘ ਤਕਰੀਰ ਕਰਕੇ ਹਟਿਆ ਤਾਂ ਉਸਦਾ ਰੰਗ ਨਾਲ ਹੋ ਗਿਆ ਸੀ ਤੇ ਚੇਹਰਾ ਪਸੀਨੇ ਨਾਲ ਭਰਿਆ ਹੋਇਆ ਸੀ। ਵੇਖਣ ਵਾਲੇ ਨੂੰ ਇੰਜ

ਲਗ ਰਿਹਾ ਸੀ ਕਿ ਉਸ ਉਪਰ ਸ਼ਹਾਦਤ ਦਾ ਭੂਤ ਸਵਾਰ ਹੋ ਗਿਆ ਸੀ। ਉਹ ਹਰ ਵਕਤ, ਜਿਸ ਕਿਸੇ ਨੂੰ ਮਿਲਦਾ, ਸ਼ਹਾਦਤ ਤੇ ਕੁਰਬਾਨੀ ਵਾਲੀਆਂ ਗਲਾਂ ਕਰਦਾ ਸੀ। ਜਲਸਾ ਖ਼ਤਮ ਹੋਣ ਬਾਅਦ ਉਹ ਸਿੱਖ ਜਥੇ ਨਾਲ ਸਿਆਲ ਕੋਟ ਗੁਰਦੁਆਰਾ ਗੁਰੂ ਕੀ ਬੇਰ ਜਾ ਪਹੁੰਚਾ। ਇਥੇ ਗੁਰਦੁਵਾਰਿਆਂ ਦੀ ਇਕ ਸਾਂਝੀ ਤੇ ਮੁੱਖ ਕਮੇਟੀ ਬਣਾਉਣ ਦੀਆਂ ਵਿਚਾਰਾਂ ਹੋ ਰਹੀਆਂ ਸਨ। ਜਿੰਨੇ ਲੋਕ ਵੀ ਉੱਥੇ ਹਾਜ਼ਿਰ ਸਨ, ਉਹਨਾਂ ਵਿਚੋਂ ਆਪਣੇ ਆਪਣੇ ਇਲਾਕੇ ਦੇ ਪ੍ਰਮੁੱਖ ਪੰਥਕ ਸੇਵਾਦਾਰਾਂ ਨੂੰ ਇਸ 'ਸ਼੍ਰੋਮਣੀ' ਕਮੇਟੀ ਦਾ ਮੈਂਬਰ ਨਾਮਜ਼ਦ ਕੀਤਾ ਗਿਆ। ਜਥੇਦਾਰ ਟਹਿਲ ਸਿੰਘ ਦਾ ਨਾਮ ਵੀ ਇਸ ਕਮੇਟੀ ਵਿੱਚ ਲਿਖਿਆ ਗਿਆ ਸੀ। ਇਥੇ ਚੁਣੇ ਗਏ ਮੈਂਬਰਾਂ ਨੇ ਸਭ ਸੰਗਤ ਨੂੰ ਆਪਣੇ-ਆਪਣੇ ਇਲਾਕਿਆਂ ਤੋਂ ਜਾਣੂੰ ਕਰਵਾਇਆ। ਇਸ ਕਮੇਟੀ ਦਾ ਸਰਬਰਾਹ ਸ: ਹਰਬੰਸ ਸਿੰਘ ਅਟਾਰੀ ਨੂੰ ਚੁਣਿਆ ਗਿਆ। ਹੋਰ ਪੰਥਕ ਆਗੂ ਭਾਈ ਜੋਧ ਸਿੰਘ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਮਾਸਟਰ ਤਾਰਾ ਸਿੰਘ ਤੇ ਭਾਈ ਮਹਿਤਾਬ ਸਿੰਘ ਇਸ ਸਭਾ ਵਿੱਚ ਹਾਜ਼ਿਰ ਸਨ। ਅਖ਼ੀਰ ਵਿੱਚ ਪੰਥ ਦੀ ਚੜ੍ਹਦੀ ਕਲਾ ਦੀ ਅਰਦਾਸ ਕੀਤੀ ਗਈ ਤੇ ਸਾਰੇ ਗੁਰਧਾਮਾਂ ਨੂੰ ਮਹੰਤਾਂ ਤੋਂ ਅਜ਼ਾਦ ਕਰਵਾ ਕੇ, ਇਸ ਕਮੇਟੀ ਦੇ ਘੇਰੇ ਨੂੰ ਮੋਕਲਾ ਕਰਨ ਲਈ ਉਪਰਾਲੇ ਜਾਰੀ ਰੱਖਣ ਲਈ ਪ੍ਰਣ ਕੀਤੇ ਗਏ।

ਹਿੰਦੂ-ਉਦਾਸੀ ਮਹੰਤਾਂ ਦੀ ਨਾਦਿਰਸ਼ਾਹੀ

ਕਹਿੰਦੇ ਹਨ ਕਿ ਨਨਕਾਣਾ ਸਾਹਿਬ ਵਾਲੇ ਦੀਵਾਨ ਨਾਲ ਮਹੰਤ ਡਰ ਗਿਆ ਸੀ। ਉਸਨੇ ਜਥੇਦਾਰ ਝੱਬਰ ਨਾਲ ਗਲਬਾਤ ਕਰਨ ਲਈ ਵਿਚੋਲੇ ਪਾਏ। ਮਹੰਤ ਨੇ ਆਪਣੇ ਵਲੋਂ ਇਹ ਸੁਰਤ ਰੱਖੀ ਕਿ ਉਹ ਨਨਕਾਣਾ ਸਾਹਿਬ ਬਾਰੇ ਨਵੀਂ ਕਮੇਟੀ ਨੂੰ ਮੰਨਣ ਲਈ ਤਿਆਰ ਹੈ। ਪਰ ਉਸਨੇ ਕੁਝ ਸ਼ਰਤਾਂ ਵੀ ਰੱਖੀਆਂ ਸਨ। ਪਹਿਲੀ ਸ਼ਰਤ ਸੀ ਕਿ ਉਸਨੂੰ ਕੱਢਿਆ ਨਾ ਜਾਵੇ। ਦੂਜਾ-ਉਹਵੀ ਇਸ ਕਮੇਟੀ ਦਾ ਮੈਂਬਰ ਹੋਵੇ। ਤੀਜਾ ਉਸਨੂੰ ਤਨਖ਼ਾਹ ਦੀ ਬਜਾਏ, ਆਮਦਨ ਦਾ ਕੁਝ ਹਿੱਸਾ ਦਿੱਤਾ ਜਾਵੇ। 'ਝੱਬਰ ਸਾਹਿਬ ਨੇ ਕਹਿੰਦੇ ਹਨ, ਪਹਿਲੀ ਤੇ ਤੀਜੀ ਸ਼ਰਤ ਤੁਰੰਤ ਮੰਨਣ ਦਾ ਵਾਅਦਾ ਕੀਤਾ ਪਰ ਦੂਜੀ ਸ਼ਰਤ ਬਾਰੇ ਮਹੰਤ ਨੂੰ ਕਿਹਾ ਗਿਆ ਕਿ ਇਸਦਾ ਅੰਤਿਮ ਫੈਸਲਾ ਸ਼੍ਰੋਮਣੀ ਕਮੇਟੀ ਖ਼ੁਦ ਕਰੇਗੀ। ਜਦੋਂ ਇਸ ਪੇਸ਼ਕਸ਼ ਦੀ ਖ਼ਬਰ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਗਈ ਤਾਂ ਉਸਨੇ ਅਗਲੇਰੀ ਕਾਰਵਾਈ ਕਰਦਿਆਂ ਇਸ ਬਾਰੇ ਇਕ ਸਬ-ਕਮੇਟੀ ਬਣਾ ਦਿੱਤੀ। ਇਸ ਸਬ-ਕਮੇਟੀ ਵਿੱਚ ਭਾਈ ਕਰਤਾਰ ਸਿੰਘ ਝੱਬਰ, ਭਾਈ ਜੋਧ ਸਿੰਘ, ਤੇਜਾ ਸਿੰਘ ਸਮੁੰਦਰੀ, ਬੂਟਾ ਸਿੰਘ ਸ਼ੇਖ਼ਪੁਰਾ ਵਕੀਲ ਤੇ ਕੇਹਰ ਸਿੰਘ ਪੱਟੀ ਸ਼ਾਮਿਲ ਕੀਤੇ ਗਏ ਸਨ। ਇਸ ਦੇ ਫਲਸਰੂਪ ਮਹੰਤ ਨੂੰ 7-8 ਫ਼ਰਵਰੀ ਨੂੰ ਗੁਰਦੁਵਾਰਾ ਖਰਾ ਸੌਦਾ ਬੁਲਾਇਆ ਗਿਆ।

ਮਹੰਤ ਬੜਾ ਮਕਾਰ ਸੀ। ਉਸਨੇ ਸਿੰਘਾਂ ਨੂੰ ਗਲਬਾਤ ਦਾ ਝਾਂਸਾ ਦੇ ਕੇ ਹੋਰ ਪਾਸੇ ਲਗਾ ਦਿੱਤਾ ਤੇ ਆਪ ਰਾਤ ਦਿਨ ਜੰਗੀ ਤਿਆਰੀਆਂ ਕਰਨ ਲਗਾ। ਉਸਨੇ ਦੋ ਦਰਜਨ ਪਠਾਣ ਤਨਖ਼ਾਹ ਤੇ ਪੱਕੇ ਤੌਰ ਤੇ ਰੱਖ ਲਏ। ਜਿਹੜੇ ਗੁੰਡੇ ਤੇ ਬਦਮਾਸ਼ ਗੁਰਪੁਰਬ ਦੇ ਵੇਲੇ ਨਨਕਾਣੇ ਬੁਲਾਏ ਸਨ, ਉਹਨਾਂ ਨੂੰ ਵਾਪਿਸ ਸੱਦੇ ਭੇਜ ਦਿੱਤੇ। ਰਾਂਝਾ ਤੇ ਰੇਹਾਣਾਂ ਤਾਂ ਪਹਿਲਾਂ ਹੀ ਰਾਤ-ਦਿਨ ਉਸ ਕੋਲ ਹੀ ਡੇਰੇ ਲਾਏ ਬੈਠੀ ਸਨ। ਮਹੰਤ ਨੇ ਸਾਰੀ ਇਮਾਰਤ ਦੇ ਕਮਰਿਆਂ ਵਿੱਚ ਮੋਗੀਆਂ ਰਖਵਾ ਲਈਆਂ ਤਾਂ ਕਿ ਜਰੂਰਤ ਵੇਲੇ ਇਹਨਾਂ ਵਿਚੋਂ ਫਾਇਰ ਕੀਤੇ ਜਾਣ। ਮਹੰਤ ਨੇ ਆਪਣੇ ਗੁਮਾਸ਼ਤਿਆਂ ਨਾਲ ਰਾਬਤਾ ਕਾਇਮ ਕਰਦਿਆਂ ਹੋਇਆ ਸਰਬੱਤ ਮਹੰਤਾਂ, ਕੂਕਿਆਂ ਤੇ ਬੇਦੀ ਬਾਬਿਆਂ ਨੂੰ ਤਰੰਤ ਨਨਕਾਣਾ ਸਾਹਿਬ ਆਉਣ ਦਾ ਨਿਉਤਾ ਦਿੱਤਾ! ਉਸਨੇ ਵੀ ਆਪਣੇ ਸਰਬਤ ਹਮਾਇਤੀਆਂ ਤੇ ਯਾਰਾਂ ਬਾਸ਼ਿਆਂ ਦਾ ਇਕ ਇਕੱਠ ਗੁਰਦੁਆਰੇ ਦੀ ਹਦਦ ਵਿੱਚ ਬੁਲਾ ਲਿਆ। ਇਹਨਾਂ ਸਭਨਾਂ ਦੁਸ਼ਟਾਂ ਨੇ ਸੁਗੰਧ ਖਾਧੀ ਤੇ ਮਹੰਤ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਭੀੜ ਵੇਲੇ ਮਹੰਤ ਦਾ ਆਖ਼ਰੀ ਦਮ ਤੱਕ ਸਾਥ ਦੇਣਗੇ।

7 ਫ਼ਰਵਰੀ ਨੂੰ ਸੱਚੇ ਸੌਦੇ ਜੋ ਮਹੰਤ ਨੂੰ ਬੁਲਾਇਆ ਗਿਆ ਸੀ, ਉਸ ਦਿਨ ਉਹ ਖ਼ੁਦ ਤਾਂ ਨਾ ਗਿਆ ਪਰ ਉਸਨੇ ਚਹੇਤੇ ਸਾਥੀਆਂ ਮਹੰਤ ਸੁੰਦਰ ਦਾਸ ਤੇ ਹਰੀ ਦਾਸ ਨੂੰ ਭੇਜਿਆ। ਇਹਨਾਂ ਮਹੰਤਾਂ ਨੇ ਸੱਚੇ ਸੌਦੇ ਜਾ ਕੇ ਜੱਥੇਦਾਰ 'ਝੱਬਰ' ਨਾਲ ਮੁਲਾਕਾਤ ਕੀਤੀ ਅਤੇ ਮਹੰਤ ਨਰਾਇਣ ਦਾਸ ਦਾ ਸੁਨੇਹਾ ਭੇਜਿਆ ਕਿ ਉਹ 15 ਫ਼ਰਵਰੀ ਨੂੰ ਸ਼ੇਖ਼ੂਪੁਰੇ ਮਿਲੇਗਾ। ਪਰ ਉਹ ਸ਼ੇਖ਼ੂਪੁਰੇ ਵੀ ਨਾ ਗਿਆ ਤੇ ਆਪਣੇ ਸਾਥੀ ਮਹੰਤ ਜੀਵਨ ਦਾਸ ਨੂੰ ਪੈਗਾਮ ਦੇਕੇ ਭੇਜਿਆ ਕਿ ਉਹ ਬੂਟਾ ਸਿੰਘ ਤੇ ਕਮੇਟੀ ਨੂੰ ਲਾਹੌਰ ਮਿਲੇਗਾ। ਬਾਅਦ ਵਿੱਚ ਪਤਾ ਲਗਾ ਕਿ ਉਹ ਇਸ ਤਰੀਕ ਨੂੰ ਵੀ ਲਾਹੌਰ ਨਹੀਂ ਪਹੁੰਚਿਆ। ਅਸਲ ਵਿਚ ਮਹੰਤ ਸਿੰਘਾਂ ਨੂੰ ਖੱਬੇ ਸੱਜੇ ਉਲਝਾ ਰਿਹਾ ਸੀ ਤੇ ਆਪ ਰਾਤ ਦਿਨ ਸਿੰਘਾਂ ਉਪਰ ਹਮਲੇ ਦੀਆਂ ਤਿਆਰੀ ਕਰ ਰਿਹਾ ਸੀ। 5 ਮਾਰਚ ਨੂੰ ਹੋਣ ਵਾਲੇ ਦੀਵਾਨ ਵਿੱਚ ਸਿੰਘਾਂ ਦੇ ਉੱਘੇ ਆਗੂਆਂ ਨੂੰ ਮਾਰਨ ਦੀ ਪੂਰੀ ਤਿਆਰੀ ਕਰੀ ਬੈਠਾ ਸੀ। ਅਕਾਲੀਆਂ ਨੇ ਆਪਣੇ ਜਸੂਸ ਮਹੰਤ ਦੀਆਂ ਕਾਰਵਾਈਆਂ ਜਾਨਣ ਲਈ ਰੱਖੇ ਹੋਏ ਸਨ। ਦੋਹਵੇਂ ਪਾਸੇ ਜਸੂਸ ਕੰਮ ਕਰ ਰਹੇ ਸਨ। ਮਹੰਤ ਦੀ ਸਿੰਘਾਂ ਨੂੰ ਮਾਰਨ ਦੀ ਸਾਜਿਸ਼ ਬਾਰੇ ਇਕ ਜਸੂਸ ਨੇ ਜਥੇਦਾਰ ਝੱਬਰ ਨੂੰ ਪੂਰੀ ਖ਼ਬਰ ਆਣ ਸੁਣਾਈ।

ਜਥੇਦਾਰ ਝੱਬਰ ਨੇ ਤੁਰੰਤ ਜਥੇਦਾਰ ਲਛਮਣ ਸਿੰਘ, ਜਥੇਦਾਰ ਟਹਿਲ ਸਿੰਘ ਤੇ ਬੂਟਾ ਸਿੰਘ ਨੂੰ ਸੱਚੇ ਸੌਦੇ ਆਉਣ ਲਈ ਸੱਦੇ ਭੇਜੇ। ਇਹ ਸਾਰੇ ਆਗੂ 17 ਫ਼ਰਵਰੀ ਨੂੰ ਮਿਲੇ ਅਤੇ ਲੰਮੀ ਸੋਚ ਵਿਚਾਰ ਉਪਰੰਤ ਫੈਸਲਾ ਹੋਇਆ ਕਿ ਮਹੰਤ ਨਰੈਣ ਦਾਸ ਦੀ ਘਿਣੌਣੀ ਸਾਜਿਸ਼ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇ। ਇਹ ਵੀ ਤਹਿ ਕੀਤਾ ਗਿਆ ਕਿ 19 ਅਤੇ 20 ਫ਼ਰਵਰੀ ਵਾਲੀ ਰਾਤ ਨੂੰ ਲਾਇਲਪੁਰੋਂ, ਸਚੇ ਸੌਦਿਓਂ ਤੇ ਧਾਰੋਵਾਲੀ ਤੋਂ ਤਿੰਨ ਜਥੇ ਨਨਕਾਣੇ ਵਲ ਤੁਰਨ ਅਤੇ ਵੀਹ ਫ਼ਰਵਰੀ ਵਾਲੇ ਦਿਨ ਗੁਰਦੁਆਰੇ ਉਪਰ ਕਬਜ਼ਾ ਕਰ ਲਿਆ ਜਾਵੇ। ਇਸ ਗਲ ਬਾਰੇ ਸ਼੍ਰੋਮਣੀ ਕਮੇਟੀ ਨੂੰ ਕੋਈ ਇਤਲਾਹ ਨਾ ਦਿੱਤੀ ਜਾਵੇ, ਕਿਉਂਕਿ ਸ਼੍ਰੋਮਣੀ ਕਮੇਟੀ ਗਲਬਾਤ ਨਾਲ ਮਹੰਤ ਨੂੰ ਫਾਰਗ ਕਰਨ ਵਾਸਤੇ ਸੋਚ ਰਹੀ ਸੀ।

ਜਦ ਅਠਾਰਵੀਂ ਸਦੀ ਵਿੱਚ ਸਿੱਖ ਕੌਮ ਆਪਣੀ ਹੋਂਦ ਦੀ ਲੜਾਈ ਲੜ ਰਹੀ ਸੀ ਤਾਂ ਸਿੱਖਾਂ ਦੇ ਗੁਰਧਾਮਾਂ ਦੇ ਪ੍ਰਬੰਧ ਨੂੰ ਨਿਰਮਲਿਆਂ, ਉਦਾਸੀਆਂ ਤੇ ਹਿੰਦੂ ਸੰਤਾਂ ਦੇ ਸਪੁਰਦ ਕਰ ਦਿੱਤਾ ਗਿਆ। ਕਈ ਸਮੇਂ ਅਜਿਹੇ ਵੀ ਆਏ ਜਦੋਂ ਸਿੱਖਾਂ ਨੂੰ ਜੰਗਲਾਂ ਵਿੱਚ ਪਨਾਹ ਲੈਣੀ ਪਈ। ਇਸ ਲਈ ਸਿੱਖ ਲੋਕ ਇਹਨਾਂ 'ਸੇਵਾਦਾਰਾਂ' ਦੀ ਨਿਗਰਾਨੀ ਨਾ ਕਰ ਸਕੇ। ਪਹਿਲੇ ਸਮੇਂ ਵਿੱਚ ਇਹ ਲੋਕ ਤਕਰੀਬਨ ਨੇਕ ਦਿਲ ਤੇ ਧਾਰਮਿਕ ਰੁੱਚੀਆਂ ਵਾਲੇ ਸਨ। ਲੋਕਾਂ ਵਿੱਚ ਇਹ ਮਕਬੂਲ ਸਨ। ਪਰ ਜਦੋਂ ਅੰਗਰੇਜ਼ਾਂ ਦਾ ਰਾਜ ਆਇਆ ਤਾਂ ਉਹਨਾਂ ਨੇ ਸਿੱਖ ਕੌਮ ਨੂੰ ਗ਼ੈਰ ਮਾਰਸ਼ਲ ਬਣਾਉਣ ਲਈ ਕਈ ਸਕੀਮਾਂ ਬਣਾਈਆਂ। ਇਹ ਮਹੰਤ ਲੋਕ ਜੋ ਸਿੱਖਾਂ ਦੇ ਸਰਬੱਤ ਗੁਰਧਾਮਾਂ ਉਪਰ ਕਾਬਜ਼ ਸਨ, ਅੰਗਰੇਜ਼ ਸਰਕਾਰ ਦੀ ਸਕੀਮ ਅਨੁਸਾਰ ਸਿੱਖ ਰਹਿਤ ਮਰਿਯਾਦਾ

ਨਾਲ ਛੇੜ-ਛਾੜ ਕਰਨ ਲਗੇ। ਇਹਨਾਂ ਵਿਚੋਂ ਕਈ ਤਾਂ ਸਿੱਖਾਂ ਨੂੰ ਕੋਈ ਵੱਖਰੀ ਕੌਮ ਜਾਂ ਧਰਮ ਹੀ ਨਹੀਂ ਮੰਨਦੇ ਸਨ। ਇਹ ਪੁਜਾਰੀ ਸਿੱਖਾਂ ਨੂੰ ਹਿੰਦੂ ਧਰਮ ਦਾ ਅੰਗ ਸਮਝਦੇ ਸਨ। ਇਸ ਵੇਲੇ ਭਾਈ ਕਾਨ ਸਿੰਘ ਨਾਭਾ ਨੇ ਇਕ ਪੁਸਤਕ ਲਿਖੀ, "ਹਮ ਹਿੰਦੂ ਨਹੀਂ।" ਇਸ ਤੋਂ ਬਾਅਦ ਗਿਆਨੀ ਦਿੱਤ ਸਿੰਘ ਤੇ ਪ੍ਰੋ. ਗੁਰਮੁਖ ਸਿੰਘ ਨੇ ਸਿੱਖਾਂ ਵਿੱਚ ਜਾਗ੍ਰਿਤਿ ਪੈਦਾ ਕਰਨ ਲਈ ਸਿੰਘ ਸਭਾਵਾਂ ਬਣਾਈਆਂ। ਸਿੱਖ ਜਾਗਰੂਕ ਹੋਕੇ ਗ਼ੈਰ ਸਿੱਖ ਪ੍ਰਚਾਰ ਦਾ ਢੁਕਵਾਂ ਜਵਾਬ ਦੇਣ ਲਗੇ। ਉਸ ਵੇਲੇ ਸਵਾਮੀ ਦਇਆ ਨੰਦ ਪੰਜਾਬ ਵਿੱਚ ਆਰੀਆ ਸਮਾਜ ਦਾ ਪ੍ਰਚਾਰ ਕਰ ਰਹੇ ਸਨ ਸਵਾਮੀ ਦਇਆ ਨੰਦ ਇਕ ਜਨੂੰਨੀ ਹਿੰਦੂ ਰਾਸ਼ਟਰਵਾਦੀ ਸੀ। ਉਸਨੇ ਸਿੱਖਾਂ ਦੇ ਪਹਿਲੇ ਗੁਰੂ ਸਾਹਿਬ ਨੂੰ ਅਨਪੜ੍ਹ ਆਖਕੇ ਭੰਡਣਾਂ ਸ਼ੁਰੂ ਕਰ ਦਿੱਤਾ ਤੇ ਉਹਨਾਂ ਦੀ ਰਚੀ ਬਾਣੀ ਤੇ ਵੀ ਕਿੰਤੂ ਪ੍ਰੰਤੂ ਕਰਨ ਲਗਾ। ਇਸ ਨਾਲ ਸਿੱਖ ਜਗਤ ਵਿੱਚ ਬਹੁਤ ਰੋਸ ਪਾਇਆ ਗਿਆ। ਗਿਆਨੀ ਦਿੱਤ ਸਿੰਘ ਸਵਾਮੀ ਦਇਆ ਨੰਦ ਨਾਲ ਤਿੰਨ ਦਿਨ ਭਖਵੀਂ ਬਹਿਸ ਕੀਤੀ ਤੇ ਉਹਨਾਂ ਦੇ ਸਿੱਖ ਧਰਮ ਬਾਰੇ ਭਰਮਾਂ ਭੁਲੇਖਿਆਂ ਨੂੰ ਰਫਾਦਫਾ ਕੀਤਾ।

ਇਸ ਤਰ੍ਹਾਂ ਹੀ ਮਹੰਤਾਂ ਨੇ ਸਿੱਖ ਧਰਮ ਨੂੰ ਬਦਨਾਮ ਕਰਨ ਦੀ ਨਿਰੰਤਰ ਮੁਹਿੰਮ ਛੇੜ ਰਖੀ ਸੀ। ਭਾਈ ਟਹਿਲ ਸਿੰਘ ਇਕ ਸੱਚਾ-ਸੁੱਚਾ ਸਿੱਖ ਸੀ। ਉਸਨੂੰ ਅਜਿਹੀਆਂ ਕਾਰਵਾਈਆਂ ਦਾ ਬਹੁਤ ਦੁੱਖ ਹੁੰਦਾ। ਉਸਨੇ ਸਾਰੇ ਧਰਮਾਂ ਦਾ ਵੀ ਮੁਤਾਲਿਆ ਕਰ ਰੱਖਿਆ ਸੀ। ਜਦੋਂ ਮਹੰਤਾਂ ਵਿਰੁੱਧ ਲਹਿਰ ਤੇਜੀ ਨਾਲ ਚੱਲ ਰਹੀ ਸੀ ਤਾਂ ਇਕ ਵਾਰੀ ਆਪਣੇ ਪਿੰਡ ਦੇ ਮੇਲੇ ਜੋ ਕਿ ਕੁਟੀਆ ਬਾਵਾ ਚੇਤਨ ਦਾਸ ਵਿਖੇ ਲਗਦਾ ਸੀ, ਉਸ ਵਿੱਚ ਲਗੇ ਦੀਵਾਨ ਵਿੱਚ ਲੋਕਾਂ ਨਾਲ ਆਪਣੇ ਵਿਚਾਰ ਸਾਂਝੇ ਕਰਦਿਆਂ ਆਖਿਆ, "ਪਿਆਰੇ ਖ਼ਾਲਸਾ ਜੀਓ। ਮੈਂ ਸਭਨਾਂ ਧਰਮਾਂ ਦਾ ਮੁਤਾਲਿਆ ਕੀਤਾ ਹੈ। ਹਰੇਕ ਧਰਮ ਦੇ ਧਾਰਮਿਕ ਸਥਾਨ ਉਸਦੇ ਉੱਚ ਧਾਰਮਿਕ ਆਗੂਆਂ ਕੋਲ ਹੁੰਦੇ ਹਨ। ਮੈਂ ਕਿਧਰੇ ਨਹੀਂ ਵੇਖਿਆ ਕਿ ਕਿਸੇ ਮਸਜਿਦ ਦਾ ਸਰਬ ਰਾਹ ਕੋਈ ਹਿੰਦੂ ਵੀਰ ਹੋਵੇ ਤੇ ਨਾ ਹੀ ਕਿਸੇ ਮੰਦਰ ਦਾ ਮੁਖੀਆ ਕੋਈ ਮੁਸਲਮਾਨ ਭਾਈ ਹੋ ਸਕਦਾ ਹੈ। ਈਸਾਈਆਂ ਦੇ ਗਿਰਜਿਆਂ ਦੇਵੀ ਮੁੱਖ ਪਾਦਰੀ ਈਸਾਈ ਧਰਮ ਵਾਲੇ ਹੀ ਹੁੰਦੇ ਹਨ। ਸਿੱਖਾਂ ਦੇ ਗੁਰਧਾਮਾਂ ਉਪਰ ਇਹ ਗਲ ਨਹੀਂ ਢੁਕਦੀ। ਗੁਰਦੁਵਾਰੇ ਸਿੱਖਾਂ ਦੇ ਹੋਣ ਤੇ ਉਸਦੇ ਸਰਬਰਾਹ ਹਿੰਦੂ ਮਹੰਤ ਤੇ ਉਦਾਸੀ ਸੰਤ ਹੋਣ। ਇਹਨਾਂ ਮਹੰਤਾਂ ਨੂੰ ਸਿੱਖ ਧਰਮ ਦੀ ਮਮੂਲੀ ਜਾਣਕਾਰੀ ਹੁੰਦੀ ਹੈ। ਇਹ ਸਿੱਖ ਰਹਿਤ ਮਰਿਯਾਦਾ ਤੋਂ ਕੋਰੇ ਹਨ। ਇਹਨਾਂ ਦੀ ਜਾਣੇ ਬਲਾ ਕਿ ਖ਼ਾਲਸਾ ਪੰਥ ਕੀ ਹੁੰਦਾ ਹੈ। ਜਿਹੜੇ ਖ਼ਾਲਸੇ ਹੀ ਨਹੀਂ ਸੱਜੇ, ਉਹ ਪੰਥ ਦੀ ਕੀ ਸਾਰ ਲੈਣਗੇ ? ਇਹ ਸਾਡੇ ਨਾਲ ਘੋਰ ਅਨਿਆ ਹੋ ਰਿਹਾ ਹੈ। ਇਹ ਮਹੰਤ ਅੰਗਰੇਜ਼ਾਂ ਦੇ ਪਾਲਤੂ ਹਨ। ਇਹ ਤਾਂ ਗੋਲਕਾਂ ਦੇ ਵਣਜਾਰੇ ਹਨ। ਇਹ ਲੋਕਾਂ ਦਾ ਪੂਜਾ ਦਾ ਧਾਨ ਖਾਕੇ ਖੀਵੇ ਹੋਏ ਫਿਰਦੇ ਹਨ। ਅਯਾਸ਼ੀ ਤੇ ਪੈਸੇ ਦੀ ਭਰਮਾਰ ਨੇ ਇਹਨਾਂ ਦੀ ਮੱਤਮਾਰ ਰਖੀ ਹੈ। ਜਦੋਂ ਅਸੀਂ ਇਹਨਾਂ ਵਿਰੁੱਧ ਅਵਾਜ਼

ਬੁਲੰਦ ਕਰਦੇ ਹਾਂ ਤਾਂ ਇਹ ਖ਼ਾਲਸਾ ਜੀਓ ਸਾਨੂੰ ਸ਼ਰਾਰਤ ਅਕਾਲੀ ਕਹਿਕੇ ਨਕਾਰ ਦਿੰਦੇ ਹਨ। ਅਸੀਂ ਇਹਨਾਂ ਦੀਆਂ ਚਾਲਾਂ ਹੁਣ ਸਮਝ ਚੁੱਕੇ ਹਾਂ ਤੇ ਇਹਨਾਂ ਨੂੰ ਹੂੰਝ ਕੇ ਬਾਹਰ ਸੁਟਕੇ ਹੀ ਸਾਹ ਲਵਾਂਗੇ।

"ਇਹਨਾਂ ਮਹੰਤਾਂ ਨੂੰ ਮੰਦਰਾਂ ਤੇ ਸ਼ਿਵਾਲਿਆਂ ਵਲ ਮੂੰਹ ਕਰਨਾ ਚਾਹੀਦਾ ਹੈ। ਇਹਨਾਂ ਨੇ ਸਾਡੇ ਮਜ਼ਬ ਉਪਰ ਨਜਾਇਜ਼ ਕਬਜ਼ਾ ਜਮਾਇਆ ਹੋਇਆ ਤੇ ਮੁਫ਼ਤ ਦੇ ਚੌਧਰੀ ਬਣੇ ਹੋਏ ਹਨ। ਇਹਨਾਂ ਨੂੰ ਕਿਸ ਕਾਨੂੰਨ ਤਹਿਤ ਇਹ ਜਿੰਮੇਵਾਰੀ ਦਿੱਤੀ ਗਈ ਸੀ? ਇਹਨਾਂ ਲੋਕਾਂ ਨੇ ਸਾਡੀ ਕੌਮ ਦੀਆਂ ਮੁਸੀਬਤਾਂ ਵੇਲੇ ਸਾਡੇ ਗੁਰਧਾਮਾਂ ਉਪਰ ਕਬਜ਼ਾ ਜਮਾ ਰੱਖਿਆ ਹੈ। ਕਾਨੂੰਨੀ ਕਾਰਵਾਈ ਨਾਲ ਇਹਨਾਂ ਬਾਹਰ ਨਹੀਂ ਨਿਕਲਣਾ, ਇਹਨਾਂ ਨੂੰ ਧੂੰਕੇ ਬਾਹਰ ਸੁਟਣਾ ਪਵੇਗਾ।"

ਜਥੇਦਾਰ ਟਹਿਲ ਸਿੰਘ ਹੁਣ ਕਈ-ਕਈ ਦਿਨ ਘਰ ਨਹੀਂ ਸੀ ਜਾਂਦਾ। ਘਰਵਾਲੇ ਵੀ ਉਸਨੂੰ ਉਡੀਕਦੇ ਥਕ ਚੁੱਕੇ ਸਨ। ਉਸਨੇ ਆਪਣੇ ਭਰਾਵਾਂ ਨੂੰ ਕਹਿ ਛਡਿਆ ਸੀ ਕਿ ਉਸਦਾ ਸਰੀਰ ਪੰਥ ਦੀ ਅਮਾਨਤ ਹੈ। ਉਸਨੇ ਆਪਣੇ ਹਿੱਸੇ ਦੀ ਜ਼ਮੀਨ ਆਪਣੇ ਛੋਟੇ ਭਰਾਵਾਂ ਨੂੰ ਦੇ ਦਿੱਤੀ ਸੀ ਤੇ ਉਹ ਵੱਡੇ ਵੀਰ ਦੇ ਬਹੁਤ ਤਾਬਿਆ ਦਾਰ ਸਨ। ਟਹਿਲ ਸਿੰਘ ਕਾਰਨ ਹੀ ਉਹਨਾਂ ਦੇ ਪਰਿਵਾਰ ਨੂੰ ਲਾਗੇ ਸ਼ਾਗੇ ਸਾਰੇ ਪਿੰਡਾਂ ਦੇ ਲੋਕ ਜਾਣਦੇ ਪਛਾਣਦੇ ਸਨ। ਜਦੋਂ ਟਹਿਲ ਸਿੰਘ ਪਰਤਦਾ ਤਾਂ ਉਸ ਨਾਲ ਪੰਜ ਦਸ ਸਿੰਘ ਹੁੰਦੇ ਸਨ। ਘਰਵਾਲੇ ਇਹਨਾਂ ਸਿੰਘਾਂ ਦੀ ਪੂਰੀ ਟਹਿਲ ਸੇਵਾ ਕਰਦੇ ਸਨ। ਟਹਿਲ ਸਿੰਘ ਆਪ ਵਿੱਚ ਹੋਕੇ ਆਪਣੇ ਨਾਲ ਆਏ ਸਿੰਘ ਨੂੰ ਅੰਨ ਪਾਣੀ ਛਕਾਉਂਦਾ ਸੀ। ਇਸਤਰ੍ਹਾਂ ਟਹਿਲ ਸਿੰਘ ਕਾਰਨ ਨਿਜ਼ਾਮਪੁਰੇ ਨੂੰ ਦੇਵਾ ਸਿੰਘ ਵਾਲਾ ਕਹਿਣ ਦੀ ਜਗ੍ਹਾ ਟਹਿਲ ਸਿੰਘ ਵਾਲਾ ਕਰਕੇ ਜਾਣਦੇ ਸਨ। ਦੇਵਾ ਸਿੰਘ ਤਾਂ ਉਹਨਾਂ ਵੇਖਿਆ ਨਹੀਂ ਸੀ ਪਰ ਟਹਿਲ ਸਿੰਘ ਕਾਰਨ ਉਸਦਾ ਪਿੰਡ ਸਾਰੇ ਇਲਾਕੇ ਵਿੱਚ ਮਸ਼ਹੂਰ ਹੋ ਗਿਆ ਸੀ।

ਇਕ ਦਿਨ ਟਹਿਲ ਸਿੰਘ ਘਰ ਵਿੱਚ ਹੀ ਇਸ਼ਨਾਨ ਕਰ ਰਿਹਾ ਸੀ ਕਿ ਪੁਲਸ ਉਸਨੂੰ ਫੜਨ ਆਈ। ਪੁਲਸ ਵਾਲਿਆਂ ਸਭਨਾਂ ਕਮਰਿਆਂ ਦੀ ਪੂਰੀ ਤਲਾਸ਼ੀ ਲਈ ਤੇ ਕੋਠੇ ਤੇ ਚੜਕੇ ਵੀ ਇਧਰ ਉਧਰ ਵੇਖਿਆ। ਗੁਸਲਖ਼ਾਨੇ ਵਲ ਕਿਸੇ ਦਾ ਧਿਆਨ ਨਾ ਗਿਆ ਤੇ ਪੁਲਸ ਵਾਲੇ ਘਰਦਿਆਂ ਨੂੰ ਕਹਿ ਕੇ ਚਲੇ ਗਏ ਕਿ ਜਥੇਦਾਰ ਨੂੰ ਠਾਣੇਦਾਰ ਨੇ ਬੁਲਾਇਆ ਹੈ। ਕਲ ਨੂੰ ਉਹ 10 ਵਜੇ ਉੱਥੇ ਜਾਕੇ ਮਿਲੇ। ਘਰਦਿਆਂ ਨੇ ਸਤਿ ਬਚਨ ਆਖਿਆ ਤੇ ਪੁਲਸ ਵਾਲੇ ਦੂਜੇ ਪਿੰਡ ਵੱਲ ਤੁਰ ਪਏ। ਉਹਨੀ ਦਿਨੀਂ ਸਰਕਾਰ ਨੂੰ ਖ਼ਤਰਾ ਸੀ ਕਿ ਅਕਾਲੀ ਗੁਰਦੁਵਾਰਾ ਨਨਕਾਣਾ ਸਾਹਿਬ ਉਪਰ ਕਿਧਰੇ ਜਬਰਦਸਤੀ ਕਬਜਾ ਨਾ ਕਰ ਲੈਣ। ਇਸ ਲਈ ਅਕਾਲੀ ਆਗੂ ਰੂਹ ਪੋਸ਼ ਹੋ ਗਏ ਸਨ ਜਾਂ ਫਿਰ ਉਹਨਾਂ ਨੇ ਗੁਰਦਵਾਰਿਆਂ ਵਿੱਚ ਪਨਾਹ ਲੈ ਲਈ ਸੀ। ਸਰਕਾਰ ਬਿਲਕੁਲ ਨਹੀਂ ਸੀ ਚਾਹੁੰਦੀ ਕਿ ਸਿੱਖਾਂ ਦੇ ਗੁਰਦੁਆਰੇ ਸਿੱਖਾਂ ਦੇ ਸਪੁਰਦ ਕੀਤੇ ਜਾਣ। ਮਹੰਤਾਂ ਵਾਂਗ ਉਹਨਾਂ ਨੂੰ ਵੀ ਹੌਲ ਪੈ ਰਹੀ ਸੀ ਕਿ ਕਿਧਰੇ ਸਿੱਖ ਮਹੰਤਾਂ ਨੂੰ

ਕੱਢਣ ਬਾਅਦ ਸਾਡੇ ਦੁਆਲੇ ਨਾ ਹੋ ਜਾਣ। ਚੋਰ ਨੂੰ ਪਹਿਲਾਂ ਸੁੱਝ ਜਾਂਦੀ ਹੈ।

ਉਸ ਵਕਤ ਹਾਲਕ ਇੰਨੀ ਨਿੱਘਰ ਚੁੱਕੀ ਸੀ ਕਿ ਇਹ ਮਹੰਤ ਤੇ ਪੁਜਾਰੀ ਸਿੱਖ ਧਰਮ ਦਾ ਸੁਧਾਰ ਤੇ ਗੁਰਦਵਾਰਿਆਂ ਨੂੰ ਅਜ਼ਾਦ ਕਰਨ ਵਾਲਿਆਂ ਨੂੰ ਘਿਰਨਾ ਨਾਲ ਵੇਖਦੇ ਸਨ। ਉਸਦਾ ਵੱਡਾ ਕਾਰਨ ਇਹ ਸੀ ਕਿ ਇਹ ਲੋਕ ਸਿੱਖ ਗੁਰਧਾਮਾਂ ਨੂੰ ਆਪ ਵੀ ਜੱਦੀ ਜਾਇਦਾਦ ਸਮਝਣ ਲਗ ਪਏ ਸਨ। ਇਸ ਮੁੱਦੇ ਨੂੰ ਸਦੀਆਂ ਭਰ ਸਿੱਖਾਂ ਨੇ ਉੱਥਲਿਆ ਨਹੀਂ ਸੀ। ਇਸ ਅਣਗਹਿਲੀ ਕਾਰਨ ਇਹ ਗੈਰ ਸਿੱਖ ਮਹੰਤ ਦੀ ਸਾਡੇ ਗੁਰਧਾਮਾਂ ਤੇ ਕਾਬਜ਼ ਹੋ ਗਏ ਸਨ। ਇਸ ਲਈ ਇਹ ਸੋਚਦੇ ਸਨ ਕਿ ਇਹ ਸਿੱਖ ਕੌਂਦ ਹੁੰਦੇ ਨੇ ਸਾਨੂੰ ਉਜਾੜਨ ਵਾਲੇ। ਚੜਾਵੇ ਦਾ ਪੈਸਾ ਜਿਹੜਾ ਕਿ ਬੇਹਿਸਾਬ ਹੀ ਸੀ, ਜੋ ਕਿ ਸਿੱਖ ਧਰਮ ਦੇ ਪ੍ਰਚਾਰ ਤੇ ਬਿਹਤਰੀ ਵਾਸਤੇ ਖਰਚਣਾ ਚਾਹੀਦਾ ਸੀ, ਉਹ ਇਹ ਮਹੰਤ ਲੋਕ ਆਪਣੀ ਐਸ਼-ਪ੍ਰਸਤੀ ਲਈ ਵਰਤ ਰਹੇ ਸਨ। ਇਹ ਮਹੰਤ ਜੋ ਲੋਕ ਅੰਗਰੇਜ਼ ਰਾਜ ਤੋਂ ਬਾਗੀ ਸਨ, ਉਹਨਾਂ ਨੂੰ ਸਿੱਖੀ ਤੋਂ ਪਤਿਤ ਹੋਣ ਦੇ ਫਤਵੇ ਦੇ ਰਹੇ ਸਨ। ਉਹਨਾਂ ਨੂੰ ਗਦਾਰ ਕਹਿ ਰਹੇ ਸਨ।

ਹੋਰ ਤਾਂ ਹੋਰ ਜੋ ਸਿੱਖ ਪਛੜੇ ਤੇ ਹੀਰਜਨ ਸ਼੍ਰੇਣੀਆਂ ਨਾਲ ਸੰਬੰਧਿਤ ਸਨ, ਉਹਨਾਂ ਦੀਆਂ ਅਰਦਾਸਾਂ ਨਹੀਂ ਸਨ ਕਰਦੇ। ਇਹ ਕੰਮ ਸਿੱਖੀ ਸਿਧਾਂਤਾਂ ਦੇ ਬੁਨਿਆਦੀ ਅਸੂਲਾਂ ਦੇ ਬਰਖਿਲਾਫ਼ ਸੀ। ਸਿੱਖ ਧਰਮ ਜਾਤ-ਪਾਤ ਨੂੰ ਨਹੀਂ ਮੰਨਦਾ। ਇਥੇ ਹਰ ਸਿੱਖ ਦੀ ਅਰਦਾਸ ਕੀਤੀ ਜਾ ਸਕਦੀ ਹੈ। ਇਹ ਇਕ ਬ੍ਰਾਹਮਣਵਾਦੀ ਖਿਆਲ ਹੈ ਕਿ ਕੋਈ ਸਵਰਨ ਜਾਤੀ ਹੈ ਜਾਂ ਨੀਵੀਂ ਜਾਤੀ। ਗੁਰੂ ਸਾਹਿਬ ਨੇ ਸਭਨਾਂ ਜਾਤੀਆਂ ਨੂੰ ਗਲੇ ਲਗਾਇਆ ਸੀ। ਜਥੇਦਾਰ ਟਹਿਲ ਸਿੰਘ ਨੇ ਪਿੰਡ ਵਿੱਚ ਮੱਸਿਆ ਵਾਲੇ ਦਿਨ ਜਦੋਂ ਪਿੰਡ ਦੇ ਕੁਝ ਬਜ਼ੁਰਗਾਂ ਨੂੰ ਦਲਤਾਂ ਤੇ ਮਜ਼ਬੀ ਸਿੰਘਾਂ ਨੂੰ ਪਿੰਡ ਦੇ ਗੁਰਦੁਆਰੇ ਜਾਣ ਤੋਂ ਰੋਕਿਆ ਤਾਂ ਭਾਈ ਟਹਿਲ ਸਿੰਘ ਜੋ ਕਿ ਇਕ ਸਾਬਤ ਸੂਰਤ ਸਿੰਘ ਸੀ, ਉਸਨੇ ਪਿੰਡ ਦੇ ਬਜ਼ੁਰਗਾਂ ਦੀ ਇਸ ਕੰਮ ਦੀ ਨਿਖੇਧੀ ਕੀਤੀ ਤੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਆਖਿਆ, ਮੇਰੇ ਪਿੰਡ ਦੇ ਵੀਰੋ ਤੇ ਭੈਣੋਂ ਮੈਂ ਗੁਰੂ ਦਾ ਇਕ ਨਿਮਾਣਾ ਸਿੰਘ ਹਾਂ। ਮੈਂ ਕਿਸੇ ਜਾਤ ਪਾਤ ਨੂੰ ਨਹੀਂ ਮੰਨਦਾ। ਕਿਸੇ ਊਚ ਨੀਚ ਨੂੰ ਕਬੂਲ ਨਹੀਂ ਕਰਦਾ। ਮੈਂ ਕਿਸੇ ਨੂੰ ਮਾੜਾ ਤਗੜਾ ਨਹੀਂ ਸਮਝਦਾ। ਗੁਰੂ ਦੀਆਂ ਨਜ਼ਰਾਂ ਵਿੱਚ ਸਭ ਬਰਾਬਰ ਹਨ। ਕੋਈ ਸਵਰਨ ਕੋਈ ਨੀਚ ਨਹੀਂ। ਭਾਈ ਬਚਨ ਸਿੰਘ ਨੇ ਜੋ ਸਾਡੇ ਬਜ਼ੁਰਗ ਹਨ, ਉਹਨਾਂ ਨੇ ਸਾਡੇ ਪਿੰਡ ਦੇ ਦੋ ਮਜ਼ਬੀ ਸਿੱਖ ਪਰਿਵਾਰਾਂ ਨੂੰ ਗੁਰਦੁਆਰੇ ਆਉਣ ਤੋਂ ਰੋਕਿਆ ਹੈ। ਇਹ ਕਾਰਜ ਗੁਰੂ ਦੇ ਹੁਕਮਾਂ ਦੀ ਅਵੱਗਿਆ ਹੈ। ਸਾਡੇ ਗੁਰੂ ਨੇ ਤਾਂ ਆਖਿਆ ਸੀ, "ਰੰਗਰੇਟਾ ਗੁਰੂ ਕਾ ਬੇਟਾ"। ਭਾਈ ਜੀਵਨ ਸਿੰਘ ਨੇ ਗੁਰੂ ਤੇਗ ਬਹਾਦਰ ਸਾਹਿਬ ਦਾ ਸੀਸ ਦਿੱਲੀ ਤੋਂ ਆਨੰਦਪੁਰ ਸਾਹਿਬ ਲਿਆਕੇ ਦਸਵੇਂ ਪਾਤਸ਼ਾਹ ਨੂੰ ਭੇਟ ਕੀਤਾ ਸੀ। ਗੁਰੂ ਸਾਹਿਬ ਨੇ ਭਾਈ ਜੈਤੇ (ਜੀਵਨ ਸਿੰਘ) ਨੂੰ ਹਿੱਕ ਨਾਲ ਲਾਕੇ ਭਰੀ ਸਭਾ ਵਿੱਚ ਆਖਿਆ ਸੀ, "ਰੰਗਰੇਟਾ ਗੁਰੂ ਦਾ ਬੇਟਾ"। ਬਾਬਾ ਬਚਨ ਸਿੰਘ ਨੇ ਸਾਡੇ ਭਰਾ ਮਜ਼ਬੀ ਸਿੰਘਾਂ ਨੂੰ ਰੋਕ ਕੇ ਗੁਰੂ ਦੇ ਹੁਕਮਾਂ

ਦੀ ਸਰਾਸਰ ਉਲੰਘਣਾ ਕੀਤੀ ਹੈ। ਇਹ ਸੁਣਕੇ ਮੇਰੀ ਆਤਮਾ ਦੁਖੀ ਹੋਈ ਹੈ। ਮੈਂ ਤਾਂ ਹੀ ਖ਼ੁਸ਼ ਹੋਵਾਂਗਾ। ਜੇਕਰ ਇਹਨਾਂ ਦੋਹਵਾਂ ਦਲਿਤ ਪਰਿਵਾਰਾਂ ਨੂੰ ਸੰਗਤ ਵਿਚੋਂ ਪੰਜ ਸਿੰਘ ਉਠਕੇ ਘਰੋਂ ਬੁਲਾਕੇ ਲਿਆਉਣ। ਇਸ ਨਾਲ ਅਸੀਂ ਗੁਰੂ ਵਾਲੇ ਬਣਾਗੇ। ਗੁਰੂ ਨਾਲ ਜੁੜਾਂਗੇ ਤੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰਾਂਗੇ। ਉਠੋ ਉਠੋ ਸ਼ੇਰ ਬਣੋ। ਗੁਰੂ ਵਾਲੇ ਬਣੋ।"

ਇਹ ਸੁਣਕੇ ਪੰਜ ਸਿੰਘ ਉਠੇ ਤੇ ਉਹਨਾਂ ਪਰਿਵਾਰਾਂ ਕੋਲ ਜਾ ਪਹੁੰਦੇ। ਉਹਨਾਂ ਨੂੰ ਪਤਾ ਸੀ ਕਿ ਉਹ ਕਿਹੜੇ-ਕਿਹੜੇ ਪਰਿਵਾਰ ਹਨ। ਪੰਜੇ ਸਿੰਘ ਸੰਗਤ ਦੇ ਰੂਪ ਵਿੱਚ ਉਹਨਾਂ ਪਰਿਵਾਰਾਂ ਕੋਲ ਗਏ ਜਿੰਨਾਂ ਨੂੰ ਬਾਪੂ ਬਚਨ ਸਿੰਘ ਨੇ ਗੁਰਦੁਆਰੇ ਆਉਣ ਤੋਂ ਰੋਕਿਆ ਤੇ ਬੁਰਾ ਭਲਾ ਕਿਹਾ ਸੀ। ਉਹ ਪਰਿਵਾਰ ਇਕੱਠੇ ਹੋਏ ਤੇ ਆਉਣ ਵਾਲੇ ਸਿੰਘਾਂ ਨੂੰ ਕਹਿਣ ਲਗੇ ਕਿ ਪਹਿਲਾਂ ਹੀ ਉਹਨਾਂ ਦੀ ਲੋੜ ਤੋਂ ਵੱਧ ਬੇਇਜ਼ਤੀ ਹੋ ਚੁੱਕੀ ਹੈ। ਹੋਰ ਬੇਇਜ਼ਤੀ ਦੀ ਹੁਣ ਗੁੰਜਾਇਸ਼ ਨਹੀਂ। ਮਾਸੀ ਜਿੰਮੀਦਾਰਾਂ ਦੇ ਗੁਰਦੁਵਾਰੇ ਵਿੱਚ ਕਦੀ ਕਦਮ ਨਹੀਂ ਰਖਾਂਗੇ। ਅਸੀਂ ਆਪਣਾ ਗੁਰਦੁਵਾਰਾ ਬਣਾਉਣ ਲਈ ਸੋਚ ਵਿਚਾਰ ਕਰ ਰਹੇ ਹਾਂ। ਇਹ ਸੁਣਕੇ ਇਸ ਜਥੇ ਨੇ ਉਹਨਾਂ ਨੂੰ ਬਥੇਰਾ ਮੁਕਾਇਆ ਪਰ ਉਹ ਤੱਸ ਤੋਂ ਮੱਸ ਨਾ ਹੋਏ। ਇਸ ਲਈ ਇਹ ਪੰਜੇ ਸਿੰਘ ਬੇਰੰਗ ਵਾਪਿਸ ਗੁਰਦਵਾਰੇ ਆ ਗਏ। ਅਗੋਂ ਇਹਨਾਂ ਨੂੰ ਸੰਗਤ ਤੀਬਰਤਾ ਨਾਲ ਉਡੀਕ ਰਹੀ ਸੀ। ਭਾਈ ਟਹਿਲ ਸਿੰਘ ਨੇ ਜਦ ਉਹਨਾਂ ਵਾਪਿਸ ਮੋੜ ਸਿੰਘਾਂ ਦੇ ਵਿਚਾਰ ਸੁਣੇ ਤਾਂ ਉਹਨਾਂ ਨੂੰ ਉਹਨਾਂ ਨਾਲ ਸਗੋਂ ਹਮਦਰਦੀ ਹੋਈ। ਹੁਣ ਸਾਰੀ ਸੰਗਤ ਨੇ ਇਹ ਫੈਸਲਾ ਕੀਤਾ ਕਿ ਬਾਪੂ ਨੇ ਇਹ ਬੰਦੇ ਰੁਸਾਏ ਹਨ ਤੇ ਉਹ ਹੀ ਇਹਨਾਂ ਨੂੰ ਲੈਕੇ ਆਵੇ। ਸੰਗਤ ਦਾ ਫੈਸਲਾ ਸੁਣਕੇ ਬਾਪੂ ਬਚਨ ਸਿੰਘ ਵਿਟਰ ਗਿਆ। ਉਸਨੇ ਕਿਹਾ, "ਜੇਕਰ ਇਹ ਲੋਕ ਪੰਜਾਂ ਪਿਆਰਿਆਂ ਦਾ ਹੁਕਮ ਨਹੀਂ ਮੰਨਦੇ ਤਾਂ ਇਹਨਾਂ ਕੋਲ ਜਾਣ ਦੀ ਕੋਈ ਤੁੱਕ ਨਹੀਂ। ਇਹਨਾਂ ਨੇ ਪੰਜਾਂ ਪਿਆਰਿਆਂ ਦੇ ਨਿਰਾਦਰ ਕੀਤਾ ਹੈ। ਪਰ ਬਾਕੀ ਸੰਗਤ ਬਾਪੂ ਬਚਨ ਸਿੰਘ ਨਾਲ ਹਰਗਿਜ਼ ਸਹਿਮਤ ਨਹੀਂ ਸੀ। ਉਸਨੇ ਬਾਪੂ ਨੂੰ ਮਜ਼ਬੂਰ ਕੀਤਾ ਕਿ ਉਹ ਦੁੱਖੀ ਪਰਿਵਾਰਾਂ ਕੋਲ ਜਾਵੇ ਤੇ ਉਹਨਾਂ ਨੂੰ ਨਾਲ ਲੈ ਕੇ ਆਵੇ।

ਇਸ ਮੌਕੇ ਤੇ ਜਥੇਦਾਰ ਟਹਿਲ ਸਿੰਘ ਨੇ ਦੂਰ ਦਰਿਸ਼ਟੀ ਤੋਂ ਕੰਮ ਲਿਆ। ਉਸਨੇ ਬਾਪੂ ਬਚਨ ਸਿੰਘ ਨੂੰ ਬਗਲ ਵਿੱਚ ਲਿਆ ਤੇ ਉਸਨੂੰ ਦਲਿਤ ਪਰਿਵਾਰਾਂ ਨਾਲ ਜਾਣ ਲਈ ਕਿਹਾ। ਬਾਪੂ ਬਚਨ ਸਿੰਘ ਜਥੇਦਾਰ ਟਹਿਲ ਸਿੰਘ ਦੀ ਬੜੀ ਕਦਰ ਕਰਦਾ ਸੀ। ਇਸ ਲਈ ਉਹ ਉਸ ਨਾਲ ਚੁਪਚਾਪ ਤੁਰ ਪਿਆ। ਕੁਝ ਸਮੇਂ ਬਾਅਦ, ਦੋਹਵੇਂ ਹਰੀਜਨ ਪਰਿਵਾਰਾਂ ਦੇ ਮੁਖੀਏ ਗੁਰਦੁਆਰੇ ਹਾਜ਼ਿਰ ਹੋ ਗਏ। ਸਾਰੀ ਸੰਗਤ ਤੇ ਪਿੰਡ ਗਦ-ਗਦ ਕਰ ਉਠਿਆ। ਭਾਈ ਟਹਿਲ ਸਿੰਘ ਨੇ ਭਰੀ ਸਭਾ ਵਿਚ ਆਖਿਆ, "ਮੇਰੇ ਗੁਰੂ ਭਾਈਓ, ਮੈਂ ਤੁਹਾਡਾ ਭਰਾ ਤੇ ਰਿਸ਼ਤੇਦਾਰ ਹਾਂ। ਆਪਾਂ ਸਾਰੇ ਕਲਗੀਆਂ ਵਾਲੇ ਦੇ ਨਿਮਾਣੇ ਸਿੰਘ ਹਾਂ। ਸਾਡੇ ਵਿੱਚ ਕੋਈ ਤੇਰ ਮੇਰ ਨਹੀਂ। ਸਾਡੀ

ਕੋਈ ਜਾਤ ਨਹੀਂ। ਸਾਡਾ ਸਭਨਾ ਦਾ ਪਿਤਾ ਕਲਗੀਆਂ ਵਾਲਾ ਹੈ ਤੇ ਸਭਨਾਂ ਦੀ ਮਾਤਾ ਸਾਹਿਬ ਦੇਵਾ ਹੈ। ਅਸਾਂ ਇਕੋ ਖੰਡੇ ਬਾਟੇ ਦਾ ਅੰਮ੍ਰਿਤ ਛਕਿਆ ਹੈ। ਅਸੀਂ ਹੁਣ ਸਾਰੇ ਸਿੱਖ ਹਾਂ ਤੇ ਬਾਅਦ ਵਿੱਚ ਕੋਈ ਹੋਰ। ਗੁਰੂ ਸਾਹਿਬ ਨੇ ਸਾਡੀਆਂ ਸਭੇ ਵਿੱਥਾ ਮਿੱਟਾ ਦਿੱਤੀਆਂ ਹਨ ਤੇ ਸਾਡੇ ਵਿੱਚ ਉੱਚ ਨੀਂਚ ਸਦਾ ਲਈ ਖ਼ਤਮ ਕਰ ਦਿੱਤੀ ਹੈ।" ਇਹ ਸੁਣਕੇ ਸਾਰੀ ਸੰਗਤ ਨੇ ਇਕ ਅਵਾਜ਼ ਵਿੱਚ ਬੋਲੇ ਸੋ ਨਿਹਾਲ ਦੇ ਜੈਕਾਰੇ ਬੁਲਾਏ ਤੇ ਸਾਰੇ ਹੱਸਦੇ ਖੇਡਦੇ, ਚੁੜ੍ਹਦੀਆਂ ਕਲਾਂ ਵਿੱਚ ਗੁਰਦੁਆਰੇ ਤੋਂ ਬਾਹਰ ਆਏ।

ਇਹੀ ਮਹੰਤ ਜਦੋਂ ਕੋਈ ਸਰਕਾਰੀਆਂ ਗੁਰਦਵਾਰੇ ਮੱਥਾ ਟੇਕਟ ਆਉਂਦਾ ਤਾਂ ਉਸਨੂੰ ਸਿਰ ਤੇ ਚੁੱਕ ਲੈਂਦੇ। ਉਹਨਾਂ ਦੇ ਅਗੇ ਪਿਛੇ ਫਿਰਦੇ। ਉਹਨਾਂ ਦੀਆਂ ਖ਼ੁਸ਼ਾਮਦਾਂ ਕਰਦੇ ਤੇ ਉਹਨਾਂ ਦੀਆਂ ਫਰਜ਼ੀ ਸਿਫ਼ਤਾਂ ਦੇ ਪੁਲ ਬੰਨ ਦਿੰਦੇ। ਉਹਨਾਂ ਨੂੰ ਇਹ ਮਹੰਤ ਲੋਕ ਨਜ਼ਰਾਨੇ ਭੇਂਟ ਕਰਦੇ ਤੇ ਉਹਨਾਂ ਨੂੰ ਘਰ ਛੱਡਣ ਤੱਕ ਜਾਂਦੇ। ਇਹ ਸਾਰੀ ਕਾਰਵਾਈ ਸਿੱਖ ਧਰਮ ਦੇ ਅਸੂਲਾਂ ਦੇ ਖ਼ਿਲਾਫ਼ ਹੈ। ਪਰ ਮਹੰਤ ਨੂੰ ਇਸ ਦੀ ਰਤਾ ਪ੍ਰਵਾਹ ਨਹੀਂ। ਉਹ ਤਾਂ ਸੋਚ ਰਿਹਾ ਹੈ ਕਿ ਕਿਵੇਂ ਨਾ ਕਿਵੇਂ ਮੈਂ ਇਸ ਗੁਰਦੁਆਰੇ ਉਪਰ ਕਾਬਜ਼ ਰਹਾਂ। ਇਕ ਵਾਰੀ ਭਾਈ ਟਹਿਲ ਸਿੰਘ ਨਨਕਾਣਾ ਸਾਹਿਬ ਮੱਥਾ ਟੇਕਣ ਆਪਣੀ ਸਰਦਾਰਨੀ ਨਾਲ ਗਿਆ। ਉਸ ਨਾਲ ਮਹੰਤ ਦੇ ਪੁਜਾਰੀਆਂ ਨੇ ਸਧਾਰਨ ਵਿਹਾਰ ਕੀਤਾ ਪਰ ਜਦੋਂ ਇਕ ਹਿੰਦੂ ਮਜਿਸਟਰੇਟ ਉੱਥੇ ਮੱਥਾ ਟੇਕਣ ਆਇਆ ਤਾਂ ਮਹੰਤ ਦੇ ਪੁਜਾਰੀਆਂ ਤੇ ਸੰਤਾਂ ਸਾਧਾਂ ਦੀ ਸਾਰੀ ਢਾਣੀ ਉਸ ਅਫ਼ਸਰ ਦੇ ਪਰਛਾਵੇਂ ਵਾਂਗ ਉਸਦਾ ਪਿੱਛਾ ਕਰ ਰਹੀ ਸੀ। ਉਸ ਅਫ਼ਸਰ ਦੀ ਪਤਨੀ ਦਾ ਰੁਮਾਲ ਹਥੋਂ ਡਿਗ ਪਿਆ ਸੀ। ਤੁਰੰਤ ਮਹੰਤ ਨਰਾਇਣ ਦਾਸ ਨੇ ਇਹ ਰੁਮਾਲ ਚੁੱਕ ਕੇ ਉਸਦੇ ਹੱਥ ਫੜਾਇਆ। ਇਹ ਖ਼ੁਸ਼ਾਮਦੀ ਉਸਨੇ ਪਹਿਲਾਂ ਕਦੀ ਗੁਰਧਾਮਾਂ ਵਿੱਚ ਨਹੀਂ ਵੇਖੀ ਸੀ। ਉਹ ਇਹ ਦ੍ਰਿਸ਼ ਵੇਖਕੇ ਹੈਰਾਨ ਪ੍ਰੇਸ਼ਾਨ ਰਹਿ ਗਿਆ। ਮਹੰਤ ਨੇ ਉਸਨੂੰ ਤੇ ਉਸਦੀ ਧਰਮ ਪਤਨੀ ਨੂੰ ਕੀਮਤੀ ਸ਼ਾਲ ਭੇਂਟ ਕੀਤੇ ਤੇ ਹੋਰ ਕਈ ਅਨਮੋਲ ਤੋਹਫੇ ਭੇਂਟ ਕੀਤੇ ਜੋ ਉਸਨੇ ਲਾਹੌਰ ਤੋਂ ਖ਼੍ਰੀਦੇ ਸਨ। ਇਹ ਚਿਮਚਾਗਿਰੀ ਦਾ ਇੰਤਹਾਹ ਸੀ ਜੋ ਕਿ ਟਹਿਲ ਸਿੰਘ ਨੇ ਪਹਿਲਾ ਕਦੀ ਨਹੀਂ ਵੇਖੀ ਸੀ। ਗੁਰਧਾਮਾਂ ਵਿੱਚ ਅਜਿਹੀ ਖ਼ੁਸ਼ਾਮਦ ਵਾਸਤੇ ਕੋਈ ਜਗਾ ਨਹੀਂ ਹੁੰਦੀ ਪਰ ਮਹੰਤ ਵਰਗੇ ਆਪਣਾ ਮਤਲਬ ਕੱਢਣ ਲਈ ਧਰਮ ਦੀਆਂ ਹੱਦਾਂ ਉਲੰਘਣ ਤੋਂ ਕਦੀ ਗੁਰੇਜ਼ ਨਹੀਂ ਕਰਦੇ ਸਨ।

ਗੁਰਦੁਆਰੇ ਨੂੰ ਵੱਡੀਆਂ-ਵੱਡੀਆਂ ਜਾਇਦਾਦਾਂ ਸਮੇਂ ਦੇ ਹਾਕਮਾਂ ਨੂੰ ਪ੍ਰਦਾਨ ਕੀਤੀਆਂ ਹੋਈਆਂ ਸਨ। ਅਸਲ ਵਿੱਚ ਇਹ ਜਾਇਦਾਦਾਂ ਮੁੱਢਲੇ ਰੂਪ ਵਿੱਚ ਲੰਗਰ ਚਲਾਉਣ ਲਈ ਦਿੱਤੀਆਂ ਗਈਆਂ ਸਨ। ਪਰ ਅੰਗਰੇਜ਼ ਸਰਕਾਰ ਨੇ ਆਪਣੇ ਹਿੱਤਾਂ ਨੂੰ ਮੁੱਖ ਰੱਖਕੇ, ਨਖਿਧਤੇ ਤੇ ਕਮੀਨੇ ਮਹੰਤਾਂ ਨੂੰ ਇਹ ਜਾਇਦਾਦਾਂ ਭੇਂਟ ਕੀਤੀਆਂ ਹੋਈਆਂ ਸਨ। ਇਹ ਮਹੰਤ ਵੀ ਅੰਗਰੇਜ਼ੀ ਸਰਕਾਰ ਦੇ ਚਹੇਤੇ ਸਨ। ਇਹ ਦੋਹਵੇਂ ਨਹੀਂ ਚਾਹੁੰਦੇ ਸਨ ਕਿ ਸਿੱਖਾਂ ਵਿੱਚ ਕੋਈ ਜਾਗਰਿਤੀ ਜਾਂ ਨਵੀਂ ਰੌਸ਼ਨੀ ਪੈਦਾ

ਹੋਵੇ। ਇਸੇ ਲਈ ਮਹੰਤਾਂ ਨੇ ਸਰਕਾਰ ਨਾਲ ਮਿਲਕੇ ਨਾਦਿਰ ਸ਼ਾਹੀ ਮਚਾਈ ਹੋਈ ਸੀ। ਅੰਗਰੇਜ਼ੀ ਸਰਕਾਰ ਨੂੰ ਵੀ ਪਤਾ ਸੀ ਕਿ ਅਕਾਲੀ ਆਗੂ ਭੂਤਰੇ ਹੋਏ ਹਨ ਤੇ ਇਹਨਾਂ ਨੂੰ ਕੁਝ ਸਮੇਂ ਲਈ ਰੋਕਿਆ ਤਾਂ ਜਾ ਸਕਦੇ ਪਰੰਤੂ ਇਹਨਾਂ ਦੀ ਲੋਕ ਲਹਿਰ ਨੂੰ ਠੱਪਿਆ ਜਾਂ ਦਬਾਇਆ ਨਹੀਂ ਜਾ ਸਕਦਾ। ਉਹ ਇਹਨਾਂ ਮਹੰਤਾਂ ਨੂੰ ਹੱਥ ਠੋਕੇ ਬਣਾਕੇ, ਇਸ ਲਹਿਰ ਨੂੰ ਵਧ ਤੋਂ ਵੱਧ ਲਮਕਾ ਰਹੇ ਸਨ।

ਇਕ ਦੋ ਸਦੀਆਂ ਪਹਿਲਾਂ ਸਿੱਖ ਧਰਮ ਸੰਘਰਸ਼ ਕਰ ਰਿਹਾ ਸੀ ਤੇ ਉਸ ਲਈ ਜੀਵਨ ਮੌਤ ਦਾ ਸਵਾਲ ਬਣਿਆ ਹੋਇਆ ਸੀ ਤਾਂ ਸਿੱਖਾਂ ਵਿੱਚ ਬਹੁਤ ਘੱਟ ਪੜ੍ਹੇ ਲਿਖੇ ਸਨ। ਬਹੁਤੇ ਸਿੱਖ ਗ਼ਰੀਬ ਵੀ ਸਨ। ਸਿੱਖ ਧਰਮ ਅਪਨਾਇਆ ਹੀ ਸਮਾਜ ਦੇ ਦਲਿਆਂ ਮਲਿਆਂ ਨੇ। ਇਸ ਵੇਲੇ ਹਿੰਦੂਆਂ ਵਿੱਚ ਪ੍ਰੋਹਤ ਸ਼੍ਰੇਣੀ ਪੜ੍ਹੀ ਲਿਖੀ ਹੋਈ ਸੀ। ਇਹਨਾਂ ਦੇ ਗੁਰਦੁਆਰੇ ਤਾਂ ਸਥਾਪਿਤ ਹੋ ਗਏ ਸਨ। ਇਹਨਾਂ ਦੇ ਪੁਖਤਾ ਪ੍ਰਬੰਧ ਦਾ ਸਵਾਲ ਸੀ। ਸਿੱਖਾਂ ਨੂੰ ਤਾਂ ਆਏ ਦਿਨ ਭਾਜੜ ਪਈ ਰਹਿੰਦੀ ਸੀ। ਇਹਨ ਪ੍ਰੋਹਤਾਂ ਨੇ ਸਿੱਖਾਂ ਵਰਗੀ ਸੂਰਤ ਧਾਰ ਲਈ ਤੇ ਸਿੱਖ ਹੋਣ ਦਾ ਸਵਾਂਗ ਰਚਣ ਲਗੇ। ਪਰ ਇਹ ਬਰਸਾਤੀ ਡੱਡੂ ਸਨ। ਕੁਝ ਸਮੇਂ ਬਾਅਦ ਹੀ ਇਹਨਾਂ ਨੇ ਪੂਜਾ ਦੇ ਧਾਨ ਨੂੰ ਆਪਣੇ ਜ਼ਾਤੀ ਕਾਰਜਾਂ ਲਈ ਵਰਤਣਾਂ ਸ਼ੁਰੂ ਕਰ ਦਿੱਤਾ। ਆਪਣੀਆਂ ਜ਼ਮੀਨਾਂ ਜਾਇਦਾਦਾ ਬਣਾਉਣੀਆਂ ਸ਼ੁਰੂ ਕਰ ਦਿੱਤੀਆਂ। ਗੁਰੂ ਅਮਰਦਾਸ ਜੀ ਵੇਲੇ ਸਿੱਖ ਧਰਮ ਦੇ ਪ੍ਰਚਾਰ ਲਈ ਬਾਈ ਮੰਜੀਆਂ ਕਾਇਮ ਕੀਤੀਆਂ ਸਨ, ਜਿੱਥੇ ਗੁਰਮਤਿ ਦਾ ਪ੍ਰਚਾਰ ਹੁੰਦਾ ਸੀ। ਇਹਨਾਂ ਮਹੰਤਾਂ ਨੂੰ ਗੁਰੂ ਘਰ ਵਲੋਂ ਹਦਾਇਤ ਸੀ ਕਿ ਇਹ ਕੁਝ ਚੜ੍ਹਾਵਾ ਕੋਲ ਰੱਖਕੇ ਬਾਕੀ ਗੁਰੂ ਘਰ ਵਿਖੇ ਪੁਚਾਣਾ ਕੁਝ ਸਮਾਂ ਤਾਂ ਇਹ ਸਿਲਸਿਲਾ ਤੱਸਲੀਬਖ਼ਸ਼ ਵਿੱਧੀ ਨਾਲ ਚਲਦਾ ਰਿਹਾ ਪਰੰਤੂ ਸਮਾਂ ਪਾ ਕੇ ਇਹਨਾਂ ਲੋਕਾਂ ਦਾ ਵੀ ਸਿਦਕ ਡੋਲ ਗਿਆ। ਇਹਨਾਂ ਦੀਆਂ ਸ਼ਿਕਾਇਤਾਂ ਆਉਣੀਆਂ ਸ਼ੁਰੂ ਹੋ ਗਈਆਂ। ਨਾਵੇਂ ਗੁਰੂ ਸਾਹਿਬਾਨ ਵੇਲੇ ਤਾਂ ਇਹਨਾਂ ਮਸੰਦਾਂ ਜਾਂ ਮਹੰਤਾਂ ਨੂੰ ਸਮਝ ਬੁਝਾਕੇ ਵਾਪਿਸ ਤੋਰ ਦਿੱਤਾ ਜਾਂਦਾ ਸੀ ਪਰ ਦਸਵੇਂ ਪਾਤਸ਼ਾਹ ਵੇਲੇ ਜਦੋਂ ਅਜਿਹੀਆਂ ਆਪ ਹੁਦਰੀਆਂ ਦੀਆਂ ਸ਼ਿਕਾਇਤਾਂ ਆਈਆਂ ਤਾਂ ਗੁਰੂ ਜੀ ਨੇ ਅਜਿਹੇ ਭ੍ਰਿਸ਼ਟ ਮਸੰਦਾਂ ਨੂੰ ਅਨੰਦਪੁਰ ਸਾਹਿਬ ਬੁਲਾਇਆ ਤੇ ਉਹਨਾਂ ਨੂੰ ਸਖ਼ਤ ਸਜ਼ਾ ਦਿੱਤੀ। ਉਹਨਾਂ ਨੂੰ ਜਿਉਂਦੇ ਹੀ ਸਾੜਨ ਦਾ ਗੁਰੂ ਜੀ ਵਲੋਂ ਫੁਰਮਾਣ ਹੋਇਆ। ਇਕ ਬ੍ਰਹਮਗਿਆਨੀ ਤੇ ਮਹਾਨ ਆਤਮਾਂ ਨੂੰ ਕਿੰਨਾ ਕਸ਼ਟ ਹੋਇਆ ਹੋਵੇਗਾ ਇਹਨਾਂ ਦੁਸ਼ਟ ਮਹੰਤਾਂ ਦੀਆਂ ਕਰਤੂਤਾਂ ਸੁਣਕੇ। ਵਰਨਾਂ ਉਹਨਾਂ ਵਲੋਂ ਅਜਿਹੀ ਕਰੂਰ ਸਜ਼ਾ ਦੀ ਤਵਕੋਂ ਨਹੀਂ ਕੀਤੀ ਜਾ ਸਕਦੀ ਸੀ। ਕੁਝ ਅਰਸਾ ਮਹੰਤਾਂ ਦੇ ਕੰਮ ਕਾਰ ਵਿੱਚ ਸੁਧਾਰ ਆਇਆ ਪਰ ਜਦੋਂ ਸਿੰਘਾਂ ਨੂੰ ਘਰ ਘਾਟ ਤਿਆਗ ਕਿ ਪਹਾੜਾਂ ਵੱਲ ਭਜਣਾ ਪਿਆ ਤੇ ਇਹ ਮਹੰਤਾਂ ਨੂੰ ਫਿਰ ਖੁੱਲੀ ਛੁੱਟੀ ਮਿਲ ਗਈ। ਇਹ ਫਿਰ ਚੰਮਦੀਆਂ ਚਲਾਉਣ ਲਗ ਪਏ।

ਜਥੇਦਾਰ ਦੇ ਪਿੰਡ ਲਾਕੇ ਇਕ ਉਦਾਸੀ ਸੰਤਾਂ ਦੀ ਗੱਦੀ ਚੱਲ ਰਹੀ ਸੀ। ਇਸ

ਨੂੰ ਕੁਟੀਆਂ ਬਾਵਾ ਚੇਤਨ ਦਾਸ ਕਹਿੰਦੇ ਸਨ। ਇਸ ਸਥਾਨ ਦੀ ਇਲਾਕੇ ਵਿੱਚ ਬਹੁਤ ਮੰਨਤਾ ਸੀ ਤੇ ਸਲਾਨਾ ਮੇਲਾ ਵੀ ਲਗਦਾ ਸੀ। ਇਥੇ ਮੇਲੇ ਵਿੱਚ ਦੂਰੋਂ-ਦੂਰੋਂ ਲੋਕ ਆਕੇ ਮੇਲੇ ਦਾ ਆਨੰਦ ਮਾਣਦੇ ਸਨ। ਇਸ ਕੁਟੀਆਂ ਦਾ ਇਕ ਮਹੰਤ ਆਪਣਾ ਫਿਰਕੂ ਰੰਗ ਵਖਾਉਣ ਲੱਗਾ। ਜਦੋਂ ਸਿੰਘਾਂ ਦੀ ਗੁਰਦੁਵਾਰਾ ਲਹਿਰ ਚਲ ਰਹੀ ਸੀ ਤਾਂ ਇਸ ਮਹੰਤ ਨੂੰ ਵੀ ਖ਼ਤਰਾ ਪੈਦਾ ਹੋ ਗਿਆ ਕਿ ਸਰਦਾਰ ਉਸਨੂੰ ਇਹ ਜਗਾ ਛੱਡਣ ਲਈ ਕਹਿਣ ਨਾ ਲਗ ਪੈਣ। ਉਸਨੇ ਨਨਕਾਣਾ ਸਾਹਿਬ ਜਾਕੇ ਮਹੰਤ ਨਰਾਇਣ ਦਾਸ ਨਾਲ ਮਿਲਣਾ ਗਿਲਣਾ ਸ਼ੁਰੂ ਕਰ ਦਿੱਤਾ। ਉਸਨੇ ਇਹ ਵੀ ਫੁਰਮਾਣ ਜਾਰੀ ਕੀਤਾ ਕਿ ਕੁਟੀਆ ਦੀ ਹਦੂਦ ਵਿੱਚ ਸਿੰਘ ਮੇਲੇ ਵਾਲੇ ਦਿਨ ਕਿਰਪਾਨਾ ਨਾ ਲੈਕੇ ਆਉਣ। ਇਸਦਾ ਸਭ ਤੋਂ ਪਹਿਲਾ ਇਤਰਾਜ ਭਾਈ ਟਹਿਲ ਸਿੰਘ ਨੇ ਕੀਤਾ। ਟਹਿਲ ਸਿੰਘ ਕੋਲ ਤਾਂ ਹਰ ਵਕਤ 3 ਫੁੱਟੀ ਕਿਰਪਾਨ ਹੁੰਦੀ ਸੀ। ਉਹ ਅਜਿਹਾ ਤੁਗਲਕੀ ਫੁਰਮਾਣ ਆਪਣੇ ਘਰ ਵਿੱਚ ਹੀ ਕਿਵੇਂ ਬਰਦਾਸ਼ਤ ਕਰ ਸਕਦਾ ਸੀ।

ਇਕ ਦਿਨ ਟਹਿਲ ਸਿੰਘ ਸਵੇਰੇ ਸਵਖ਼ਤੇ ਹੀ ਕੁਟੀਆ ਮੱਥਾ ਟੇਕਣ ਆਇਆ। ਮੇਲਾ ਅਜੇ ਤਿੰਨਾਂ ਦਿਨਾਂ ਨੂੰ ਲਗਣਾ ਸੀ। ਮਹੰਤ ਉਸਨੂੰ ਵੇਖਕੇ ਕੁਝ ਚੌਕਸ ਹੋ ਗਿਆ ਪਰ ਉਸਨੇ ਜਥੇਦਾਰ ਨੂੰ ਇਲਾਕੇ ਦੇ ਹਰਮਨ ਪਿਆਰਾ ਆਗੂ ਸਮਝਕੇ ਉਸਨੂੰ ਬੈਠਣ ਲਈ ਆਖਿਆ। ਬੈਠਦਿਆਂ ਹੀ ਟਹਿਲ ਸਿੰਘ ਨੇ ਆਖਿਆ, "ਬਾਬਾ ਜੀ ਸੁਣਿਆ ਹੈ ਕਿ ਐਦਕੀਂ ਮੇਲੇ ਵਿੱਚ ਕੋਈ ਕਿਰਪਾਨ ਲੈ ਕੇ ਨਾ ਆਵੇ। ਇਹ ਹੁਕਮ ਆਪ ਵਲੋਂ ਕੀਤਾ ਗਿਆ ਏ। ਇਹ ਹੁਕਮ ਕਿਉਂ? ਮਹੰਤ ਨੇ ਤੁਰੰਤ ਪੈਂਤੜਾ ਬਦਲਿਆ ਤੇ ਆਖਣ ਲਗਾ," ਸਿੰਘ ਜੀ ਇਹ ਤਾਂ ਇਤਿਆਤਨ ਮਨਾਹੀ ਕੀਤੀ ਗਈ ਏ। ਪਿਛਲੇ ਮੇਲੇ ਵਿੱਚ ਦੋ ਧੜਿਆਂ ਵਿੱਚ ਕਿਰਪਾਨਾਂ ਚੱਲ ਗਈਆਂ ਸਨ। ਇਸ ਲਈ ਐਦਕੀਂ ਸੋਚਿਆਂ ਸੀ ਐਸੀ ਮੰਦਭਾਗੀ ਘਟਨਾ ਨਾ ਹੋਵੇ।" ਟਹਿਲ ਸਿੰਘ ਵਿਚੋਂ ਹੀ ਬੋਲ ਪਿਆ, "ਪਿਛਲੇ ਸਾਲ ਵਾਲਾ ਝਗੜਾ ਮੈਂ ਜਾਣਦਾ ਵਾਂ। ਉਹ ਤਾਂ ਦੋ ਜਾਣੇ ਸ਼ਰਾਬ ਪੀਕੇ ਹਥੋ ਪਾਈ ਹੋ ਪਏ ਸਨ। ਉਹਨਾਂ ਨੂੰ ਅਸਾਂ ਫੜਕ ਡੱਕ ਲਾਇਆ ਸੀ ਕਿ ਉਹ ਅਗੇ ਤੋਂ ਸ਼ਰਾਬ ਨਾ ਪੀਣ। ਉਹਨਾਂ ਨੇ ਸਾਡਾ ਕਹਿਣਾ ਮੰਨ ਕੇ ਅੰਮ੍ਰਿਤ ਵੀ ਛੱਕ ਲਿਆ ਹੈ। ਇਸ ਲਈ ਕਿਰਪਾਨਾਂ ਦਾ ਕਸੂਰ ਨਹੀਂ, ਸ਼ਰਾਬ ਦਾ ਕਸੂਰ ਸੀ।' ਪਰ ਇਸ ਪਾਬੰਦੀ ਦਾ ਕਾਰਨ ਕੁਝ ਹੋਰ ਲਗਦਾ ਹੈ। ਤੁਸੀਂ ਖੁਲਕੇ ਦਸੋ ਇਸਦਾ ਕੀ ਕਾਰਣ ਹੈ? ਸਿੱਖਾਂ ਦਾ ਇਹ ਧਾਰਮਿਕ ਚਿੰਨ ਹੈ। ਇਹ ਤਾਂ ਗੁਰੂ ਵਲੋਂ ਹੁਕਮ ਹੈ ਕਿ ਸਿੰਘ ਸ਼ਸਤਰਧਾਰੀ ਹੋਣ। ਇਹਨਾਂ ਸ਼ਸਤਰਾਂ ਤੋਂ ਬਿਨਾਂ ਸਿੰਘ ਘਰੋਂ ਨਹੀਂ ਨਿਕਲਦੇ। ਇਹ ਸ਼ਸਤਰ ਕਿਸੇ ਨੂੰ ਡਰਾਉਣ ਧਮਕਾਉਣ ਲਈ ਨਹੀਂ ਪਹਿਨੇ ਜਾਂਦੇ। ਇਹ ਤਾਂ ਕਮਜ਼ੋਰਾਂ ਤੇ ਨਿਤਾਣਿਆਂ ਦੀ ਹਿਫ਼ਾਜ਼ਤ ਲਈ ਪਹਿਨੇ ਜਾਂਦੇ ਹਨ। ਇਹ ਜ਼ਾਲਿਮ ਲੋਕਾਂ ਨੂੰ ਠੱਲ ਪਾਉਣ ਲਈ ਪਹਿਨੇ ਜਾਂਦੇ ਹਨ। ਮਹੰਤ ਜੀ ਤੁਹਾਨੂੰ ਪਤਾ ਹੋਣਾ ਚਾਹੀਦਾ ਕਿ ਸਿੰਘ ਕਿਸੇ ਕਮਜ਼ੋਰ, ਮਜ਼ਲੂਮ, ਨਿਹੱਥੇ, ਬੱਚੇ, ਬੁੱਢੇ ਤੇ ਔਰਤ ਤੇ ਵਾਰ ਨਹੀਂ ਕਰਦੇ। ਇਹ ਸਿੱਖਾਂ ਦੀ ਕੌਮੀ ਪਛਾਣ ਹੈ। ਇਹ ਉਹੀ

ਸਿੰਘ ਹਨ ਜਿਹੜੇ ਹਿੰਦੂ ਵੀਰਾਂ ਦੀਆਂ ਧੀਆਂ ਭੈਣਾਂ ਨੂੰ ਅਬਦਾਲੀਆਂ ਤੇ ਨਾਦਰਾਂ ਕੋਲੋਂ ਛੁਡਵਾਕੇ, ਉਹਨਾਂ ਨੂੰ ਉਹਨਾਂ ਦੇ ਘਰੀਂ ਛੱਡਣ ਜਾਂਦੇ ਸਨ।"

"ਸਿੰਘ ਮਹੰਤ ਨਰਾਇਣ ਦਾਸ ਵਰਗੇ ਨਹੀਂ, ਜਿਹੜਾ ਜਨਮ ਅਸਥਾਨ ਗੁਰਦੁਆਰੇ ਵਿਖੇ ਗਈਆਂ ਸੰਗਤਾਂ ਦੀ ਬੇਇਜ਼ਤੀ ਕਰਦਾ ਹੈ ਤੇ ਉਹਨਾਂ ਦੀ ਆਬਰੂ ਲੁਟਦਾ ਹੈ। ਸਾਨੂੰ ਸ਼ਿਕਾਇਤਾਂ ਆਈਆਂ ਨੇ ਇਸ ਦੁਸ਼ਟ ਮਹੰਤ ਨੇ ਇਕ ਸਿੰਧੀ ਪਰਿਵਾਰ ਦੀਆਂ ਬੇਟੀਆਂ ਨਾਲ ਜ਼ਬਰਜਨਾਹ ਕੀਤਾ ਹੈ। ਇਸ ਨਾਲ ਸਾਡਾ ਸਾਰੇ ਹਿੰਦੋਸਤਾਨ ਵਿੱਚ ਸਿਰ ਨੀਵਾਂ ਹੋਇਆ ਹੈ। ਸਿੰਘ ਅਜਿਹੇ ਦੁਸ਼ਟਾਂ ਨੂੰ ਸੋਧਣ ਲਈ ਹਥਿਆਰ ਚੁੱਕੀ ਫਿਰਦੇ ਨੇ। ਤੁਸੀਂ ਤਾਂ ਬਾਬਾ ਜੀ ਨੇਕ ਦਿਲ ਇਨਸਾਨ ਤੇ ਈਸ਼ਵਰ ਦੇ ਭਗਤ ਹੋ। ਤੁਹਾਨੂੰ ਇਸ ਕਿਰਪਾਨ ਤੋਂ ਡਰਨ ਦੀ ਲੋੜ ਨਹੀਂ। ਸਾਡੇ ਵੱਡੇ ਵਡੇਰੇ ਇਸ ਕੁਟੀਆ ਦਾ ਪੂਰਾ ਇਜ਼ਤ ਮਾਣ ਕਰਦੇ ਆਏ ਹਨ। ਅਸੀਂ ਵੀ ਘੱਟ ਨਹੀਂ ਕਰਦੇ। ਇਸ ਲਈ ਅਜਿਹੇ ਹੁਕਮ ਵਾਪਿਸ ਲਓ।"

ਮਹੰਤ ਨੇ ਬੜੀ ਹਲੀਮੀ ਨਾਲ ਜਥੇਦਾਰ ਟਹਿਲ ਸਿੰਘ ਦੇ ਵਿਚਾਰ ਸੁਣੇ। ਉਹ ਸਿੰਘਾਂ ਦੇ ਗੌਰਵਮਈ ਕਾਰਨਾਮੇ ਸੁਣਕੇ ਬਹੁਤ ਪ੍ਰਭਾਵਿਤ ਹੋਇਆ। ਉਸਨੇ ਸਿੰਘਾਂ ਬਾਰੇ ਅਜਿਹੇ ਵਿਚਾਰ ਕਿਤਾਬਾਂ ਵਿੱਚ ਪੜ੍ਹੇ ਹੋਏ ਸਨ ਪਰ ਪਰਤੱਖ ਰੂਪ ਵਿੱਚ ਸਿੰਘਾਂ ਦੀ ਜੀਵਨ ਕਲਾ ਨਾਲ ਸਿਰਫ਼ ਟਹਿਲ ਸਿੰਘ ਨੇ ਭੇਂਟ ਕਰਾਈ ਸੀ। ਉਹ ਹੱਥ ਜੋੜ ਕੇ (ਟਹਿਲ ਸਿੰਘ ਨੇ ਬਾਬਾ ਜੀ ਨੂੰ ਅਜਿਹਾ ਕਰਨ ਤੋਂ ਰੋਕਿਆ) ਟਹਿਲ ਸਿੰਘ ਨੂੰ ਆਖਣ ਲਗਾ, "ਤੁਸੀਂ ਤਾਂ ਜਥੇਦਾਰ ਜੀ ਮੇਰੀਆਂ ਅੱਖਾਂ ਖੋਹਲ ਦਿੱਤੀਆਂ ਨੇ। ਮੈਂ ਐਵੇਂ ਨਰਾਇਣ ਦਾਸ ਦੇ ਭੁਲਾਵੇ ਵਿੱਚ ਆ ਗਿਆ ਸੀ। ਉਹਨੇ ਮੈਨੂੰ ਆਖਿਆ ਸੀ," ਸਿੰਘਾਂ ਤੋਂ ਬਚਕੇ ਰਹੀਂ। ਇਹ ਬੁਕਲ ਦੇ ਸੱਪ ਨੇ; ਮੈਂ ਪਿਛਲੇ ਮੇਲੇ ਵਿੱਚ ਕਿਰਪਾਨ ਤੇ ਪਾਬੰਦੀ ਲਾਈ ਸੀ ਕਿ ਕੋਈ ਵੱਡੀ ਕਿਰਪਾਨ ਲੈਕੇ ਗੁਰਦੁਆਰੇ ਨਾ ਜਾਵੇ। ਇਸੇ ਤਰ੍ਹਾਂ ਤੂੰ ਵੀ ਅਜਿਹੀਆਂ ਪਾਬੰਦੀਆਂ ਲਾਇਆ ਕਰ ਨਹੀਂ ਤਾਂ ਇਹ ਸਰਦਾਰ ਭੂਤਰੇ ਹੋਏ ਨੇ। ਐਵੇਂ ਹਲਕੇ ਕੁੱਤਿਆਂ ਵਾਂਗ ਸਾਡੇ ਗਲ ਪੈਂਦੇ ਨੇ। ਮੈਂ ਤਾਂ ਇਹਨਾਂ ਨੂੰ ਬੰਦੇ ਦੇ ਪੁੱਤ ਬਣਾਊਂ। ਤੂੰ ਵੀ ਚੌਕਸ ਰਹਿ। "ਜਥੇਦਾਰ ਜੀ ਇਹ ਗਲਾਂ ਮਹੰਤ ਨੇ ਮੈਨੂੰ ਨਨਕਾਣਾ ਸਾਹਿਬ ਵਿਖੇ ਗੁਰਦੁਆਰੇ ਮੈਨੂੰ ਬੁਲਾ ਕੇ ਆਖੀਆਂ ਸਨ। ਹੋਰ ਮਹੰਤ ਵੀ ਸਨ। ਮੈਨੂੰ ਮਾਫ਼ ਕਰਨਾ ਮੈਂ ਸਿੱਖ ਪੰਥ ਦੀ ਨਿਹਾਇਤ ਇਜ਼ਤ ਕਰਦਾ ਹਾਂ। ਮੈਂ ਅਜ ਤੋਂ ਉਸ ਨਾਲ ਮੂੰਹ ਨਹੀਂ ਲਾਵਾਂਗਾ। ਮੈਨੂੰ ਜਥੇਦਾਰ ਤੁਸੀਂ ਦਸੋ ਮੈਂ ਪੰਥ ਦੀ ਕੀ ਸੇਵਾ ਕਰਾਂ? "ਬਸ ਗੁਰਮਤਿ ਦਾ ਪ੍ਰਚਾਰ ਕਰੋ ਤੇ ਲੋਕਾਂ ਨੂੰ ਸਿਧੇ ਪਾਸੇ ਪਾਓ"। ਬਾਕੀ ਅਸੀਂ ਆਪੇ ਸਾਂਭ ਲਵਾਂਗੇ। ਟਹਿਲ ਸਿੰਘ ਨੇ ਉਠਦਿਆਂ ਇਹ ਲਫ਼ਜ਼ ਬੋਲੇ ਤੇ ਬਾਬਾ ਜੀ ਨਾਲ ਫਤਹਿ ਸਾਂਝੀ ਕਰਕੇ ਵਾਪਿਸ ਪਿੰਡ ਚਲਾ ਗਿਆ।

ਟਹਿਲ ਸਿੰਘ ਉਸ ਦਿਨ ਅੰਮ੍ਰਿਤਸਰ ਵਿੱਚ ਹੀ ਸੀ। ਜਦੋਂ ਸ੍ਰੀ ਹਰਿਮੰਦਰ ਸਾਹਿਬ, ਜਿਸਨੂੰ ਸਿੱਖਾਂ ਦਾ ਮੱਕਾ ਕਹਿੰਦੇ ਹਨ, ਉੱਥੇ ਮਹੰਤ ਅਰੂੜ ਸਿੰਘ ਤੇ ਹੋਰ ਸਾਥੀ ਮਹੰਤਾਂ ਨੇ ਹਜ਼ਾਰਾਂ ਲੋਕਾਂ ਦੇ ਹਤਿਆਰੇ ਜਨਰਲ ਡਾਇਰ ਨੂੰ ਦਰਬਾਰ ਸਾਹਿਬ ਵਲੋਂ

ਸਨਮਾਨਤ ਕੀਤਾ ਗਿਆ ਕਿ ਉਸਨੇ 'ਭੂਤਰੇ ਤੇ ਗੁਮਰਾਹ' ਹੋਏ ਹਿੰਦੋਸਤਾਨੀਆਂ ਨੂੰ ਕੁਚਲ ਕੇ ਬਰਤਾਨਵੀ ਸਰਕਾਰ ਦੀ ਅਪਾਰ ਸੇਵਾ ਤੇ ਖਿਦਮਤ ਕੀਤੀ ਹੈ। ਇਹ ਸਭ ਕੁਝ ਅਖ਼ਬਾਰ ਵਿਚੋਂ ਪੜ੍ਹਕੇ ਬਾਕੀ ਦੇਸ਼ ਭਗਤਾਂ ਵਾਂਗ ਉਸਦੀ ਆਤਮਾਂ ਵੀ ਤੜਪੀ। ਉਸਦਾ ਦਿਲ ਕਰਦਾ ਸੀ ਕਿ ਅਜਿਹੇ ਦਰਿੰਦੇ ਮਹੰਤਾਂ ਨੂੰ ਕੰਨੋਂ ਫੜਕੇ ਹਰਿਮੰਦਰ ਸਾਹਿਬ ਵਿਚੋਂ ਬਾਹਰ ਕੱਢ ਦੇਵਾਂ। ਉਸਨੂੰ ਇਹ ਪੜ੍ਹਕੇ ਆਪਣੇ ਜ਼ਖ਼ਮਾਂ ਦੀ ਪੀੜ ਵਿਸਰ ਗਈ ਸੀ। ਉਸਦਾ ਖ਼ੂਨ ਖੋਲ ਰਿਹਾ ਸੀ। ਉਹ ਪੂਰੀ ਤਰ੍ਹਾਂ ਬੇਵੱਸ ਸੀ। ਉਸਨੂੰ ਪਹਿਲੇ ਦਿਨ ਦੀ ਕੋੜਿਆਂ ਵਾਲੀ ਘਟਨਾ ਯਾਦ ਆ ਰਹੀ ਸੀ। ਉਸ ਵਕਤ ਉਸਦੇ ਮਨ ਵਿੱਚ ਇਹ ਖ਼ਿਆਲ ਵੀ ਆਇਆ ਕਿ ਅਜਿਹੇ ਜੀਣ ਨਾਲੋਂ ਮਰ ਜਾਣਾ ਬਿਹਤਰ ਹੈ। ਉਹ ਮਰਨਾ ਚਾਹੁੰਦਾ ਸੀ। ਉਹ ਘਰਦੀ ਉਪਰਲੀ ਛੱਤ ਤੇ ਗਿਆ ਤੇ ਹੇਠਾਂ ਝਾਤੀਆਂ ਮਾਰਨ ਲਗਾ। ਉਸ ਵਕਤ ਉਸ ਨੂੰ ਇਹ ਵੀ ਖ਼ਿਆਲ ਆਇਆ ਕਿ ਅਜਿਹਾ ਮਰਨਾ ਸਰਾਸਰ ਬੁਜ਼ਦਿਲੀ ਹੈ। ਔਕੜਾਂ ਕੀਹਦਾ ਪਿਛਾ ਨਹੀਂ ਕਰਦੀਆਂ। ਦੇਸ਼ ਤੇ ਕੌਮ ਨੂੰ ਪਿਆਰ ਕਰਨ ਵਾਲੇ ਇਸਤਰ੍ਹਾਂ ਕੋਠਿਆਂ ਤੋਂ ਛਾਲਾਂ ਨਹੀਂ ਮਾਰਦੇ। ਉਹ ਸੋਚਦਾ-ਸੋਚਦਾ ਹੇਠਲੀ ਮੰਜ਼ਿਲ ਤੇ ਆ ਗਿਆ ਤੇ ਆਕੇ ਸਿੱਖ ਇਤਿਹਾਸ ਦੀ ਇਕ ਕਿਤਾਬ ਫੋਲਣ ਲਗਾ।

ਜਥੇਦਾਰ ਨੂੰ ਇਹ ਜਾਣ ਕੇ ਡਾਹਢਾ ਦੁੱਖ ਹੋਇਆ ਕਿ ਸਾਡੇ ਕੁਝ ਸਿੱਖ ਕੇਵਲ ਨਾਮ ਦੇ ਹੀ ਸਿੱਖ ਹਨ। ਇਹਨਾਂ ਨੇ ਦਾਹੜੀ ਕੇਸ ਤੇ ਹੋਰ ਕੱਕੇ ਤਾਂ ਸਜਾਏ ਹੋਏ ਹਨ ਪਰੰਤੂ ਇਹਨਾਂ ਦੀਆਂ ਕਰਤੂਤਾਂ ਸਿੱਖੀ ਲਈ ਘਾਤਕ ਹਨ। ਇਹਨਾਂ ਲੋਕਾਂ ਦਾ ਦੋਹਰਾ ਕਿਰਦਾਰ ਹੈ। ਇਕ ਪਾਸੇ ਤਾਂ ਇਹ ਲੋਕ ਸਿੱਖਾਂ ਦੇ ਆਗੂ ਹੋਣ ਦਾ ਦਾਹਵਾ ਕਰਦੇ ਹਨ ਤੇ ਸਿੱਖੀ ਦੀਆਂ ਚੜ੍ਹਦੀ ਕਲਾ ਦੀ ਗਲ ਕਰਦੇ ਹਨ ਤੇ ਸਿੱਖਾਂ ਨੂੰ ਬੜੇ ਲੰਮੇ ਚੌੜੇ ਭਾਸ਼ਨ ਕਰਕੇ ਆਪਣੀ ਸਿੱਖੀ ਸਪਿਰਟ ਦਾ ਮੁਜ਼ਾਹਰਾ ਕਰਦੇ ਹਨ ਪਰ ਦੂਜੇ ਪਾਸੇ ਅੰਦਰ ਖ਼ਾਤੇ ਇਹ ਅੰਗਰੇਜ਼ਾਂ ਦੇ ਮੁਖਬਰ ਹਨ। ਉਹਨਾਂ ਦੀ ਬੋਲੀ ਬੋਲਦੇ ਹਨ ਤੇ ਦੇਸ਼ ਭਗਤਾਂ ਦੀਆਂ ਮੁਖਬਰੀਆਂ ਕਰਕੇ, ਇਹਨਾਂ ਲੋਕਾਂ ਨੇ ਜ਼ਮੀਨਾਂ ਜਾਇਦਾਦਾਂ ਤੇ ਔਹਦੇਦਾਰੀਆਂ ਹਾਸਿਲ ਕੀਤੀਆਂ ਹਨ। ਟਹਿਲ ਸਿੰਘ ਕਿਹਾ ਕਰਦਾ ਸੀ ਕਿ ਜੇਕਰ ਇਕ ਸਿੱਖ ਚੰਨਣ ਸਿੰਘ ਗਦਰੀ ਬਾਬਿਆਂ ਦੀ ਸਕੀਮ ਦਾ ਪਰਦਾ ਅੰਗਰੇਜ਼ਾਂ ਕੋਲ ਫਾਸ਼ ਨਾ ਕਰਦਾ ਤਾਂ ਹਿੰਦੋਸਤਾਨ ਦਾ ਸ਼ਾਇਦ ਨਕਸ਼ਾ ਹੀ ਕੁਝ ਹੋਰ ਹੁੰਦਾ।

ਅੰਗਰੇਜ਼ੀ ਸਰਕਾਰ ਨੇ ਜਿੱਥੇ ਧਾਰਮਿਕ ਅਸਥਾਨਾਂ ਵਿੱਚ ਆਪਣੇ ਚਹੇਤੇ ਤਾਇਨਾਤ ਕਰ ਰੱਖੇ ਸਨ, ਉਥੇ ਉਹਨਾਂ ਨੇ ਨੰਬਰਦਾਰ, ਸਫੈਦ ਪੋਸ਼, ਜੈਲਦਾਰ, ਆਨਰੇਰੀ ਮਜਿਸਟਰੇਟ, ਖਾਨ ਬਹਾਦਰ, ਸਰਦਾਰ ਬਹਾਦਰ ਤੇ ਰਾਏ ਬਹਾਦਰ ਆਪਣੇ ਚਹੇਤਿਆਂ ਤੇ ਸੂਹੀਆਂ ਦੇ ਤੌਰ ਤੇ ਹਰ ਇਲਾਕੇ ਵਿੱਚ ਫਿਟ ਕੀਤੇ ਹੋਏ ਸਨ। ਇਹ ਲੋਕ ਰਾਤ-ਦਿਨ ਬੜੀ ਮੁਸਤੈਦੀ ਨਾਲ, ਦੇਸ਼ ਭਗਤਾਂ ਦੀਆਂ ਸਰਗਰਮੀਆਂ ਦਾ ਖੁਰਾ ਨਪਦੇ ਸਨ ਤੇ ਰਾਤ ਨੂੰ ਸੌਣ ਤੋਂ ਪਹਿਲਾਂ ਸਾਰੀ ਰਿਪੋਰਟ ਅੰਗਰੇਜ਼ੀ ਸਰਕਾਰ ਨੂੰ

ਦਿੰਦੇ ਸਨ। ਇਕ ਅਜਿਹਾ ਸਫੈਦ ਪੋਸ਼ ਤਾਰਾ ਸਿੰਘ ਸੀ। ਉਸ ਨੂੰ ਸਰਦਾਰ ਬਹਾਦਰ ਤਾਰਾ ਸਿੰਘ ਆਖਿਆ ਜਾਂਦਾ ਸੀ। ਉਸਦਾ ਪਿੰਡ ਤਾਰਾਗੜ੍ਹ ਸੀ। ਜਦੋਂ ਟਹਿਲ ਸਿੰਘ ਫਿਰ ਤੁਰਕੇ ਸ਼ਹੀਦੀ ਜਥੇ ਲਈ ਨਾਵਾਂ ਦੀ ਸੂਚੀ ਤਿਆਰ ਕਰ ਰਿਹਾ ਸੀ ਤਾਂ ਤਾਰਾ ਸਿੰਘ ਨਾਲ ਉਸਦੀ ਝੜਪ ਹੋ ਪਈ। ਤਾਰਾ ਸਿੰਘ ਆਖਣ ਲਗਾ "ਤੂੰ ਜਥੇਦਾਰਾ ਸਾਡੇ ਪਿੰਡ ਨਹੀਂ ਆ ਸਕਦਾ। ਮੈਂ ਸੁਣਿਆ ਏ ਕਿ ਤੇਰੇ ਡੌਲੇ ਬੜੇ ਫਰਕਦੇ ਨੇ। ਜੇਕਰ ਸਰਕਾਰ ਦੇ ਅੜਿਕੇ ਚੜ੍ਹ ਗਿਆ ਤਾਂ ਫੜਕਣੋਂ ਹਟ ਜਾਣਗੇ। ਤੂੰ ਅਜੇ ਸ਼ੇਖ਼ ਚਿਲੀਆਂ ਵਾਂਗ ਮਸਨੂਹੀ ਦੁਨੀਆਂ ਵਿੱਚ ਘੁੰਮ ਰਿਹਾ ਏ। ਅੰਗਰੇਜ਼ੀ ਸਰਕਾਰ ਬੜੀ ਮਹਾਂਬਲੀ ਹੈ। ਤੂੰ ਸੁਣਿਆ ਕਿ ਅੰਗਰੇਜ਼ਾਂ ਦੇ ਰਾਜ ਵਿੱਚ ਸੂਰਜ ਨਹੀਂ ਡੁਬਦਾ। ਤੂੰ ਕਿਸ ਬਾਗ਼ ਦੀ ਮੂਲੀ ਏਂ। ਮੈਂ ਕਈ ਦਿਨਾਂ ਤੋਂ ਤੇਰੀਆਂ ਹਰਕਤਾਂ ਵੇਖ ਰਿਹਾ ਵਾਂ ਪਰ ਤੂੰ ਟੁਟੇ ਛਿੱਤਰ ਵਾਂਗ ਵੱਧਦਾ ਹੀ ਜਾਨਾ ਏ। ਅਗੇ ਤੋਂ ਤੂੰ ਭਲੇ ਮਾਣਸਾ ਮੇਰੇ ਇਲਾਕੇ ਵਿੱਚ ਨਹੀਂ ਵੜਨਾ। ਭੋਲੇ ਭਾਲੇ ਸਿੱਖਾਂ ਨੂੰ ਜਿਹੜੇ ਮਿਹਨਤ ਮੁਸ਼ਕਤ ਕਰਕੇ ਦਾਲ ਫੁਲਕਾ ਖਾਂਦੇ ਨੇ ਤੂੰ ਐਵੇਂ ਮਰਵਾਏਂਗਾ। ਐਵੇਂ ਵਸਦੇ ਘਰਾਂ ਨੂੰ ਉਜਾੜੇਂਗਾ। ਇਹਨਾਂ ਦੀਆਂ ਬੀਬਾ ਜਨਾਨੀਆਂ ਤੇ ਬੱਚੇ ਤੇਰੀ ਜਾਨ ਨੂੰ ਰੋਣਗੇ। ਐਵੇਂ ਲੋਕਾਂ ਨੂੰ ਗੁਮਰਾਹ ਨਾ ਕਰ। ਉਹਨਾਂ ਨੂੰ ਆਪਣੇ ਕੰਮ ਧੰਦੇ ਕਰਨ ਦੇ। ਮੇਰੇ ਇਲਾਕੇ ਵਿਚੋਂ ਤੇਰੇ ਮਗਰ ਕਿਸੇ ਨਹੀਂ ਲਗਣਾ। ਜਾ ਰੱਬ ਦਾ ਵਾਸਤਾ ਜਾ ਕੇ ਆਪਣਾ ਕੰਮ ਧੰਦਾ ਕਰ।

ਸਫੈਦ ਪੋਸ਼ ਦੀ ਇਹ ਤਕਰੀਰ ਸੁਣ ਕੇ ਟਹਿਲ ਸਿੰਘ ਸਾਰਾ ਹੀ ਹਿਲ ਗਿਆ। ਉਸਨੇ ਪਹਿਲਾਂ ਤਾਂ ਅੰਗਰੇਜ਼ਾਂ ਦੇ ਅਜਿਹੇ ਦੁੰਮ ਛਲਿਆਂ ਬਾਰੇ ਕੇਵਲ ਸੁਣਿਆ ਹੀ ਸੀ ਪਰ ਅਜ ਤਾਂ ਦਰਸ਼ਨ ਹੋ ਗਏ ਸਨ। ਅੰਗਰੇਜ਼ੀ ਸਰਕਾਰ ਦਾ ਟੋਡੀ ਉਸਦੇ ਸਾਖਸ਼ਤ ਸਾਹਮਣੇ ਖੜਾ ਸੀ। ਆਪਣੇ ਆਪ ਨੂੰ ਜ਼ਰਾ ਸੰਭਾਲਕੇ (ਭਾਵੇਂ ਇਹ ਉਸਦੇ ਸੁਭਾਅ ਦਾ ਹਿੱਸਾ ਨਹੀਂ ਸੀ) ਉਹ ਸਫੈਦ ਪੋਸ਼ ਨੂੰ ਆਖਣ ਲੱਗਾ, ਸਰਦਾਰ ਸਾਹਿਬ ਮੈਂ ਜਾਣਦਾ ਵਾਂ ਕਿ ਤੇਰੀ ਸਰਕਾਰੇ ਦਰਬਾਰੇ ਬਹੁਤ ਚਲਦੀ ਹੈ। ਤੂੰ ਰਾਤ ਦਿਨ ਜਿੰਨਾਂ ਦਾ ਪਾਣੀ ਭਰਦਾ ਏਂ ਉਹ ਤੇਰੇ ਇਸ਼ਾਰੇ ਤੇ ਮੇਰੇ ਵਰਗਿਆਂ ਨੂੰ ਆਪਣੇ ਰਸਤੇ ਤੋਂ ਹਟਾ ਸਕਦੇ ਹਨ। ਮੈਂ ਤੈਨੂੰ ਵੰਗਾਰ ਕੇ ਆਖਦਾ ਵਾਂ ਕਿ ਇਸ ਇਲਾਕੇ ਵਿਚੋਂ ਹੀ ਮੈਂ ਸ਼ਹੀਦੀ ਜਥੇ ਦੇ ਛੱਬੀ ਮੈਂਬਰ ਭਰਤੀ ਕੀਤੇ ਹਨ ਅਤੇ ਏਨੇ ਕੁ ਮੈਂ ਹਾਲੇ ਹੋਰ ਭਰਤੀ ਕਰਨੇ ਹਨ। ਤੇਰੇ ਵਰਗੇ ਭਾਵੇਂ ਢੂਈ ਦਾ ਜ਼ੋਰ ਲਾ ਕੇ ਵੇਖ ਲੈਣ, ਤੂੰ ਸਿੰਘਾਂ ਦੇ ਮਚ ਰਹੇ ਭਾਂਬੜ ਨੂੰ ਆਪਣੇ ਨਾਪਾਕ ਇਰਾਦਿਆਂ ਨਾਲ ਠੱਲ ਨਹੀਂ ਸਕੇਂਗਾ ਤੇ ਨਾ ਹੀ ਤੇਰੀ ਸਰਕਾਰ ਹੀ ਰੋਕ ਸਕੇਗੀ। ਇਸ ਭਾਂਬੜ ਨੇ ਇਕ ਦਿਨ ਤੇਰੇ ਵਰਗਿਆਂ ਨੂੰ ਵੀ ਆਪਣੀ ਲਪੇਟ ਵਿੱਚ ਲੈ ਲੈਣਾ ਏ। ਵੇਖਦਾ ਰਹੀਂ। ਇਹ ਕਹਿਕੇ ਜਥੇਦਾਰ ਆਪਣੇ ਸਾਥੀਆਂ ਨਾਲ ਅਗੇ ਨੂੰ ਤੁਰ ਪਿਆ।

ਜਥੇਦਾਰ ਨੂੰ ਖਦਸ਼ਾ ਸੀ ਕਿ ਇਹ ਅੰਗਰੇਜ਼ਾਂ ਦਾ ਪਾਲਤੂ ਉਸ ਲਈ ਖ਼ਤਰਾ ਬਣ ਸਕਦੈ। ਇਸ ਲਈ ਉਸਨੇ ਆਪਣੇ ਬੱਬਰ ਸਾਥੀਆਂ ਨਾਲ ਇਹ ਘਟਨਾ ਸਾਂਝੀ

ਕੀਤੀ। ਅਜਿਹੇ ਅੰਗਰੇਜ਼ਾਂ ਦੇ ਖ਼ੁਸ਼ਾਮਦੀ ਅਫ਼ਸਰ ਪਹਿਲਾਂ ਹੀ ਬੱਬਰਾਂ ਦੀ ਹਿਟ ਲਿਸਟ ਤੇ ਸਨ। ਜਥੇਦਾਰ ਨੇ ਕੁਝ ਸਮਾਂ ਆਪਣੀਆਂ ਸਰਗਮੀਆਂ ਲੁਕਛਿਪ ਕੇ ਕਰਨੀਆਂ ਆਰੰਭ ਦਿੱਤੀਆਂ ਤਾਂ ਕਿ ਤਾਰਾ ਸਿੰਘ ਵਰਗੇ ਦੁਸ਼ਟ ਉਸਦਾ ਨੁਕਸਾਨ ਨਾ ਕਰ ਸਕਣ। ਉਸਦੀ ਹਿਫਾਜ਼ਿਤ ਲਈ ਦੋ ਚਾਰ ਸਿੰਘ ਜੋ ਕਿ ਪੂਰੇ ਸ਼ਸਤਰਧਾਰੀ ਸਨ ਉਸਦੇ ਨਾਲ-ਨਾਲ ਜਾਣ ਲਗੇ। ਇਸ ਤਰ੍ਹਾਂ ਬਚ ਬਚਾ ਕੇ ਕੁਝ ਦਿਨ ਲੰਘੇ। ਇਕ ਦਿਨ ਜਥੇਦਾਰ ਨੇ ਤਾਰਾ ਸਿੰਘ ਦੀ ਮੌਤ ਬਾਰੇ ਪੜ੍ਹਿਆ। ਉਸਨੂੰ ਬੱਬਰਾਂ ਨੇ ਸੋਧ ਦਿੱਤਾ, ਜਦੋਂ ਕਿ ਉਹ ਪੁਲੀਸ ਕਪਤਾਨ ਦੀ ਕੋਠੀ ਵਿਚੋਂ ਬਾਹਰ ਨਿਕਲ ਰਿਹਾ ਸੀ, ਟਹਿਲ ਸਿੰਘ ਬਹੁਤ ਖ਼ੁਸ਼ ਹੋਇਆ। ਉਸਦੇ ਗਲੋਂ ਬਲਾ ਟਲੀ। ਉਹ ਖੁਲ੍ਹਕੇ ਫਿਰ ਸ਼ਹੀਦੀ ਜਥੇ ਲਈ ਮੈਂਬਰਾਂ ਦੀ ਭਾਲ ਵਿੱਚ ਪਿੰਡੋ-ਪਿੰਡ ਫਿਰਨ ਲਗਾ। ਇਹਨਾਂ ਦਿਨਾਂ ਵਿੱਚ ਉਸਦੇ ਘਰਦਿਆਂ ਨੂੰ ਵੀ ਪਤਾ ਨਹੀਂ ਸੀ ਹੁੰਦਾ ਕਿ ਉਹ ਇਲਾਕੇ ਦੇ ਕਿਹੜੇ ਪਿੰਡ ਵਿੱਚ ਹੈ।

ਸਿੱਖ ਮਹੰਤਾਂ ਦੀ ਕਰਤੂਤ

ਹਿੰਦੂ ਮਹੰਤਾਂ ਦਾ ਵਿਹਾਰ ਤਾਂ ਗ਼ੈਰ ਪੰਥਕ ਹੋਣਾ ਹੀ ਸੀ ਕਿਉਂਕਿ ਉਹਨਾਂ ਨੂੰ ਸਿੱਖ ਧਰਮ ਨਾਲ ਕੋਈ ਲਗ-ਲਗਾ ਨਹੀਂ ਸੀ। ਉਹ ਤਾਂ ਪੈਸੇ ਜਾਂ ਸ਼ੋਹਰਤ ਜਾਂ ਸੱਤਾ ਦੀ ਖ਼ਾਤਿਰ ਇਸ ਖੇਤਰ ਵਿੱਚ ਆਏ ਸਨ। ਉਹ ਸਿੱਖੀ ਦਾ ਪ੍ਰਚਾਰ ਕਰਨਾ ਤਾਂ ਦੂਰ ਦੀ ਗਲ ਸੀ, ਸਿੱਖ ਮੱਤ ਦੇ ਅਸੂਲਾਂ ਤੋਂ ਕੋਰੇ ਸਨ। ਉਹਨਾਂ ਨੇ ਸਿੱਖ ਧਰਮ ਦੇ ਖਿਦਮਤ ਕਰਨ ਦੀ ਜਗਾ ਗੁਰਮਤਿ ਦਾ ਬੇਪਨਾਹ ਨੁਕਸਾਨ ਕੀਤਾ ਹੈ। ਉਹਨਾਂ ਨੇ ਸਿੱਖ ਮਤ ਬਾਰੇ ਕੁਝ ਕਿਤਾਬਾਂ ਲਿਖੀਆਂ ਜਾਂ ਲਿਖਵਾਈਆਂ, ਜਿਹਨਾਂ ਵਿੱਚ ਸਿੱਖ ਧਰਮ ਦੇ ਬੁਨਿਆਦੀ ਅਸੂਲਾਂ ਨਾਲ ਛੇੜ-ਛਾੜ ਕੀਤੀ ਗਈ ਸੀ। ਸਿੱਖੀ ਵਿੱਚ ਜਾਣ ਬੁਝਕੇ ਵੈਸ਼ਨੋਵਾਦ ਘਸੋੜਨ ਦੀ ਨਾਪਾਕ ਕੋਸ਼ਿਸ ਕੀਤੀ ਗਈ ਹੈ। ਬਾਲੇ ਵਾਲੀ ਸਾਖੀ ਵੀ ਅਜਿਹੇ ਮਹੰਤਾਂ ਦੀ ਲਿਖੀ ਹੋਈ ਹੈ। ਜੰਡਿਆਲਾ ਗੁਰੂ ਦੇ ਨਰਿੰਜਨੀਏ ਸਨ ਜਿੰਨਾਂ ਨੂੰ ਹੰਦਾਲੀਏ ਵੀ ਕਿਹਾ ਜਾਂਦਾ ਹੈ। ਇਸ ਡੇਰੇ ਦੇ ਇਕ ਮਹੰਤ ਨੂੰ ਗੁਰੂ ਰਾਮਦਾਸ ਵੇਲੇ ਸਿੱਖੀ ਵਿਚੋਂ ਛੇਕਿਆ ਗਿਆ ਸੀ, ਤੇ ਉਸਨੇ ਆਪਣੀ ਗੱਦੀ ਚਲਾ ਲਈ ਸੀ ਤੇ ਜਿਹੜਾ ਬਾਅਦ ਸਿੱਖਾਂ ਨਾਲ ਸਾਜਿਸ਼ਾਂ ਹੀ ਕਰਦਾ ਰਿਹਾ। ਪਹਿਲਾਂ ਇਸਦੇ ਵੱਡੇ-ਵੱਡੇਰੇ ਗੁਰੂ ਦੇ ਸਿੱਖ ਸਨ ਪਰ ਇਹ ਸਿੱਖ ਮਹੰਤ ਬਣ ਗਿਆ। ਬਾਲੇ ਵਾਲੀ ਸਾਖੀ ਵਿੱਚ ਇਸ ਡੇਰੇ ਦੇ ਮਹੰਤਾਂ ਨੇ ਹੀ ਗਲਤ ਮਲਤ ਗਲਾਂ ਲਿਖਕੇ ਗੁਰੂ ਨਾਨਕ ਸਾਹਿਬ ਨੂੰ ਬ੍ਰਾਹਮਣੀ ਰੀਤਾਂ ਮੰਨਣ ਵਾਲਾ ਵੈਸ਼ਨਵੀ ਸਾਧ ਪੇਸ਼ ਕੀਤਾ ਗਿਆ ਹੈ। ਇਸੇ ਤਰ੍ਹਾਂ ਇਹਨਾਂ ਮਹੰਤਾਂ ਨੇ ਦਸਮ ਗ੍ਰੰਥ ਵਿੱਚ ਗੁਰੂ ਸਾਹਿਬ ਦੀ ਕੁਝ ਬਾਣੀ ਦਰਜ਼ ਕਰਕੇ ਬਾਕੀ ਸਭ ਮਨ ਘੜਤ ਗਲਾਂ ਲਿਖੀਆਂ ਗਈਆਂ ਹਨ। ਇਸਤਰ੍ਹਾਂ ਦਸ਼ਮੇਸ਼ ਪਿਤਾ ਨੂੰ ਇਕ ਵੈਸ਼ਨਵੀ ਸੰਤ ਵਜੋਂ ਪੇਸ਼ ਕਰਕੇ, ਉਸਨੂੰ ਹਜ਼ਾਰਾਂ ਸਾਲ ਤੋਂ ਹੇਮਕੁੰਡ ਪ੍ਰਬਤ ਵਿਖੇ ਭਗਤੀ ਕਰਦਾ ਵਿਖਾਇਆ ਗਿਆ ਹੈ। ਇਸ ਗ੍ਰੰਥ ਵਿੱਚ ਕੁਝ ਅਜਿਹੀਆਂ ਬਾਣੀਆਂ ਦਰਜ ਕੀਤੀਆਂ ਗਈਆਂ ਹਨ, ਜਿੰਨਾ ਨੇ ਸ੍ਰੀ ਕਲਗੀਧਰ ਜੀ ਨੂੰ ਕਲੰਕਤ ਕਰਨ ਦੀ ਸਾਜਿਸ਼ ਰਚੀ ਹੈ। ਪੰਡਿਤ ਤੇ ਖ਼ਾਸ ਕਰਕੇ ਸਨਾਤਨੀ ਹਿੰਦੂ ਕਦੀ ਵੀ ਨਹੀਂ ਸਨ ਚਾਹੁੰਦੇ ਕਿ ਸਿੱਖ ਧਰਮ ਵਧੇ ਫੁਲੇ ਜਾਂ ਕਾਇਮ ਰਹੇ। ਇਹ ਲੋਕ ਬਾਈਧਾਰ ਦੇ ਹਿੰਦੂ ਰਾਜਿਆਂ ਦੇ ਵੇਲੇ ਤੋਂ ਪੁਰਾਤਾਣ ਲਗਾਉਂਦੇ ਰਹੇ ਕਿ ਸਿੱਖ ਧਰਮ ਦੀਆਂ ਜੜ੍ਹਾਂ ਵਿੱਚ ਕਿਵੇਂ ਨਾ ਕਿਵੇਂ ਤੇਲ ਦਿੱਤਾ ਜਾਵੇ। ਪਰ ਇਹ ਲੋਕ ਆਪਣੇ ਨਾਪਾਕ ਇਰਾਦਿਆਂ ਵਿੱਚ ਸਫ਼ਲ ਨਹੀਂ ਹੋ ਸਕੇ। ਇਹਨਾਂ ਲੋਕਾਂ ਨੇ ਦੀਵਾਨ ਸੁੱਚਾ ਨੰਦ, ਦੀਵਾਨ ਲਖਪਤ ਰਾਏ ਅਤੇ ਹੋਰ ਅਨੇਕਾਂ ਅਜਿਹੇ ਗੁਝੇ ਰੁਸਤਮਾਂ ਦੀ ਭੂਮਿਕਾ ਨਿਭਾਈ ਹੈ। ਵਰਤਮਾਨ ਸਮੇਂ ਵਿੱਚ ਪੰਡਿਤ ਸ਼ਰਧਾ ਰਾਮ

ਫਿਲੌਰੀ, ਸਾਧੂ ਦਇਆ ਨੰਦ ਅਤੇ ਲਾਲਾ ਲਾਜਪਤ ਰਾਏ ਦੇ ਰੂਪ ਵਿੱਚ ਆਪਣੀ ਗ਼ੈਰ ਪੰਥਿਕ ਭੂਮਿਕਾ ਨਿਭਾਈ ਹੈ।

ਜਦੋਂ ਭਾਈ ਟਹਿਲ ਸਿੰਘ ਮਹੰਤਾਂ ਵਿਰੁੱਧ ਆਪਣਾ ਅੰਦੋਲਨ ਚਲਾ ਰਿਹਾ ਸੀ ਤੇ ਉਹਨਾਂ ਦੀਆਂ ਬਦਫਹਿਲੀਆਂ ਤੋਂ ਸੰਗਤਾਂ ਨੂੰ ਜਾਣੂੰ ਕਰਵਾ ਰਿਹਾ ਸੀ ਤਾਂ ਕਈ ਸਿੱਖ ਵੀ ਉਹਨਾਂ ਦਾ ਵਿਰੋਧ ਕਰ ਰਹੇ ਸਨ। ਉਹਨਾਂ ਦਿਨਾਂ ਵਿੱਚ ਗੁਰੂ ਘਰ ਦੇ ਸਿੱਖ ਜੋ ਕਿ ਤਰੇਹਨ ਭਲੇ ਸੋਢੀ, ਬੇਦੀ ਤੇ ਬਾਵਿਆਂ ਦੇ ਉਪਨਾਵਾਂ ਨਾਲ ਜਾਣੇ ਜਾਂਦੇ ਸਨ, ਉਹਨਾਂ ਦਾ ਪਿਛਲੀਆਂ ਤਿੰਨ ਸਦੀਆਂ ਤੋਂ ਸਿੱਖ ਜਗਤ ਵਿੱਚ ਬਣਾ ਮਾਣ ਸਤਿਕਾਰ ਸੀ। ਇਹ ਲੋਕ ਆਪਣੇ ਸਾਥੀਆਂ ਨਾਲ ਘੋੜਿਆਂ ਤੇ ਆਉਂਦੇ ਤੇ ਸਿੱਖ ਸੰਗਤ ਬੜੇ ਅਦਬ ਨਾਲ ਇਹਨਾਂ ਨੂੰ ਗੁਰੂ ਘਰ ਦੇ ਬੰਦੇ ਜਾਣਕੇ ਬੜੇ ਕੀਮਤੀ ਨਜ਼ਰਾਨੇ, ਤੋਹਫੇ ਤੇ ਚੜ੍ਹਾਵਾ ਨਕਦੀ ਤੇ ਜੇਵਰਾਂ ਦੇ ਰੂਪ ਵਿੱਚ ਦਿੰਦੇ ਸਨ। ਇਕ ਵਾਰੀ ਅਜਿਹਾ ਜੱਥਾ ਭਾਈ ਟਹਿਲ ਸਿੰਘ ਦੇ ਪਿੰਡ ਆਇਆ ਤੇ ਉਗਰਾਹੀ ਇਕੱਠੀ ਕਰਨ ਲੱਗਾ। ਸ਼ਰਧਾਲੂ ਸਿੱਖ ਪਹਿਲਾਂ ਇਹਨਾਂ ਬਾਵਿਆਂ ਨੂੰ ਮੱਥਾ ਟੇਕਦੇ ਤੇ ਫਿਰ ਆਪਣਾ ਸਮਰਥਾ ਤੋਂ ਵਧ ਇਹਨਾਂ ਨੂੰ ਨਕਦੀ ਤੇ ਗਹਿਣੇ ਪੇਸ਼ ਕਰਕੇ ਆਪਣੇ ਆਪ ਨੂੰ ਭਾਗਾਂ ਵਾਲੇ ਸਮਝਦੇ।

ਜਦੋਂ ਭਾਈ ਟਹਿਲ ਸਿੰਘ ਨੂੰ ਇਹਨਾਂ 'ਮਹਾਂਪੁਰਸ਼ਾਂ' ਦੇ ਆਉਣ ਦੀ ਖ਼ਬਰ ਮਿਲੀ ਤਾਂ ਉਹ ਆਪਣੇ ਖੂਹ ਤੇ ਰੋਟੀ ਲੈਕੇ ਗਏ ਹੋਏ ਸਨ। ਖ਼ਬਰ ਮਿਲਦਿਆਂ ਇਹ ਮੁੜਦੇ ਪੈਰੀਂ ਘੋੜੀ ਤੇ ਘਰ ਪਹੁੰਚੇ। ਇਹਨਾਂ ਬਾਬਿਆਂ ਨੇ ਨੰਬਰਦਾਰ ਦੇ ਘਰ ਡੇਰਾ ਲਾਇਆ ਹੋਇਆ ਸੀ। ਪਿੰਡ ਦੇ ਕੁਝ ਸ਼ਰਧਾਵਾਨ ਸਿੰਘ ਇਹਨਾਂ ਬਾਬਿਆਂ ਦੀ ਮੁੱਠੀ ਚਾਪੀ ਕਰ ਰਹੇ ਸਨ। ਟਹਿਲ ਸਿੰਘ ਨੂੰ ਇਹ ਦ੍ਰਿਸ਼ ਚੰਗਾ ਨਾ ਲਗਾ। ਟਹਿਲ ਸਿੰਘ ਨੇ ਇਹ ਜਥੇ ਦੇ ਮੁੱਖੀ ਬਾਬੇ ਨੂੰ ਜੋ ਆਪਣੇ ਆਪ ਨੂੰ ਗੁਰੂ ਅਮਰ ਦਾਸ ਦੀ ਅੰਸ ਨਾਲ ਸਬੰਧਤ ਹੋਣ ਦਾ ਦਾਹਵਾ ਕਰ ਰਿਹਾ ਸੀ, ਉਸਨੂੰ ਸੰਬੋਧਤ ਕਰਕੇ ਆਖਿਆ," ਬਾਬਿਉ ਅਸੀਂ ਸਾਰੇ ਗੁਰੂ ਦੇ ਸਿੱਖ ਹਾਂ। ਇਹ ਸਾਡਾ ਸਭ ਤੋਂ ਵੱਡਾ ਨਾਤਾ ਹੈ। ਪਰ ਜੇ ਅਸੀਂ ਆਪਣੇ ਹੀ ਭਾਈਆਂ ਨੂੰ ਆਪਣੀ ਪਰਜਾ ਜਾਂ ਸੇਵਕ ਸਮਝਾਂਗੇ ਤਾਂ ਅਸੀਂ ਕਾਹਦੇ ਸਿੱਖ ਹੋਏ? ਜੇਕਰ ਅਸੀਂ ਆਪਣੇ ਹੀ ਗੁਰਭਾਈਆਂ ਤੋਂ ਆਪਣੀਆਂ ਲੱਤਾਂ ਘੁਟਾਵਾਂਗੇ ਤਾਂ ਸਾਡਾ ਇਹ ਰਿਸਤਾ ਖ਼ਤਮ ਹੋ ਜਾਂਦਾ ਹੈ। ਇਹ ਸੁਣਕੇ ਲੱਤਾਂ ਘੁੱਟਣ ਵਾਲੇ ਪਿੱਛੇ ਹੱਟ ਗਏ ਤੇ ਆਪਣੇ ਆਪ ਨੂੰ ਸ਼ਰਮਿੰਦਾ ਮਹਿਸੂਸ ਕਰਨ ਲਗੇ ਪਰ ਬਾਵੇ ਸ਼ਰਮਿੰਦਗੀ ਮਹਿਸੂਸ ਕਤੱਈ ਨਹੀਂ ਕਰ ਰਹੇ ਸਨ। ਭਾਈ ਟਹਿਲ ਸਿੰਘ ਨੂੰ ਨੰਬਰਦਾਰ ਨੇ ਅਜਿਹਾ ਕਹਿਣ ਤੋਂ ਰੋਕਿਆ ਤੇ ਆਖਿਆ, "ਇਹ ਧੰਨ ਭਾਗ ਹੈ ਕਿ ਗੁਰੂ ਦੀ ਅੰਸ ਨੇ ਸਾਡੇ ਵਿਹੜਿਆਂ ਵਿੱਚ ਚਰਨ ਪਾਕੇ ਉਹਨਾਂ ਨੂੰ ਪਵਿੱਤਰ ਕੀਤਾ ਹੈ। ਇਹਨਾਂ ਦੀ ਖਿਦਮਤ ਕਰਨਾ ਸਾਡਾ ਫਰਜ਼ ਹੈ। ਖ਼ਾਲਸਾ ਜੀ ਅਸੀਂ ਗੁਰੂ ਸਾਹਿਬਾਨ ਦੇ ਦਰਸ਼ਨ ਮੇਲੇ ਤਾਂ ਨਹੀਂ ਕਰ ਸਕੇ ਪਰੰਤੂ ਇਹਨਾਂ ਦੇ ਪਰਿਵਾਰ ਦੇ ਮਹਾਂ ਪੁਰਖਾਂ ਦੇ ਦਰਸ਼ਨ ਕਰਕੇ ਨਿਹਾਲ ਹੋਏ ਹਾਂ। ਤੁਸਾਂ ਭਾਈ ਟਹਿਲ ਸਿੰਘ ਦੇ ਬਚਨਾਂ ਦਾ ਬੁਰਾ

ਨਹੀਂ ਮਨਾਉਣਾ, ਉਹ ਤਾਂ ਨਾਸਤਿਕ ਹਨ। ਇਹ ਕਿਸੇ ਸੰਤ ਮਹਾਤਮਾਂ ਨੂੰ ਮੰਨਣ ਤੋਂ ਇਨਕਾਰੀ ਹਨ। ਨੰਬਰਦਾਰ ਨੂੰ ਵਿਚੋ ਹੀ ਟੋਕਦਿਆਂ ਟਹਿਲ ਸਿੰਘ ਨੇ ਆਖਿਆ, ਪਿਆਰੇ ਵੀਰੋ! ਉਥੇ ਪਿੰਡ ਦੇ ਬਹੁਤ ਸਾਰੇ ਲੋਕ ਇਕੱਠੇ ਹੋ ਗਏ ਸਨ। ਨੰਬਰਦਾਰ ਸਾਹਿਬ ਮੇਰੇ ਤੋਂ ਵੱਡੇ ਹਨ ਤੇ ਮੇਰੇ ਸਤਿਕਾਰ ਯੋਗ ਬਜ਼ੁਰਗ ਹਨ। ਪਰ ਸਿੱਖ ਧਰਮ ਬਾਰੇ ਇਹਨਾਂ ਦੀ ਜਾਣਕਾਰੀ ਨਾਮਮਾਤਰ ਹੀ ਹੈ। ਇਹ ਸਿੰਘ ਜੋ ਘਰ ਦੇ ਫਰਜ਼ੰਦ ਬਣਕੇ ਪਿੰਡੋ-ਪਿੰਡੀ ਫਿਰ ਰਹੇ ਹਨ, ਇਹ ਸਿੱਖ ਨਹੀਂ ਹਨ ਤੇ ਨਾ ਹੀ ਸਿੱਖੀ ਨਾਲ ਇਹਨਾਂ ਦੀ ਕੋਈ ਹਮਦਰਦੀ ਹੈ। ਇਹ ਤਾਂ ਚੜ੍ਹਾਵਾ ਇਕੱਠਾ ਕਰਕੇ, ਤੁਹਾਡੀ ਸ਼ਰਧਾ ਦਾ ਨਜਾਇਜ਼ ਫਾਇਦਾ ਉਠਾ ਰਹੇ ਹਨ। ਇਹਨਾਂ ਲੋਕਾਂ ਬਾਰੇ ਤੁਹਾਨੂੰ ਪਤਾ ਨਹੀਂ। ਇਹਨਾਂ ਹੀ ਲੋਕਾਂ ਨੇ ਗੁਰੂ ਘਰ ਦੇ ਜਾਨਸ਼ੀਨ ਦਸਦਿਆਂ ਸਾਡੇ ਗੁਰੂ ਸਾਹਿਬਾਨ ਦੀ ਰਜਕੇ ਮੁਖਾਲਫਿਤ ਕੀਤੀ ਸੀ। ਇਹ ਪ੍ਰਿਥੀਚੰਦ, ਧੀਰ ਮੱਲ ਤੇ ਰਾਮ ਰਾਈਆਂ ਦੀ ਔਲਾਦ ਹਨ। ਗੁਰੂ ਸਾਹਿਬ ਨੇ ਇਹਨਾਂ ਲੋਕਾਂ ਦੀਆਂ ਪੰਥ ਵਿਰੋਧੀ ਕਾਰਵਾਈਆਂ ਵੇਖਕੇ ਆਖਿਆ ਸੀ, ਸੋਢੀ ਮੇਰੇ ਸਿੱਖ ਨਹੀਂ ਹੋਣਗੇ। ਪਿਆਰੇ ਵੀਰੋ ਇਹ ਬੇਦੀ ਤੇ ਸੋਢੀਆਂ ਨੇ ਗੁਰੂ ਘਰ ਨਾਲ ਬਥੇਰੇ ਵਿਸ਼ਵਾਸਘਾਤ ਕੀਤੇ ਹਨ।

ਭਾਈ ਟਹਿਲ ਸਿੰਘ ਜਦੋਂ ਸਿੱਖ ਇਤਿਹਾਸ ਦੀਆਂ ਟੂਕਾਂ ਤੇ ਹਵਾਲੇ ਦੇ ਰਿਹਾ ਸੀ ਤਾਂ ਭਲ਼ੇ ਬਾਬਾ ਜੀ ਤੇ ਉਹਨਾਂ ਦੇ ਸਾਥੀ ਚੁਪ-ਚਾਪ ਕਰਕੇ ਉਥੋਂ ਤੁਰ ਪਏ। ਨੰਬਰਦਾਰ ਉਹਨਾਂ ਨੂੰ ਰੋਕ ਰਿਹਾ ਸੀ। ਉਹ ਹੱਥ ਜੋੜਕੇ ਉਹਨਾਂ ਅਗੇ ਅਰਜਾਂ ਗੁਜਾਰ ਰਿਹਾ ਸੀ ਕਿ ਬਾਬਾ ਜੀ ਇਥੋਂ ਨਰਾਜ਼ ਹੋਕੇ ਨਾ ਜਾਣ। ਕਿੱਧਰੇ ਸਰਾਪ ਦੇ ਕੇ ਨਾ ਜਾਣ। ਪਰ ਬਾਬਿਆਂ ਨੇ ਨੰਬਰਦਾਰ ਦੀ ਇਕ ਨਾ ਮੰਨੀ ਤੇ ਉਹ ਨੰਬਰਦਾਰ ਦੀ ਹਵੇਲੀ ਵਿਚੋਂ ਬਾਹਰ ਨਿਕਲ ਗਏ। ਜਦੋਂ ਨੰਬਰਦਾਰ ਵਾਪਿਸ ਆਇਆ ਤਾਂ ਉਸ ਨੇ ਟਹਿਲ ਸਿੰਘ ਨੂੰ ਆਪਣੀ ਹਵੇਲੀ ਵਿਚੋਂ ਬਾਹਰ ਜਾਣ ਲਈ ਆਖਿਆ। ਭਾਈ ਟਹਿਲ ਸਿੰਘ ਤੁਰ ਦਾ ਤੁਰਦਾ ਕਹੀ ਜਾ ਰਿਹਾ ਸੀ। ਨੰਬਰਦਾਰਾ ਤੂੰ ਵੀ ਮਹੰਤਾਂ ਦਾ ਜੋਟੀਦਾਰ ਲਗਦਾ ਏ। ਇਹਨਾਂ ਬਾਬਿਆਂ ਦਾ ਜਰਾ ਕਰਤੂਤਾਂ ਤਾਂ ਸੁਣ। ਇਹਨਾਂ ਦਾ ਇਕ ਬਾਬਾ ਏ ਬੇਦੀ ਕਰਤਾਰ ਸਿੰਘ। ਇਸਦਾ ਪਿਓ ਬਾਬਾ ਖੇਮ ਸਿੰਘ ਬੇਦੀ ਤਾਂ ਬੜਾ ਚੰਗਾ ਸੀ ਪਰ ਇਹ ਤਾਂ ਜਗੀਰਦਾਰ ਏ ਤੇ ਅੰਗਰੇਜ਼ਾਂ ਦਾ ਪਿਠੂ ਨੰਬਰ ਇਕ ਮਹੰਤਾਂ ਦਾ ਪੱਕਾ ਜੋਟੀਦਾਰ। ਉਸ ਮਹੰਤ ਦਾ ਜੋਟੀਦਾਰ। ਉਸ ਮਹੰਤ ਦਾ ਜੋਟੀਦਾਰ ਏ, ਜਿਸਨੇ ਸਾਡੇ ਬਾਬੇ ਨਾਨਕ ਦੇ ਜਨਮ ਅਸਥਾਨ ਨੂੰ ਕਲੰਕਤ ਕਰ ਰੱਖਿਆ ਹੈ। ਸਾਰਾ ਸਿੱਖ ਜਗਤ ਤਰਾਹ-ਤਰਾਹ ਕਰ ਰਿਹਾ ਏ ਪਰ ਮਹੰਤ ਦੀ ਪਿੱਠ ਤੇ ਕਰਤਾਰ ਸਿੰਘ ਬੇਦੀ ਹੈ, ਜਿਹੜਾ ਆਪਣੇ ਆਪ ਨੂੰ ਇਹਨਾਂ ਬਾਬਿਆਂ ਵਾਂਗ ਗੁਰੂ ਦਾ ਅੰਸ਼ ਸਮਝਦਾ ਏ। ਇਹ ਬੇਦੀ, ਭਲੇ, ਸੋਢੀ ਤੇ ਬਾਵੇ ਨਕਲੀ ਸਿੱਖ ਹਨ। ਇਕ ਪਾਸੇ ਇਹ ਅੰਗਰੇਜਾਂ ਤੇ ਮਹੰਤਾਂ ਦੀ ਤਰਫਦਾਰੀ ਕਰਦੇ ਨੇ ਤੇ ਦੂਜੇ ਪਾਸੇ ਇਹ ਆਪਣੇ ਆਪ ਨੂੰ ਗੁਰੂ ਸਾਹਿਬਾਨ ਦੀ ਅੰਸ਼ ਗਿਣਦੇ ਨੇ। ਇਹ ਨੰਬਰਦਾਰ ਜੀ ਸਿੱਖਾਂ ਦੇ ਹਮਾਇਤੀ ਨਹੀਂ ਦੋਖੀ ਨੇ।

ਟਹਿਲ ਸਿੰਘ ਦੇ ਇਸ ਭਾਸ਼ਣ ਦਾ ਨੰਬਰਦਾਰ ਉਪਰ ਅਸਰ ਹੋਇਆ ਤੇ ਉਸਨੇ ਟਹਿਲ ਸਿੰਘ ਨੂੰ ਬੈਠਣ ਲਈ ਕਿਹਾ ਤੇ ਆਪਣੇ ਕਰੂਰ ਬਚਨਾਂ ਦੀ ਮੁਆਫੀ ਮੰਗੀ। ਉਸਨੇ ਜ਼ਬਰਦਸਤੀ ਟਹਿਲ ਸਿੰਘ ਨੂੰ ਦੁੱਧ ਪਿਲਾਇਆ ਤੇ ਕਿੰਨਾ ਚਿਰ ਹੱਸ-ਹੱਸ ਗਲਾਂ ਕਰਦੇ ਰਹੇ। ਨੰਬਰਦਾਰ ਕਹਿਣ ਲਗਾ, ਟਹਿਲ ਸਿਆਂ ਅਸੀਂ ਤਾਂ ਕੋਰੇ ਅਨਪੜ੍ਹ ਵਾਂ ਤੇ ਸਾਨੂੰ ਸਿੱਖ ਮਜ਼ਬ ਬਾਰੇ ਬੜੀ ਘਟ ਜਾਣਕਾਰੀ ਹੈ। ਤੂੰ ਤਾਂ ਦੁਨੀਆਂ ਫਿਰਿਆਂ ਤੁਰਿਆ ਏਂ ਤਾਂ ਪੜ੍ਹਨਾਂ ਲਿਖਣਾ ਜਾਣਦਾ ਏਂ। ਇਸ ਲਈ ਮਾਫ ਕਰੀਂ ਮੈਨੂੰ ਮੂਰਖ ਨੂੰ। ਅਗਲੇ ਦਿਨ ਸਵੇਰੇ ਹੀ ਨੰਬਰਦਾਰ ਆਪਣੇ ਚਹੇਤਿਆਂ ਨੂੰ ਨਾਲ ਲੈ ਕੇ ਟਹਿਲ ਸਿੰਘ ਦੀ ਹਵੇਲੀ ਆਇਆ। ਟਹਿਲ ਸਿੰਘ ਕੁਰਸੀ ਤੇ ਬੈਠਾ ਅਖ਼ਬਾਰ ਪੜ੍ਹ ਰਿਹਾ ਸੀ। ਫਤਹਿ ਸਾਂਝੀ ਕਰਨ ਉਪਰੰਤ ਟਹਿਲ ਸਿੰਘ ਸਭ ਨੂੰ ਲਾਗੇ ਡਿਠੇ ਮੰਜੇ ਤੇ ਬਹਿਣ ਦਾ ਇਸ਼ਾਰਾ ਕੀਤਾ। ਟਹਿਲ ਸਿੰਘ ਨੇ ਕਿਹਾ, ਆਓ ਬਜ਼ੁਰਗੋ ਸਵੇਰੇ-ਸਵੇਰੇ ਕਿਵੇਂ ਆਉਣਾ ਹੋਇਆ? ਨੰਬਰਦਾਰ ਨੇ ਗਲਾ ਸਾਫ਼ ਕੀਤਾ ਤੇ ਆਖਣ ਲਗਾ, ਜਥੇਦਾਰਾ ਮੈਨੂੰ ਤਾਂ ਰਾਤੀ ਨੀਂਦ ਨਹੀਂ ਆਈ। ਮੈਂ ਇਹ ਹੀ ਸੋਚਦਾ ਰਿਹਾ ਕਿ ਮੈਂ ਵੀ ਅੰਗਰੇਜ਼ੀ ਸਰਕਾਰ ਦੇ ਪਿਠੂਆਂ ਤੇ ਹਥਠੋਕਿਆਂ ਵਿੱਚ ਸ਼ੁਮਾਰ ਹਾਂ। ਮੈਂ ਜੈਲਦਾਰ ਨੂੰ ਤੇਰੇ ਬਾਰੇ ਐਵੇਂ ਲੂਤੀਆਂ ਲਾਉਂਦਾ ਰਿਹਾ ਹਾਂ। ਮੈਨੂੰ ਮਾਫ਼ ਕਰੀਂ। ਮੇਰੇ ਗੁਨਾਹ ਗੁਰੂ ਮਾਫ ਕਰੇ। ਮੈਂ ਅੱਜ ਹੀ ਤਸੀਲੇ ਜਾ ਕੇ ਆਪਣੀ ਘੋੜੀ ਤੇ ਬੰਦੂਕ ਵਾਪਿਸ ਕਰਨ ਚਲਿਆਂ ਵਾਂ। ਮੈਂ ਨੰਬਰਦਾਰੀ ਵੀ ਅਜ ਤੋਂ ਛੱਡੀ। ਮੈਂ ਅੱਜ ਤੋਂ ਤੇਰਾ ਮੁਰੀਦ ਤੇ ਸਗਿਰਦ। ਤੂੰ ਮੈਨੂੰ ਜਿਥੇ ਮਰਜੀ ਝੋਕਦੇ। ਇਹ ਮੇਰੇ ਸਾਰੇ ਸਾਥੀ ਅੱਜ ਤੋਂ ਤੇਰੇ ਸੇਵਕ ਹੋਣਗੇ ਤੇ ਪੰਥ ਲਈ ਆਪਣਾ ਆਪ ਵਾਰਨ ਲਈ ਵਚਨਬੱਧ ਹੋਣਗੇ।

ਨੰਬਰਦਾਰ ਦੇ ਅਸਤੀਫੇ ਦੀ ਗਲ ਸੁਣ ਕੇ ਟਹਿਲ ਸਿੰਘ ਬਾਗੋ-ਬਾਗ ਹੋ ਗਿਆ ਤੇ ਉਸਨੇ ਪੰਥ ਦੀ ਇਸ ਫਤਹਿ ਲਈ ਇਕ ਜੋਰਦਾਰ ਜੈਕਾਰਾ ਛੱਡਿਆ ਜਿਸਦੀ ਆਵਾਜ਼ ਪਿੰਡ ਦੀ ਹਰ ਨੁੱਕਰ ਵਿੱਚ ਕਿੰਨਾ ਚਿਰ ਗੂੰਜਦੀ ਰਹੀ। ਨੰਬਰਦਾਰ ਨੇ ਜਾਣ ਲੱਗਿਆ ਟਹਿਲ ਨੂੰ ਆਖਿਆ," ਜਥੇਦਾਰਾ ਜਦੋਂ ਕੋਈ ਦੀਵਾਨ ਲਗੇ ਤਾਂ ਸਾਨੂੰ ਵੀ ਨਾਲ ਲਿਜਾਇਆ ਕਰ। ਸਾਨੂੰ ਵੀ ਗੁਰਮਤਿ ਦੀ ਕੋਈ ਲਾਗ ਲੱਗੇ। ਟਹਿਲ ਸਿੰਘ ਨੇ ਇਸ ਨੂੰ ਆਪਣੀ ਵੱਡੀ ਜਿੱਤ ਗਿਣਿਆ ਕਿਉਂਕਿ ਇਹੀ ਨੰਬਰਦਾਰ ਅਕਾਲੀਆਂ ਦੀਆਂ ਸਾਰੀਆਂ ਕਾਰ ਗੁਜ਼ਾਰੀਆਂ ਦੀ ਮੁਖਬਰੀ ਕਰਦਾ ਹੁੰਦਾ ਸੀ। ਇਸਨੇ ਕਈ ਵਾਰ ਟਹਿਲ ਸਿੰਘ ਉਪਰ ਪੁਲਸ ਪੁਵਾਕੇ, ਉਸਨੂੰ ਗ੍ਰਿਫ਼ਤਾਰ ਕਰਾਉਣ ਦੀ ਨਾਕਾਮ ਕੋਸ਼ਿਸ਼ ਕੀਤੀ। ਏਸੇ ਕਰਕੇ ਉਸਨੂੰ ਬਹੁਤ ਚੁਕੰਨੇ ਤੇ ਚੌਕਸ ਰਹਿਣਾ ਪੈਂਦਾ ਸੀ। ਇਹ ਨੰਬਰਦਾਰ ਉਸਦੇ ਸ਼ਰੀਕਾਂ ਵਿਚੋਂ ਸੀ। ਇਸਦੇ ਜਥੇਦਾਰਾਂ ਦੇ ਖੇਮੇ ਵਿੱਚ ਆਉਣ ਕਰਕੇ ਟਹਿਲ ਸਿੰਘ ਦੀ ਕਾਫੀ ਚਿੰਤਾ ਘੱਟ ਰਹੀ ਸੀ। ਨੰਬਰਦਾਰ ਨੇ ਸ਼ਹੀਦੀ ਜੱਥੇ ਲਈ ਆਪਣੇ ਭਤੀਜੇ ਦਾ ਨਾਮ ਲਿਖਾਇਆ, ਜਿਹੜਾ ਕਿ ਟਹਿਲ ਸਿੰਘ ਤੁਰੰਤ ਜੇਬ ਵਿੱਚੋਂ ਡੈਰੀ ਕੱਢ ਕੇ ਲਿਖ ਲਿਆ ਅਜਿਹੇ ਨੰਬਰਦਾਰ ਤਕਰੀਬਨ ਹਰ ਪਿੰਡ ਵਿੱਚ ਸਨ, ਜਿਹੜੇ ਸਰਕਾਰ ਨੂੰ ਪਲ-ਪਲ ਦੀ ਖ਼ਬਰ ਤਹਿਸੀਲੇ ਜਾਂ ਠਾਣੇ

ਪਹੁੰਚਾਉਂਦੇ ਸਨ। ਇਸ ਨੰਬਰਦਾਰ ਦੀ ਵੇਖਾ-ਵੇਖੀ ਚਾਰ ਪੰਜ ਹੋਰ ਨੰਬਰਦਾਰਾਂ ਨੇ ਨੰਬਰਦਾਰੀਆਂ ਛੱਡ ਦਿੱਤੀਆਂ ਤੇ ਅਕਾਲੀ ਲਹਿਰ ਵਿੱਚ ਸ਼ਾਮਲ ਹੋ ਗਏ।

ਉਹਨਾਂ ਦਿਨਾਂ ਵਿੱਚ ਪਿੰਡਾਂ ਵਿੱਚ ਦੂਰ-ਦੂਰ ਕੋਈ ਸਕੂਲ ਜਾਂ ਮਦਰੱਸਾ ਨਹੀਂ ਸੀ। ਇਸ ਲਈ ਲੋਕ ਚਿੱਟੇ ਅਨਪੜ੍ਹ ਤੇ ਵਿਗਿਆਨ ਤੋਂ ਕੋਰੇ ਸਨ। ਇਸ ਅਨਪੜ੍ਹਤਾ ਤੇ ਜਹਾਲਤ ਦਾ ਨਜਾਇਜ਼ ਫਾਇਦਾ ਉਠਾਉਣ ਵਾਲੇ ਪਿੰਡੀ ਫਿਰਦੇ ਰਹਿੰਦੇ ਸਨ ਤੇ ਲੋਕਾਂ ਨੂੰ ਗੁੰਮਰਾਹ ਕਰਕੇ ਲੁੱਟਦੇ ਸਨ। ਇਕ ਦਿਨ ਬਦ-ਕਿਸਮਤੀ ਨਾਲ ਜਦੋਂ ਟਹਿਲ ਸਿੰਘ ਘਰ ਵਿੱਚ ਬੈਠਾ ਪ੍ਰਸ਼ਾਦਾ ਛੱਕ ਰਿਹਾ ਸੀ ਤਾਂ ਦੋ ਭਾਟੜੇ ਸਿੱਖ ਹਵੇਲੀ ਵਿੱਚ ਆ ਕੇ ਬੈਠ ਗਏ। ਉਹ ਲੋਕਾਂ ਦੇ ਹੱਥ ਵੇਖਦੇ ਤੇ ਕਿਸਮਤ ਤੇ ਆਉਣ ਵਾਲੇ ਸਮੇਂ ਦਾ ਹਾਲ ਦੱਸਦੇ ਸਨ। ਇਹਨਾਂ ਨੇ ਭਗਵੇਂ ਕਪੜੇ ਪਾਏ ਹੁੰਦੇ ਸਨ ਤੇ ਮੱਥੇ ਉੱਤੇ ਤਿਲਕ ਵੀ ਲਾਏ ਹੁੰਦੇ ਸਨ। ਇਹ ਲੋਕਾਂ ਦਾ ਭੱਵਿਖ ਦੱਸਣ ਦਾ ਦਾਹਵਾ ਕਰਦੇ ਸਨ। ਇਹ ਲੋਕ ਬੜੇ ਮਕਾਰ ਤੇ ਅੱਖਾਂ ਨਾਲ ਗਲਾਂ ਕਰਦੇ ਸਨ। ਹੱਥ ਵੇਖਕੇ ਕਿਸਮਤ ਦਸਣੀ ਇਹਨਾਂ ਦਾ ਜੱਦੀ ਪੁਰਸ਼ੀ ਪੇਸ਼ਾ ਸੀ। ਪਰ ਇਹ ਲੋਕ ਸਰਾਸਰ ਲੋਕਾਂ ਨਾਲ ਜੋਤਿਸ਼ ਦੇ ਨਾਮ ਤੇ ਠੱਗੀ ਮਾਰਦੇ ਸਨ। ਇਹਨਾਂ ਵਿਚੋਂ ਇਕ ਨੇ ਆਟੇ ਦਾ ਇਕ ਤੋੜਾ ਵੀ ਚੁੱਕਿਆ ਹੋਇਆ ਸੀ।

ਟਹਿਲ ਸਿੰਘ ਨੇ ਪ੍ਰਸ਼ਾਦਾ ਛਕਿਆ ਤੇ ਥਾਲੀ ਮੰਜੇ ਥਲੇ ਸਰਕਾਅ ਦਿੱਤੀ। ਉਹ ਜੁੱਤੀ ਪਾਕੇ ਬੈਠੇ ਭਾਟੜਿਆਂ ਵੱਲ ਤੁਰ ਪਿਆ ਤੇ ਆਖਣ ਲਗਾ, ਆਓ ਬਈ ਸਰਦਾਰੋ ਕਿਵੇਂ ਆਉਣਾ ਹੋਇਆ? ਇਕ ਬੋਲਿਆਂ, ਜੀ ਨਗਰ ਵਿੱਚ ਆਏ ਸੀ ਫੇਰਾ ਪਾਣ ਜਰਾ ਹੱਥ ਤਾਂ ਵਿਖਾਉ, ਵੇਖੀਏ ਦਾਤੇ ਨੇ ਤੁਹਡੇ ਭਾਗ ਕੈਸੇ ਲਿਖੇ ਨੇ। ਭਾਹੀ ਟਹਿਲ ਸਿੰਘ ਨੇ ਉਸਦੇ ਇਕ ਥਪੜ ਮਾਰਿਆ ਤੇ ਉਹ ਰੋਣ ਹਾਕਾ ਹੋ ਗਿਆ। ਆਖਣ ਲਗਾ, ਸਰਦਾਰ ਜੀ ਇਹ ਕੀ ਭਾਣਾ ਵਰਤਾਇਆ ਜੀ? ਮੈਂ ਤਾਂ ਆਪ ਦਾ ਕੁਝ ਨਹੀਂ ਵਿਗਾੜਿਆ। ਇਹਨਾਂ ਕਹਿਰ ਕਿਉਂ ਢਾਇਆ ਜੇ? ਤੁਹਾਡੇ ਨਗਰ ਆਏ ਆਂ ਕੁਝ ਤਾਂ ਖ਼ਿਆਲ ਕਰੋ? ਇਹ ਸੁਣਕੇ ਟਹਿਲ ਸਿੰਘ ਆਖਣ ਲਗਾ, ਭਲੇ ਮਾਣਸਾ ਤੂੰ ਜੋਤਸ਼ੀ ਕਾਹਦਾ ਏਂ ਜੇਕਰ ਤੈਨੂੰ ਇਹ ਵੀ ਪਤਾ ਨਹੀਂ ਕਿ ਤੈਨੂੰ ਥੱਪੜ ਵੱਜਣ ਵਾਲਾ ਏ। ਜਿਸਨੂੰ ਆਉਣ ਵਾਲੇ ਪੰਜਾਂ ਮਿੰਟਾਂ ਦੀ ਖ਼ਬਰ ਨਹੀਂ ਉਹ ਲੋਕਾਂ ਦੇ ਭਵਿੱਖ ਬਾਰੇ ਕੀ ਦਸੇਗਾ?'ਭਾਟੜਿਆਂ ਸੋਚਿਆ ਕਿ ਇਹ ਸਰਦਾਰ ਕੁਝ ਡਾਹਢਾ ਲਗਦਾ ਏ, ਇਸ ਲਈ ਉਹਨਾਂ ਨੂੰ ਉਸ ਹਵੇਲੀ ਵਿਚੋਂ ਜਾਣਾ ਹੀ ਬੇਹਤਰ ਸਮਝਿਆ ਤਾਂ ਕਿ ਇਕ ਹੋਰ ਥੱਪੜ ਨਾ ਖਾਣਾ ਪਵੇ। ਜਦੋਂ ਇਕ ਨੇ ਆਟੇ ਦੇ ਤੋੜੇ ਨੂੰ ਚੁੱਕਣਾ ਚਾਹਿਆ ਤਾਂ ਟਹਿਲ ਸਿੰਘ ਆਪਣੇ ਭਤੀਜੇ ਨੂੰ ਇਹ ਤੋੜਾ ਉਸਤੋਂ ਖੋਹਣ ਲਈ ਆਖਿਆ। ਉਸ ਕੋਲੋਂ ਆਟਾ ਜਬਰਦਸਤੀ ਖੋਹਿਆ ਗਿਆ ਤੇ ਇਹ ਤੋੜਾ ਟਹਿਲ ਸਿੰਘ ਨੇ ਆਪਣੇ ਕਾਮਿਆਂ ਦੇ ਹਵਾਲੇ ਕਰ ਦਿੱਤਾ। ਦੋਹਵੇਂ ਭਾਟੜੇ ਆਪਣਾ ਖਹਿੜਾ ਇਸ ਜਥੇਦਾਰ ਤੋਂ ਛੁਡਾ ਕੇ ਤਿੱਤਾਂ ਬੰਨ ਗਏ।

ਟਹਿਲ ਸਿੰਘ ਦਾ ਪਰਪੱਕ ਵਿਚਾਰ ਸੀ ਕਿ ਕੋਈ ਸਿੱਖ ਮੰਗਤਾ ਨਹੀਂ ਹੋ ਸਕਦਾ।

ਜਿਹੜੇ ਦਸਾਂ ਨੌਂਹਾਂ ਦੀ ਕਮਾਈ ਕਰਦੇ ਨੇ ਉਹ ਦਾਤੇ ਹੁੰਦੇ ਹਨ, ਮੰਗਤੇ ਨਹੀਂ। ਇਸ ਲਈ ਜਦ ਕਦੀ ਵੀ ਉਸਨੂੰ ਕੋਈ ਸਿੱਖ ਮੰਗਦਾ ਮਿਲ ਪੈਂਦਾ ਤਾਂ ਉਸ ਦਾ ਪਾਰਾ ਚੜ੍ਹ ਜਾਂਦਾ ਸੀ। ਇਕ ਦਿਨ ਟਹਿਲ ਸਿੰਘ ਆਪਣੀ ਹਵੇਲੀ ਦੀ ਬੈਠਕ ਵਿੱਚ ਬੈਠਾ ਸੀ ਕਿ ਚਾਰ ਪੰਜ ਸਿੰਘਾਂ ਦਾ ਟੋਲਾ ਉੱਥੇ ਆ ਟਬਕਿਆ। ਉਹਨਾਂ ਨੇ ਪਹਿਲਾਂ ਗਜ ਕੇ ਫਤਹਿ ਬੁਲਾਈ, ਜਿਸ ਦਾ ਭਰਵਾਂ ਜਵਾਬ ਟਹਿਲ ਸਿੰਘ ਨੇ ਦਿੱਤਾ। ਟਹਿਲ ਸਿੰਘ ਨੇ ਸਮਝਿਆ ਕਿ ਇਹ ਸਿੱਖ ਸਰਦਾਰ, ਜਿੰਨਾਂ ਨੇ ਲੰਮੇ-ਲੰਮੇ ਚੋਲੇ ਪਾਏ ਹੋਏ ਸਨ ਕਿਸੇ ਪੰਥਕ ਕੰਮ ਲਈ ਉਸ ਕੋਲ ਅਪੜੇ ਹਨ। ਇਸ ਲਈ ਉਸਨੇ ਉਹਨਾਂ ਨੂੰ ਮੰਜਿਆਂ ਉਪਰ ਬੈਠਣ ਲਈ ਕਿਹਾ ਤੇ ਘਰ ਵਾਲਿਆਂ ਨੂੰ ਦੁੱਧ ਗਰਮ ਕਰਨ ਦਾ ਸੁਨੇਹਾ ਦਿੱਤਾ। ਜਦੋਂ ਸਾਰੇ ਜਾਣੇ ਬੈਠ ਗਏ ਤਾਂ ਜਥੇਦਾਰ ਨੇ ਉਹਨਾਂ ਨੂੰ ਦਰਸ਼ਨ ਦੇਣ ਦਾ ਸਬੱਬ ਪੁੱਛਿਆ ਇਕ ਸਿੰਘ ਜਿਸਦੇ ਹੱਥ ਵਿੱਚ ਇਕ ਰਸੀਦਾਂ ਵਾਲੀ ਕਾਪੀ ਫੜੀ ਹੋਈ ਸੀ, ਬੋਲਿਆ, ਸਰਦਾਰ ਸਾਹਿਬ ਅਸੀਂ ਗੁਰੂ ਦੀ ਨਗਰੀ ਅੰਬਰਸਰੋਂ ਆਏ ਆਂ। ਉਥੇ ਸ਼ਹਿਰ ਦੀ ਦੱਖਣੀ ਬਾਹੀ ਵਿੱਚ ਸ਼ਹੀਦਾਂ ਦੀ ਯਾਦ ਵਿੱਚ ਇਕ ਗੁਰਦਵਾਰਾ ਬਣ ਰਿਹਾ ਏ, ਉਸ ਲਈ ਅਸਾਂ ਉਗਰਾਈ ਕੱਠੀ ਕਰ ਰਹੇ ਹਾਂ। ਤੁਸੀਂ ਵੀ ਸੈਹਬੇ ਹਸੀਅਤ ਓ, ਆਪਣਾ ਤਿਲ-ਫੁਲ ਪਾ ਕੇ ਗੁਰੂ ਘਰ ਦੀਆਂ ਖ਼ੁਸ਼ੀਆਂ ਪ੍ਰਾਪਤ ਕਰੋ। ਵਾਹਿਗੁਰੂ ਦੂਣਾ ਚੌਣਾਂ ਕਰਕੇ ਦਊਗਾ। ਸੇਵਾ ਭਾਗਾਂ ਨਾਲ ਮਿਲਦੀ ਏ। ਆਪਣਾ ਯਥਾ ਸ਼ਕਤ ਹਿੱਸਾ ਪਾਕੇ ਗੁਰੂ ਘਰ ਦੀ ਖੁਸ਼ੀਆਂ ਪ੍ਰਾਪਤ ਕਰੋ। ਟਹਿਲ ਸਿੰਘ ਨੇ ਉਤਸਕਤਾ ਨਾਲ ਪੁਛਿਆ, ਸਿੰਘ ਜੀ ਇਹ ਗੁਰਦਵਾਰਾ ਕਿਹੜੇ ਸ਼ਹੀਦ ਦੀ ਯਾਦ ਵਿੱਚ ਬਣਾ ਰਹੇ ਹੋ? ਉਹਨਾਂ ਵਿਚੋਂ ਇਕ ਬੋਲਿਆ, ਸਰਦਾਰ ਸਾਹਿਬ ਆਪਾਂ ਬਾਬਾ ਦੀਪ ਸਿੰਘ ਹੁਰਾਂ ਦੀ ਯਾਦ ਵਿੱਚ ਇਕ ਯਾਦਗਾਰੀ ਗੁਰਦੁਆਰਾ ਬਣਵਾਣਾਂ ਚਾਹੁੰਦੇ ਆਂ। ਸਾਰੇ ਜਾਣਦੇ ਨੇ ਬਾਬਾ ਦੀਪ ਸਿੰਘ ਜੀ ਨੂੰ। ਟਹਿਲ ਸਿੰਘ ਕਹਿਣ ਲਗਾ, "ਸਿੰਘੋ ਮੇਰੇ ਤਾਂ ਸੌਹਰੇ ਉਸ ਸ਼ਹਿਰ ਵਿੱਚ ਕਲੂ ਦੇ ਅਖਾੜੇ ਲਾਗੇ ਨੇ। ਉਥੇ ਤਾਂ ਐਸਾ ਕੋਈ ਗੁਰਦਵਾਰਾ ਬਣਨਾ। ਬਾਬਾ ਦੀਪ ਸਿੰਘ ਜੀ ਤਾ ਕੌਮ ਦੇ ਮਹਾਨ ਸ਼ਹੀਦ ਨੇ। ਉਹਨਾਂ ਦੇ ਤਾਂ ਲਾਗੇ ਹੀ ਇਕ ਬਹੁਤ ਵੱਡਾ ਗੁਰਦੁਆਰਾ ਪਹਿਲਾ ਹੀ ਬਣਿਆ ਏ ਹੋਰ ਨਵੇਂ ਦੀ ਕੀ ਲੋੜ ਏ। ਦੂਜਾ ਹਾਲੇ ਮੈਂ ਪਿਛਲੇ ਹਫ਼ਤੇ ਉਥੋਂ ਆਇਆ ਵਾਂ, ਮੈਨੂੰ ਇਸ ਗੁਰਦੁਆਰੇ ਬਣਨ ਦੀ ਕੋਈ ਖ਼ਬਰ ਨਹੀਂ ਮਿਲੀ।" ਉਹ ਸਿੰਘ ਕੁਝ ਠਠੰਬਰ ਗਏ। ਇਕ ਆਖਣ ਲਗਾ, ਇਸ ਗੁਰਦੁਆਰੇ ਦੀ ਸਕੀਮ ਬਣੀ ਨੂੰ ਹਾਲੇ ਥੋਹੜੇ ਦਿਨ ਹੋਏ ਨੇ। ਉਥੋਂ ਦੇ ਮੁਕਾਮੀ ਲੋਕਾਂ ਨੇ ਬਾਬੇ ਦੀ ਯਾਦਗਾਰ ਬਣਾਈ ਏ। ਟਹਿਲ ਸਿੰਘ ਬੋਲਿਆ, "ਕੱਲੂ ਦੇ ਅਖਾੜੇ ਦੇ ਕਿਸੇ ਸਿਰ ਕੱਢ ਸਿੱਖ ਸਰਦਾਰ ਦਾ ਨਾਮ ਦਸੋਂ, ਮੈਂ ਉੱਥੇ ਬਹੁਤ ਸਾਰੇ ਸਿੱਖਾਂ ਨੂੰ ਜਾਣਨਾ ਵਾਂ।" ਇਸ ਸਵਾਲ ਦਾ ਜਵਾਬ ਜੋ ਉਹਨਾਂ ਦਿੱਤਾ, ਟਹਿਲ ਸਿੰਘ ਨੂੰ ਇਹ ਨਾਮ ਫਰਜੀ ਲਗਾ। ਇਹ ਸੁਣਕੇ ਇਕ ਸਿੰਘ ਆਖਣ ਲਗਾ, ਤੁਸੀਂ ਨਾਵਾਂ ਤੋਂ ਕੀ ਲੈਣਾ ਏ? ਏਸ ਤਰ੍ਹਾਂ ਸੇਵਾ ਭਾਵਨਾ ਵਿੱਚ ਫ਼ਰਕ ਪੈਂਦਾ ਏ। ਚੰਗੇ ਬੰਦੇ ਬਹੁਤਾ ਕਿੰਤੂ ਪ੍ਰੰਤੂ ਨਹੀਂ ਕਰਦੇ।

ਉਹਨੂੰ ਵਿਚੇ ਹੀ ਟੋਕਦਿਆਂ ਟਹਿਲ ਸਿੰਘ ਭੜਕ ਪਿਆ, ਉਏ ਸਿੰਘੋ ਤੁਸੀਂ ਪਲ-ਪਲ ਆਪਣੇ ਬਿਆਨ ਬਦਲਦੇ ਜਾ ਰਹੇ ਓ। ਪਹਿਲਾਂ ਕਹਿੰਦੇ ਸੀ ਇਹ ਗੁਰਦੁਆਰਾ ਬਣ ਰਿਹਾ। ਹੁਣ ਕਹਿੰਦੇ ਓ, ਹਾਲੇ ਹੁਣੇ ਈ ਸਕੀਮ ਬਣੀ ਏ। ਤੁਹਾਡਾ ਕਿਹੜੇ ਜੁਗ ਭਲਾ ਹੋਊ। ਤੁਸੀਂ ਸੇਵਾਦਾਰ ਨਹੀਂ, ਧਰਮ ਦੇ ਸੇਵਾ ਦਾ ਸਹਾਰਾ ਲੈ ਕੇ ਪਿੰਡਾਂ ਵਿੱਚ ਲੁੱਟਣ ਆਉਂਦੇ ਓ।" ਜਥੇਦਾਰ ਨੂੰ ਟੋਕਦਿਆਂ ਇਕ ਸਿੰਘ ਬੋਲਿਆ, ਸਿੰਘ ਜੀ ਤੁਸੀਂ ਜੇ ਕੋਈ ਸੇਵਾ ਫਲ ਪਾਉਣਾ ਏ ਜਾਂ ਨਹੀਂ ਪਾਉਣਾ ਪਰ ਕੌਮ ਦੇ ਸ਼ਹੀਦਾਂ ਦਾ ਮਜ਼ਾਕ ਕਿਉਂ ਉਡਾਉਂਦੇ ਓ। ਤੁਹਾਨੂੰ ਬਾਬਾ ਦੀਪ ਸਿੰਘ ਦਾ ਸਰਾਫ ਲਗਣਾ ਏ। ਐਵੇਂ ਸਾਡੇ ਵਰਗੇ ਨਿਮਾਣੇ ਸੇਵਾਦਾਰਾਂ ਨਾਲ ਕੌੜੇ ਸ਼ਬਦ ਬੋਲਕੇ ਪਾਪਾਂ ਦੇ ਭਾਗੀ ਨਾ ਬਣੋ। ਇਸਤੇ ਟਹਿਲ ਸਿੰਘ ਦਾ ਪਾਰਾ ਸਤਾਂ ਅਸਮਾਨਾਂ ਤੇ ਚੜ੍ਹ ਗਿਆ। ਉਹ ਬੋਲਿਆ, ਮੈਂ ਤਾਂ ਤੁਹਾਨੂੰ ਪੰਥ ਦੇ ਸੇਵਾਦਾਰ ਸਮਝਦਾ ਸੀ। ਤੁਸੀਂ ਤਾਂ ਪੰਥ ਦਾ ਨਾਮ ਲੈਕੇ, ਸ਼ਹੀਦਾਂ ਦੀ ਓਟ ਲੈ ਕੇ ਪਿੰਡਾਂ ਦੇ ਭੋਲੇ-ਭਾਲੇ ਸਿੱਖਾਂ ਨੂੰ ਲੁੱਟ ਰਹੇ ਜੇ। ਤੁਹਾਨੂੰ ਇਕ ਕੱਚੀ ਕੌਡੀ ਨਹੀਂ ਦੇਣੀ। ਮੈਂ ਤਾਂ ਤੁਹਾਨੂੰ ਠਾਣੇ ਭੇਜੂਗਾ। ਹੁਣੇ ਪੁਲੀਸ ਕੋਲ ਭੇਜ ਦਿਆਂ ਤੁਹਾਨੂੰ ਸਭਨਾਂ ਨੂੰ।" ਜਦੋਂ ਪੁਲਸ ਦਾ ਨਾਮ ਲਿਆ ਤਾਂ ਉਹਨਾਂ ਨੂੰ ਹੱਥਾਂ ਪੈਰਾਂ ਦੀ ਪੈ ਗਈ। ਉਹ ਆਪਣਾ ਬੋਰੀ ਬਿਸਤਰਾ ਚੁਕਕੇ ਹਵੇਲੀਓ ਤੀਰ ਹੋ ਗਏ। ਜਥੇਦਾਰ ਬੋਲਦਾ ਉਹਨਾਂ ਦੇ ਪਿਛੇ ਜਾ ਰਿਹਾ ਸੀ।

ਉਹਨਾਂ ਦੇ ਜਾਣ ਦੇ ਬਾਅਦ, ਟਹਿਲ ਸਿੰਘ ਦੀ ਮਾਤਾ ਰੁਕੋ (ਰੁਕਮਣੀ) ਉਥੇ ਆ ਗਈ ਤੇ ਟਹਿਲ ਸਿੰਘ ਨੂੰ ਸਮਝਾਉਦਿਆਂ ਆਖਣ ਲੱਗੀ, ਪੁੱਤ ਜਣੇ ਖਣੇ ਨਾਲ ਆਢਾ ਨਹੀਂ ਲੈਣਾ ਚਾਹੀਦਾ। ਇਹ ਤਾਂ ਵਿਚਾਰੇ ਆਪਣੇ ਕੰਮ ਕਾਰ ਛੱਡਕੇ, ਪੰਥ ਦੀ ਸੇਵਾ ਕਰਦੇ ਫਿਰਦੇ ਨੇ। ਇਹਨਾਂ ਨੂੰ ਖਾਲੀ ਹੱਥ ਤੋਰ ਕੇ ਤੂੰ ਚੰਗਾ ਨਹੀਂ ਕੀਤਾ। ਪੁਲਸ ਕਾਹਦੇ ਲਈ ਬੁਲਾਉਣੀ ਏ, ਇਹ ਕੋਈ ਚੋਰ ਨੇ। ਮਾਤਾ ਨੂੰ ਟੋਕਦਿਆਂ ਟਹਿਲ ਸਿੰਘ ਬੋਲਿਆ, "ਮਾਤਾ ਤੂੰ ਮੂਲੋਂ ਈ ਭੋਲੀ ਏਂ। ਤੈਨੂੰ ਨਹੀਂ ਪਤਾ ਇਹਨਾਂ ਠੱਗਾਂ ਦਾ। ਇਹ ਤਾਂ ਮੰਗਤੇ ਨੇ। ਕੰਮ ਕਰਨ ਤੋਂ ਇਹ ਜੀ ਚੁਰਾਉਂਦੇ ਨੇ ਤੇ ਇਸ ਤਰ੍ਹਾਂ ਗੁਰਦਾਰਿਆਂ ਦਾ ਨਾਂ ਲੈ ਕੇ ਲੋਕਾਂ ਨੂੰ ਠੱਗ ਰਹੇ ਨੇ। ਮੈਨੂੰ ਪਤਾ ਏ ਕਿ ਕੱਲੂ ਦੇ ਅਖਾੜੇ ਕੋਈ ਗੁਰਦੁਆਰਾ ਨਹੀਂ ਬਣਨ ਵਾਲਾ। ਇਹ ਬੰਦੇ ਕੁਫਰ ਤੋਲਦੇ ਨੇ। ਇਹ ਅੰਬਰਸਰੋਂ ਵੀ ਨਹੀਂ ਆਏ। ਇਹ ਲੋਗ ਗੁਰੂ ਦੀ ਨਗਰੀ ਨੂੰ ਐਵੇਂ ਬਦਨਾਮ ਕਰ ਰਹੇ ਨੇ। ਸਿੱਖ ਹੋਕੇ ਇਹ ਮੰਗਦੇ ਫਿਰਦੇ ਨੇ ਤੇ ਗੁਰੂ ਨੂੰ ਦਗਾ ਦੇ ਰਹੇ ਨੇ। ਇਹਨਾਂ ਬੰਦਿਆਂ ਨੂੰ ਫੜਕੇ ਜੇਲ੍ਹੇ ਸੁਟਣਾ ਚਾਹੀਦਾ।" ਪੁੱਤ ਇਹਨਾਂ ਸਿੰਘਾਂ ਲਈ ਦੁਧ ਗਰਮ ਕੀਤਾ ਸੀ, ਉਹ ਤਾਂ ਪੀਕੇ ਨਹੀਂ ਗਏ। ਟਹਿਲ ਸਿੰਘ ਨੇ ਕਿਹਾ, ਮਾਤਾ ਇਹਨਾਂ ਸਪਾਂ ਨੂੰ ਦੁੱਧ ਪਿਲਾਉਣ ਦੀ ਜਗਾ ਕਿਸੇ ਕੁੱਤੇ ਬਿਲੇ ਨੂੰ ਪਿਲਾ ਦੇਣਾ ਚੰਗਾ ਏ। ਇਹ ਜਾਨਵਰ ਕਿਸੇ ਨਾਲ ਠੱਗੀ ਤਾਂ ਨਹੀਂ ਮਾਰਦੇ। ਮਾਤਾ ਬੁੜ-ਬੁੜ ਕਰਦੀ ਵਿਹੜੇ ਵਲ ਤੁਰ ਪਈ। ਟਹਿਲ ਸਿੰਘ ਫਿਰ ਬੈਠਕੇ ਜਾ ਬੈਠਾ।

ਧਰਮ ਦੇ ਨਾਮ ਹੇਠ ਪੁਰਾਣੇ ਸਮਿਆਂ ਤੋਂ ਠਗੀਆਂ ਚੱਲ ਰਹੀਆਂ ਹਨ। ਹਜ਼ਾਰਾਂ

ਸਾਲ ਕਿਸੇ ਨੇ ਇਹਨਾਂ ਨੂੰ ਉਥੱਲਿਆਂ ਪਰਖਿਆ ਹੀ ਨਹੀਂ ਤੇ ਅੱਖਾਂ ਤੇ ਸ਼ਰਧਾ ਦੀ ਪੱਟੀ ਬੰਨ ਰੱਖੀ ਹੈ। ਸਾਡੇ ਲੋਕ ਇਹਨਾਂ ਧਾਰਮਿਕ ਲੁਟੇਰਿਆਂ ਦੀਆਂ ਗੁੱਝੀਆਂ ਚਾਲਾਂ ਨਹੀਂ ਸਮਝ ਸਕੇ। ਟਹਿਲ ਸਿੰਘ ਪਾਖੰਡ ਤੇ ਫਰੇਬ ਦੇ ਬਹੁਤ ਬਰਖ਼ਿਲਾਫ਼ ਸੀ। ਉਸਦਾ ਵਿਚਾਰ ਸੀ ਕਿ ਹਿੰਦੂ ਧਰਮ ਵਿੱਚ ਤਾਂ ਪਾਖੰਡ ਚੱਲ ਸਕਦੇ ਹਨ ਤੇ ਚੱਲਦੇ ਆਏ ਹਨ ਪਰੰਤੂ ਸਿੱਖ ਧਰਮ ਵਿੱਚ ਪਾਖੰਡਾਂ ਦੀ ਕੋਈ ਥਾਂ ਨਹੀਂ। ਇਕ ਪਾਖੰਡੀ ਚੰਗਾ ਸਿੱਖ ਨਹੀਂ ਹੋ ਸਕਦਾ। ਇਸ ਲਈ ਜਿਥੇ ਕਿਥੇ ਵੀ ਉਸਨੂੰ ਪਾਖੰਡਾਂ ਦੀ ਭਿਣਕ ਪੈਂਦੀ ਉਹ ਜਿਰਨੀ ਤੌਰ ਤੇ ਉਸਦੀ ਖਿਲਾਫ਼ੀ ਕਰਦਾ। ਇਸ ਤਰ੍ਹਾਂ ਹੀ ਇਕ ਵਾਰੀ ਟਹਿਲ ਸਿੰਘ ਆਪਣੇ ਖ਼ੂਹ ਤੇ ਮੱਝੀਆਂ ਨਹਿਲਾ ਰਿਹਾ ਸੀ ਤਾਂ ਉਥੇ ਚਾਰ ਜਾਣੇ ਚੰਦਾ ਇਕੱਠਾ ਕਰਨ ਵਾਲੇ ਆਏ। ਉਹਨਾਂ ਨੇ ਟਹਿਲ ਸਿੰਘ ਨੂੰ ਫਤਹਿ ਬੁਲਾਈ ਤੇ ਉਸ ਕੋਲ ਫਰਿਆਦ ਕਰਨ ਲਗੇ। ਉਹਨਾਂ ਵਿਚੋਂ ਸਭ ਤੋਂ ਬਜ਼ੁਰਗ, ਜਿਸ ਦੀ ਚਿੱਟੀ ਦਾਹੜੀ ਸੀ, ਕਹਿਣ ਲਗਾ, ਸਰਦਾਰ ਸਾਹਿਬ ਅਸੀਂ ਲਾਹੌਰ ਤੋਂ ਆਏ ਹਾਂ। ਸਾਡੀ ਸਭਾ ਲਾਹੌਰ ਦੇ ਸ਼ਾਲੀਮਾਰ ਬਾਗ ਲਾਗੇ ਇਕ 'ਗੁਰੂ ਨਾਨਕ ਬ੍ਰਿਧ ਆਸ਼ਰਮ ਬਣਾ ਰਹੇ ਨੇ। ਇਸਦੇ ਵੀਹ ਕਮਰੇ ਬਣ ਚੁੱਕੇ ਨੇ ਤੇ ਵੀਹ ਹਾਲੇ ਬਣਨੇ ਨੇ। ਇਹ ਸਾਰਾ ਕਾਰਜ ਸੰਗਤ ਦੀ ਸੇਵਾ ਦਾਨ ਨਾਲ ਹੋ ਰਿਹਾ ਏ। ਬ੍ਰਿਧਾਂ ਨੂੰ ਕੋਈ ਨਹੀਂ ਸਾਂਭਦਾ। ਸੰਭਾਲਣ ਦੀ ਜਗਾ ਕਈ ਘਰੋਂ ਕੱਢ ਦਿੰਦੇ ਨੇ। ਕਲਜੁਗ ਜੂ ਹੋਇਆ। ਜੇਕਰ ਸਰਦਾਰ ਸਾਹਿਬ ਤੁਹਾਡੇ ਵਰਗੇ ਦਾਨੀ ਸੱਜਣ ਨਾ ਹੋਣ ਤਾਂ ਇਹ ਬ੍ਰਿਧ ਸੜਕਾਂ ਗਲੀਆਂ ਵਿੱਚ ਈ ਰੁਲ ਜਾਣ। ਕਰੋ ਕਿਰਪਾ। ਸੌ ਦੰਮੜੇ ਦੀ ਪਰਚੀ ਕਟੀਏ? ਟਹਿਲ ਸਿੰਘ ਦੇ ਸਬਰ ਦਾ ਪਿਆਲਾ ਉਛਲ ਪਿਆ। ਉਸਨੇ ਕਿਹਾ, "ਤੁਹਾਡੀ ਸਭਾ ਦਾ ਕੀ ਨਾ ਏ ਤੇ ਤੁਹਾਨੂੰ ਇਹ ਚੰਦਾ ਕੱਠਾ ਕਰਨ ਦਾ ਇਖਤਿਆਰ ਕਿੰਨੇ ਸੌਂਪਿਆ ਏ?" ਉਹਨਾਂ ਵਿਚੋਂ ਕੋਈ ਨਾ ਬੋਲਿਆ। ਇਕ ਨੇ ਰਸੀਦ ਬੁਕ ਅਗੇ ਕਰਦਿਆਂ ਆਖਿਆ, ਆਪੇ ਪੜ੍ਹ ਲਓ। ਇਸ ਉਪਰ ਗੁਰੂ ਨਾਨਕ ਬ੍ਰਿਧ ਘਰ ਲਾਹੌਰ ਲਿਖਿਆ ਸੀ। ਇਲਾਕੇ ਦਾ ਨਾਮ ਨਹੀਂ ਸੀ। ਟਹਿਲ ਸਿੰਘ ਨੇ ਕਿਹਾ, "ਇਹ ਕਾਪੀ ਜਾਹਲੀ ਲਗਦੀ ਏ। ਉਪਰ ਜਗ੍ਹਾ ਦਾ ਨਾਮ ਨਹੀਂ ਲਿਖਿਆ। ਇਸ ਸਭਾ ਦਾ ਕਿਹੜਾ ਪ੍ਰਧਾਨ ਏ, ਮੈਂ ਉਸਨੂੰ ਮਿਲਣਾ ਚਾਹੁੰਦਾ ਹਾਂ। ਮੈਂ ਉਹਨੂੰ ਮਿਲਕੇ ਹੀ ਦਾਨ ਦੇਣ ਬਾਰੇ ਸੋਚਾਂਗਾ।" ਪਰਚੀ ਕੱਟਣ ਵਾਲਾ ਬੋਲਿਆ, ਸਰਦਾਰ ਜੀ ਅਸੀਂ ਤੁਹਾਨੂੰ ਜਾਹਲੀ ਲਗਦੇ ਆਂ। ਅਸੀਂ ਤੁਹਾਨੂੰ ਠੱਗ ਲਗਦੇ ਆਂ। ਤੁਸੀਂ ਬਿਨਾਂ ਦਰਿਆਫਤ ਕਰਨ ਤੋਂ ਸਾਡੀ ਸਭਾ ਨੂੰ ਜਾਹਲੀ ਕਹਿ ਦਿੱਤਾ ਏ। ਅਸੀਂ ਦਰਜਨਾਂ ਰਸੀਦਾਂ ਕੱਟ ਚੁੱਕੇ ਆ, ਤਰੀਕਾਂ ਪੜ੍ਹਕੇ ਵੇਖ ਲਓ, ਕਿਸੇ ਨੇ ਇਹਨੀ ਪੁਣਛਾਣ ਨਹੀਂ ਕੀਤੀ ਜਿੰਨੀ ਤੁਸੀਂ ਕਰਦੇ ਪਏ ਓ। ਧਰਮ ਦਾ ਤੇ ਪੁੰਨ ਦਾ ਕੰਮ ਕਰਨ ਲਗਿਆਂ ਸਲਾਹਵਾਂ ਵਿੱਚ ਨਹੀਂ ਪੈਣਾ ਚਾਹੀਦਾ। ਇਸ ਨਾਲ ਸ਼ਰਧਾ ਕੱਚੀ ਹੋ ਜਾਂਦੀ ਏ। ਤੁਹਾਡੇ ਵਰਗੇ ਸਰਦਾਰ ਅਗੇ ਸੌ ਰੁਪੈ ਕੀਏ। ਕਰੋ ਕਿਰਪਾ ਤੇ ਆ ਲਓ ਪਰਚੀ।" ਟਹਿਲ ਸਿੰਘ ਨੇ ਪਰਚੀ ਲੈਕੇ ਪਾੜਕੇ ਸੁੱਟ ਦਿੱਤੀ ਤੇ ਕਹਿਣ ਲੱਗਾ, ਠਗਾਂ ਨੂੰ ਕੀ ਧਰਮ ਨਾਲ? ਚੋਰਾਂ

ਨੂੰ ਕੀ ਪਾਪ ਪੁੰਨ ਨਾਲ? ਤੁਹਾਨੂੰ ਬਾਬਾ ਨਾਨਕ ਕਦੀ ਮਾਫ਼ ਨਹੀਂ ਕਰੇਗਾ। ਤੁਸੀਂ ਉਹਦੇ ਨਾਂ ਨੂੰ ਵਰਤਕੇ ਲੋਕਾਂ ਨੂੰ ਉਲੂ ਬਣਾ ਰਹੇ ਜੇ। ਚਲੋ ਮੈਂ ਤੁਹਾਡੇ ਨਾਲ ਹੁਣੇ ਲਾਹੌਰ ਚਲਦਾ ਵਾਂ। ਵਖਾਉ ਮੈਨੂੰ ਕਿਥੇ ਬਣ ਰਿਹਾ ਏ ਬ੍ਰਿਧ ਆਸ਼ਰਮ। ਇਹ ਸੁਣਕੇ ਉਹਨਾਂ ਨੂੰ ਸੱਪ ਸੁੰਘ ਗਿਆ ਤੇ ਉਹ ਭੱਜਣ ਦਾ ਰਾਹ ਲੱਭਣ। ਉਧਰੋਂ ਟਹਿਲ ਸਿੰਘ ਉਹਨਾਂ ਨਾਲ ਲਾਹੌਰ ਜਾਣ ਬਾਰੇ ਕਹੀ ਜਾ ਰਿਹਾ ਸੀ। ਮਿੰਟਾਂ ਸਕਿੰਟਾਂ ਵਿੱਚ ਇਹ ਠੱਗ ਦੁੰਮ ਦਬਾਕੇ ਦੌੜ ਗਏ। ਜਾਂਦੇ ਜਾਂਦੇ ਉਹ ਪਿਛੇ ਵੇਖ ਰਹੇ ਸਨ ਕਿ ਟਹਿਲ ਸਿੰਘ ਉਹਨਾਂ ਦੇ ਪਿੱਛੇ ਤਾਂ ਨਹੀਂ ਆ ਰਿਹਾ।

ਹੌਲੀ-ਹੌਲੀ ਅਜਿਹੇ ਮੰਗਣ ਵਾਲੇ ਠੱਗ ਟੋਲਿਆਂ ਨੂੰ ਟਹਿਲ ਸਿੰਘ ਦਾ ਪਤਾ ਲੱਗ ਗਿਆ ਸੀ। ਉਹ ਉਸਦਾ ਨਾਮ ਲੈਣ ਤੋਂ ਤ੍ਰਬਕਦੇ ਸਨ। ਉਹਨਾਂ ਨੇ ਨਨਕਾਣਾ ਸਾਹਿਬ ਦੇ ਆਲੇ ਦੁਆਲੇ ਪਿੰਡਾਂ ਵਿੱਚ ਮੰਗਣਾ ਛੱਡ ਦਿੱਤਾ। ਟਹਿਲ ਸਿੰਘ ਨੇ ਵੀ ਕਹਿੰਦੇ ਹਨ ਕਈ ਪਿੰਡਾਂ ਵਿੱਚ ਮੁਨਾਦੀ ਕਰਵਾਕੇ ਸੂਚਿਤ ਕਰਵਾ ਦਿੱਤਾ ਸੀ ਜੇਕਰ ਕੋਈ ਧਰਮ ਦੇ ਨਾਮ ਉੱਪਰ ਕੋਈ ਮੰਗਣ ਵਾਲਾ ਗ੍ਰੋਹ ਆਵੇ ਤਾਂ ਉਹਨਾਂ ਨੂੰ ਪੁਲਸ ਦੇ ਹਵਾਲੇ ਕੀਤਾ ਜਾਵੇ। ਇਸ ਤਰ੍ਹਾਂ ਅਜਿਹੇ ਸਿੱਖ ਮੰਗਤਿਆਂ ਤੇ ਠੱਗਾਂ ਵਿੱਚ ਟਹਿਲ ਸਿੰਘ ਦੀ ਦਹਿਸ਼ਤ ਫੈਲ ਗਈ। ਕਈ ਪਿੰਡਾਂ ਨੇ ਸੇਧ ਲੈ ਕੇ ਅਜਿਹੇ ਲੋਟੂ ਟੋਲਿਆਂ ਨੂੰ ਬੇਰੰਗ ਮੋੜਨਾ ਸ਼ੁਰੂ ਕਰ ਦਿੱਤਾ ਪਰ ਹਾਲੇ ਹੋਰ ਵੀ ਬਥੇਰੇ ਸਨ, ਜਿਥੇ ਟਹਿਲ ਸਿੰਘ ਵਰਗਿਆਂ ਨੇ ਪ੍ਰਚਾਰ ਨਹੀਂ ਸੀ ਕੀਤਾ। ਟਹਿਲ ਸਿੰਘ ਅਕਸਰ ਕਿਹਾ ਕਰਦਾ ਸੀ ਕਿ ਜੇਕਰ ਸਾਡੀ ਕੌਮ ਪੜ੍ਹ ਲਿਖ ਜਾਵੇ ਤਾਂ ਇਸ ਦੇ ਬਹੁਤੇ ਰੋਗ ਨਵਿਰਤ ਹੋ ਸਕਦੇ ਹਨ। ਸਰਕਾਰਾਂ ਤਾਂ ਇਸ ਪਾਸੇ ਕਦੀ ਨਹੀਂ ਆਉਂਦੀਆਂ। ਉਹ ਨਹੀਂ ਚਾਹੁੰਦੀਆਂ ਕਿ ਲੋਕਾਂ ਨੂੰ ਅਕਲ ਆਵੇ ਅਤੇ ਜਹਾਲਤ ਦੂਰ ਹੋਵੇ। ਆ ਬੈਲ ਮੈਨੂੰ ਮਾਰ! ਨਿਰਮਲੇ ਤੇ ਉਦਾਸੀ ਮਹੰਤ ਪੜ੍ਹੇ ਲਿਖੇ ਹੋਣ ਕਰਕੇ ਅਨਪੜ੍ਹ ਸਿੱਖ ਜਗਤ ਦੇ ਗੁਰਧਾਮਾਂ ਉੱਪਰ ਕਾਬਜ਼ ਹੋ ਗਏ ਸਨ। ਇਹਨਾਂ ਨੂੰ ਕੋਈ ਕਿੰਤੂ ਪ੍ਰੰਤੂ ਕਰਦਾ ਤਾਂ ਲੋਕ ਨਰਾਜ ਹੋ ਜਾਂਦੇ ਸਨ। ਇਹਨਾਂ ਨੇ ਸਿੱਖਾਂ ਦੀ ਅਨਪੜ੍ਹਤਾ ਤੇ ਜਹਾਲਤ ਦਾ ਭਰਪੂਰ ਲਾਹਾ ਲਿਆ। ਚੰਮ ਦੀਆਂ ਚਲਾਉਂਦੇ ਰਹੇ।

ਸੁਧਾਰਾਂ ਦੀ ਸੁਨਾਮੀ

ਜਦੋਂ ਦਾ ਜਲ੍ਹਿਆਂ ਵਾਲੇ ਬਾਗ਼ ਦਾ ਸਾਕਾ ਵਾਪਰਿਆ ਹੈ, ਉਸ ਦਿਨ ਤੋਂ ਭਾਰਤੀਆਂ ਦੀਆਂ ਅੱਖਾਂ ਖੁਲ੍ਹੀਆਂ। ਪਹਿਲਾਂ ਤਾਂ ਭਾਰਤੀ ਲੋਕ ਅੰਗਰੇਜ਼ਾਂ ਦੇ ਰਾਜ ਨੂੰ ਭਾਗਸ਼ਾਲੀ ਸਮਝਦੇ ਸਨ। ਇਹਨਾਂ ਨੇ ਪਹਿਲੀ ਆਲਮੀ ਜੰਗ ਵਿੱਚ ਬੜੀ ਭਜਦੌੜ ਕਰਕੇ ਉਹਨਾਂ ਲਈ ਫੌਜ ਭਰਤੀ ਕਰਵਾਈ ਸੀ। ਮਹਾਤਮਾਂ ਗਾਂਧੀ ਨੇ ਸਭ ਤੋਂ ਮੋਹਰੀ ਹੋਕੇ ਅੰਗਰੇਜ਼ੀ ਫੌਜ ਵਿੱਚ ਭਰਤੀ ਕਰਵਾਈ ਸੀ। ਅੰਗਰੇਜ਼ਾਂ ਨੇ ਭਾਰਤੀਆਂ ਨਾਲ ਵਾਅਦਾ ਕੀਤਾ ਸੀ ਕਿ ਜੰਗ ਜਿੱਤਣ ਤੋਂ ਬਾਅਦ ਉਹ ਭਾਰਤੀਆਂ ਨੂੰ ਅਜ਼ਾਦੀ ਦੇ ਦੇਣਗੇ। ਇਸ ਜੰਗ ਵਿੱਚ ਨੱਬੇ ਹਜ਼ਾਰ ਤੋਂ ਵਧ ਭਾਰਤੀ ਮਾਰੇ ਗਏ। ਇਹਨਾਂ ਵਿੱਚੋਂ ਚਾਲੀ ਹਜ਼ਾਰ ਤੋਂ ਵੱਧ ਸਿੱਖ ਸਨ। ਪਰ ਅੰਗਰੇਜ਼ਾਂ ਨੇ ਜੰਗ ਮੁਕਦਿਆਂ ਹੀ ਅੱਖਾਂ ਫੇਰਨੀਆਂ ਸ਼ੁਰੂ ਕਰ ਦਿੱਤੀਆਂ। ਇਸ ਤੇ ਲੋਕਾਂ ਵਿੱਚ ਰੋਸ ਦੀ ਲਹਿਰ ਫੈਲ ਗਈ ਸੀ। ਪੰਜਾਬ ਵਿੱਚ ਇਸਦਾ ਵਿਆਪਕ ਅਸਰ ਸੀ। ਲੋਕਾਂ ਨੇ ਜਲ੍ਹਿਆਂ ਵਾਲੇ ਬਾਗ਼ ਵਿਸਾਖੀ ਵਾਲੇ ਦਿਨ ਇਕ ਰੋਸ ਮੁਜ਼ਾਹਰਾ ਕੀਤਾ। ਅੰਗਰੇਜ਼ ਸਰਕਾਰ ਲੋਕਾਂ ਦੇ ਨਿੱਤ ਨਿੱਤ ਦੇ ਮੁਜ਼ਾਹਰਿਆਂ ਤੋਂ ਖਿਝੀ ਹੋਈ ਸੀ। ਉਸਨੇ ਭਾਰਤੀਆਂ ਦੀ ਅਵਾਜ਼ ਨੂੰ ਕੁਚਲਣ ਲਈ ਪੰਜ ਸੌ ਨਿਰਦੋਸ਼ ਲੋਕਾਂ ਨੂੰ ਗੋਲੀਆਂ ਨਾਲ ਭੁੰਨ ਦਿੱਤਾ ਤੇ ਹਜ਼ਾਰ ਤੋਂ ਉਪਰ ਜ਼ਖ਼ਮੀ ਕਰ ਦਿੱਤੇ। ਇਸ ਕਾਂਡ ਵਿੱਚ ਹਿੰਦੂ ਸਿੱਖ ਤੇ ਮੁਸਲਮਾਨਾਂ ਦਾ ਖ਼ੂਨ ਡੁਲਾ ਸੀ, ਇਸ ਲਈ ਉਸ ਦਿਨ ਤੋਂ ਸਭਨਾਂ ਨੇ ਇਕ ਜੁੱਟ ਹੋਕੇ ਭਾਰਤ ਦੀ ਅਜ਼ਾਦੀ ਵਾਸਤੇ, ਅੰਦੋਲਨ ਸ਼ੁਰੂ ਕਰ ਦਿੱਤਾ ਸੀ।

ਟਹਿਲ ਸਿੰਘ ਨੇ ਅੰਗਰੇਜ਼ਾਂ ਦੀ ਬਰਬਰਤਾ ਦਾ ਸਵਾਦ ਚਖਿਆ ਹੋਇਆ ਸੀ। ਉਹ ਜਦੋਂ ਚੀਨ ਗਿਆ ਸੀ ਤਾਂ ਉਸ ਵਕਤ ਉਹਨਾਂ ਪੂਰਬੀ ਦੱਖਣੀ ਏਸ਼ੀਆ ਦੇ ਕਈ ਮੁਲਕਾਂ ਦਾ ਦੌਰਾ ਵੀ ਕੀਤਾ ਸੀ। ਉਸਨੇ ਆਪਣੀਆਂ ਅੱਖਾਂ ਨਾਲ ਅਜ਼ਾਦ ਲੋਕਾਂ ਨੂੰ ਫਿਰਦੇ ਤੁਰਦੇ ਤੇ ਹੱਸਦੇ ਟੱਪਦੇ ਵੇਖਿਆ ਸੀ। ਉਸ ਦਿਨ ਤੋਂ ਹੀ ਉਸਨੇ ਆਪਣੇ ਆਪ ਨੂੰ ਗ਼ੁਲਾਮ ਸਮਝਣਾ ਖ਼ਤਮ ਕਰ ਦਿੱਤਾ ਸੀ। ਇਹਨਾਂ ਮੁਲਕਾਂ ਦੇ ਰੀਤੋ ਰਿਵਾਜ ਤੇ ਰਹਿਣ ਸਹਿਣ ਦਾ ਉਸਨੇ ਝਲਕ ਵੇਖੀ ਸੀ। ਉਹ ਜਦੋਂ ਭਾਰਤ ਪ੍ਰਤਿਆ ਤਾਂ ਉਸ ਵਿੱਚ ਇੱਕ ਵੱਡੀ ਤਬਦੀਲੀ ਆ ਚੁੱਕੀ ਸੀ। ਉਸਨੂੰ ਗ਼ੁਲਾਮੀ ਵਿੱਚ ਰਹਿਣਾ ਪਸੰਦ ਨਹੀਂ ਸੀ। ਇਸੇ ਲਈ ਉਸਨੇ ਆਉਂਦਿਆਂ ਹੀ ਘਰ ਬੈਠਕੇ ਵਾਹੀ ਖੇਤੀ ਕਰਨ ਦੀ ਜਗਾ, ਸਮਾਜ ਸੁਧਾਰ ਦੇ ਕਾਰਜਾਂ ਵਿੱਚ ਭਾਗ ਲੈਣਾ ਸ਼ੁਰੂ ਕਰ ਦਿੱਤਾ ਸੀ।

ਉਸ ਵੇਲੇ ਬਾਰ ਦਾ ਇਲਾਕਾ ਨਵਾਂ-ਨਵਾਂ ਵੱਸਿਆ ਸੀ। ਇਸ ਕਰਕੇ ਉਸ

ਇਲਾਕੇ ਵਿੱਚ ਵਿਦਿਆ ਦੀ ਸਖ਼ਤ ਘਾਟ ਸੀ। ਉਹ ਇਸੇ ਕਾਰਨ ਪੜ੍ਹ ਨਾ ਸਕਿਆ ਹਾਲਾਂਕਿ ਉਸਦਾ ਪਿਤਾ ਚੰਦਾ ਸਿੰਘ ਉਸਨੂੰ ਪੜ੍ਹਾਉਣਾ ਚਾਹੁੰਦਾ ਸੀ। ਉਸਨੇ ਕੁਟੀਆ ਦੇ ਸੰਤ ਕੋਲੋਂ ਲਿਖਣਾ ਪੜ੍ਹਨਾ ਸਿਖਿਆ ਸੀ। ਉਹ ਪੂਰਾ ਇਕ ਸਾਲ ਏਥੇ ਪੜ੍ਹਨ ਆਉਂਦਾ ਜਾਂਦਾ ਰਿਹਾ, ਜਿਸ ਕਾਰਨ ਉਹ ਗੁਰਮੁਖੀ ਲਿਖਣ ਪੜ੍ਹਨ ਯੋਗ ਹੋ ਗਿਆ ਸੀ। ਵਿਦਿਆ ਦੇ ਪਸਾਰ ਲਈ ਉਸ ਵਕਤ ਸਰਕਾਰ ਦੀ ਕੋਈ ਨੀਤੀ ਨਹੀਂ ਸੀ। ਸਕੂਲ ਖੋਲ੍ਹਣ ਵਾਸਤੇ ਮਾਇਆ ਦੀ ਲੋੜ ਸੀ ਪਰ ਇਸ ਤੋਂ ਪਹਿਲਾਂ ਇੱਛਾ ਸ਼ਕਤੀ ਦੀ ਲੋੜ ਸੀ। ਟਹਿਲ ਸਿੰਘ ਦਾ ਪਿਤਾ ਚੰਦਾ ਸਿੰਘ ਵੀ ਕੁਟੀਆ ਦੇ ਸੰਤਾਂ ਕੋਲੋਂ ਪੜ੍ਹਿਆ ਸੀ। ਜਦੋਂ ਉਹ ਕੁਟੀਆ ਪੜ੍ਹਨ ਦੇ ਇਰਾਦੇ ਨਾਲ ਜਾਣ ਲਗਾ ਤਾਂ ਉਸਦੇ ਪਿਤਾ ਇਸ ਕੰਮ ਦੇ ਹੱਕ ਵਿੱਚ ਨਹੀਂ ਸੀ। ਕਿਉਂਕਿ ਉਹ ਸਮਝਦਾ ਸੀ ਕਿ ਪੜ੍ਹਨਾ ਲਿਖਣਾ ਕੇਵਲ ਖਤਰੀਆਂ ਬ੍ਰਾਹਮਣਾ ਦਾ ਕੰਮ ਹੈ। ਜਿਮੀਂਦਾਰਾਂ ਵਿੱਚ ਪੜ੍ਹਨ ਲਿਖਣ ਦਾ ਕੀ ਕੰਮ? ਇਸ ਲਈ ਚੰਦਾ ਸਿੰਘ ਦੇ ਪਿਤਾ ਨੇ ਉਸਨੂੰ ਕੁਟੀਆ ਜਾਣ ਤੋਂ ਵਰਜਿਆ। ਪਰ ਚੰਦਾ ਸਿੰਘ ਨੂੰ ਪੜ੍ਹਨ ਦਾ ਸ਼ੌਂਕ ਸੀ। ਉਹ ਰਾਤ ਬਰਾਤੇ ਜਦੋਂ ਖੇਡਣ ਦੇ ਪੱਜ ਘਰੋਂ ਬਾਹਰ ਜਾਂਦਾ ਤਾਂ ਕੁਟੀਆ ਪਹੁੰਚ ਜਾਂਦਾ। ਉੱਥੇ ਉਸਨੇ ਆਪਣਾ ਕਾਇਦਾ ਤੇ ਪੋਥੀ ਖ੍ਰੀਦਕੇ ਰੱਖੀ ਹੋਈ ਸੀ। ਉਹ ਰਾਤ ਨੂੰ ਸਬਕ ਲੈਕੇ ਫਿਰ ਹਾਣੀਆਂ ਨਾਲ ਘਰ ਪਰਤ ਜਾਂਦਾ। ਉਸ ਵਕਤ ਪਿੰਡ ਦੇ ਮੁੰਡੇ ਰਾਤ ਵਾਹਣਾਂ ਵਿੱਚ ਕੱਬਡੀ ਖੇਡਣ ਦੇ ਸ਼ੌਕੀਨ ਸਨ। ਰਾਤ ਦੇ ਬਾਰਾਂ ਇਕ ਵਜੇ ਤੱਕ ਕੱਬਡੀ ਖੇਡਦੇ ਰਹਿੰਦੇ ਸਨ।

ਸੰਤ ਨੂੰ ਚੰਦਾ ਸਿੰਘ ਨੇ ਆਪਣਾ ਉਸਤਾਦ ਧਾਰਿਆ ਸੀ। ਉਸ ਵਾਸਤੇ ਉਹ ਚੋਰੀ-ਚੋਰੀ ਕਦੀ ਗੁੜ ਸ਼ਕਰ, ਕਦੀ ਦੁਧ ਦਹੀਂ ਲੈ ਜਾਂਦਾ। ਕਈ ਵਾਰ ਉਹ ਰੋਟੀ ਵੀ ਆਪਣੇ ਹਿੱਸੇ ਦੀ ਸੰਤ ਨੂੰ ਖਵਾ ਆਉਂਦਾ। ਇਸਤਰ੍ਹਾਂ ਉਹ ਦੋ ਸਾਲ ਦੀ ਮਿਹਨਤ ਬਾਅਦ ਪੰਜਾਬੀ ਚੰਗੀ ਤਰ੍ਹਾਂ ਪੜ੍ਹਨ ਲਗ ਪਿਆ ਸੀ। ਇਕ ਰਾਤ ਜਦੋਂ ਉਸਦੇ ਪਿਤਾ ਨੇ ਉਸਨੂੰ ਕਿਧਰੇ ਕੰਮ ਭੇਜਣਾ ਸੀ ਤਾਂ ਉਹ ਕਬੱਡੀ ਖੇਡ ਰਹੇ ਮੁੰਡਿਆਂ ਪਾਸ ਗਿਆ। ਚੰਦਾ ਉਹਨਾਂ ਵਿੱਚ ਨਹੀਂ ਸੀ। ਕਿਸੇ ਨੇ ਕਹਿ ਦਿੱਤਾ ਕਿ ਉਹ ਕੁਟੀਆ ਗਿਆ ਹੋਇਆ ਏ। ਉਸਦੇ ਪਿਤਾ ਨੇ ਪਹਿਲਾਂ ਵੀ ਉਸਦੇ ਕੁਟੀਆ ਜਾਕੇ ਸੰਤ ਕੋਲੋਂ ਪੜ੍ਹਨ ਦੀਆਂ ਸ਼ਿਕਾਇਤਾਂ ਮਿਲੀਆਂ ਸਨ ਪਰ ਉਸਨੇ ਆਪਣੇ ਅੱਖੀਂ ਚੰਦਾ ਸਿੰਘ ਨੂੰ ਪੜ੍ਹਦੇ ਕਦੀ ਨਹੀਂ ਵੇਖਿਆ ਸੀ। ਉਸ ਰਾਤ ਉਸਨੇ ਚੰਦਾ ਸਿੰਘ ਨੂੰ ਸੰਤ ਕੋਲੋਂ ਪੜ੍ਹਦੇ ਵੇਖ ਲਿਆ। ਵੇਖਦਿਆਂ ਸਾਰ ਉਸਨੇ ਗੁੱਸੇ ਵਿੱਚ ਆ ਕੇ ਉਸਦੀ ਪੋਥੀ ਪਾੜ ਦਿੱਤੀ ਤੇ ਉਸ ਦੇ ਕੰਨਾਂ ਤੇ ਦੋ ਛੱਡੀਆਂ ਤੇ ਉਸਨੂੰ ਬਾਹੋਂ ਫੜ ਕੇ ਘਰ ਲੈ ਗਿਆ। ਸਾਰੀ ਵਾਟ ਵਿੱਚ ਉਹ ਚੰਦਾ ਸਿੰਘ ਨੂੰ ਗਾਲਾਂ ਕੱਢਦਾ ਆਖ ਰਿਹਾ ਸੀ," ਉੱਲੂ ਦਿਆ ਪਠਿਆ ਤੂੰ ਪੰਡਤਾਂ ਵਾਲੇ ਕੰਮ ਸ਼ੁਰੂ ਕਰ ਦਿੱਤੇ ਨੇ। ਸਾਡੇ ਖਾਨਦਾਨ ਵਿੱਚ ਕਦੀ ਕਿਸੇ ਨੇ ਅੱਖ਼ਰ ਨਹੀਂ ਪੜ੍ਹਿਆ ਤੂੰ ਇਹ ਨਵੀਂ ਪਿਰਤ ਪਾਕੇ ਕਿਉਂ ਸਾਡਾ ਨਾਮ ਬਦੂ ਕਰਨ ਲੱਗਾ ਏ। ਅਸਾਂ ਵੇਖਿਆ ਏ ਕਿ ਜਿਹੜਾ ਪੜ੍ਹ ਜਾਂਦਾ ਏ, ਉਹ ਵਾਹੀ ਖੇਤੀ ਵਰਗਾ ਭਾਰਾ ਕੰਮ ਨਹੀਂ ਕਰ ਸਕਦਾ। ਜਕੇਰ ਅਸੀਂ ਵਾਹੀ ਖੇਤੀ ਨਹੀਂ

ਕਰਾਂਗੇ ਤਾਂ ਸਾਰੀ ਜਮੀਨ ਫਿਰ ਜੰਗਲ ਬਣ ਜਾਵੇਗੀ। ਮਸਾਂ-ਮਸਾਂ ਦਸ ਵਰ੍ਹੇ ਲਾਕੇ ਅਸਾਂ ਜਮੀਨਾਂ ਨੂੰ ਵਾਹੀ ਯੋਗ ਬਣਾਇਆ ਏ। ਤੂੰ ਜੂ ਕੁੱਤਿਆ ਪੜ੍ਹਨਾ ਚਾਹੁੰਦਾ ਏਂ ਤੂੰ ਕੋਈ ਨੌਕਰੀ ਕਰਨੀ ਏ? ਆਪਣੇ ਟੱਬਰ ਵਿੱਚ ਕੋਈ ਨੌਕਰੀ ਕਰਦਾ ਵੇਖਿਆ ਈ? ਕਦੀ ਕਿਸੇ ਖ਼ਤਰੀ ਕਰਾੜ ਦਾ ਮੁੰਡਾ ਵਾਹੀ ਕਰਦਾ ਵੇਖਿਆ ਈ? ਉਹ ਨਹੀਂ ਵਾਈ ਖੇਤੀ ਕਰ ਸਕਦੇ। ਤੂੰ ਕੰਨਾਂ ਨੂੰ ਹੱਥ ਲਾ ਕੇ ਫੇਰ ਸੰਤਾਂ ਕੋਲ ਨਹੀਂ ਜਾਵੇਂਗਾ। ਪਰ ਇਸ ਵਕਤ ਚੰਦਾ ਸਿੰਘ ਗੁਜਾਰੇ ਜੋਗਾ ਪੜ੍ਹਨ ਲਿਖਣ ਲਗ ਪਿਆ ਸੀ। ਹੁਣ ਪੰਛੀ ਨੇ ਉੱਡਣਾ ਸਿੱਖ ਲਿਆ ਸੀ।

ਟਹਿਲ ਸਿੰਘ ਵੇਲੇ ਵੀ ਲਾਗੇ ਸ਼ਾਗੇ ਕੋਈ ਸਕੂਲ ਜਾਂ ਪਾਠਸ਼ਾਲਾ ਨਹੀਂ ਸੀ। ਉਹ ਵੀ ਕੁਟੀਆ ਵਿੱਚ ਬੇ-ਖੌਫ਼ ਪੜ੍ਹਨ ਜਾਂਦਾ ਰਿਹਾ ਤੇ ਇਸੇ ਕਰਕੇ ਉਹ ਪੰਜਾਬੀ ਦੀਆਂ ਪੁਸਤਕਾਂ ਤੇ ਅਖ਼ਬਾਰਾਂ ਬੜੀ ਅਸਾਨੀ ਨਾਲ ਪੜ੍ਹ ਲੈਂਦਾ ਸੀ। ਇਸੇ ਕਰਕੇ ਹੀ ਉਸਨੂੰ ਲੋਕਾਂ ਨੂੰ ਪੜ੍ਹਾਉਣ ਦਾ ਖ਼ਿਆਲ ਆਇਆ। ਉਹਨੀਂ ਦਿਨੀ ਤਕਰੀਬਨ ਹਰ ਪਿੰਡ ਵਿੱਚ ਗੁਰਦੁਆਰੇ ਬਣ ਗਏ ਸਨ। ਗੁਰਦੁਆਰਾ ਸਾਹਿਬ ਦੇ ਵਿੱਚ ਇਕ ਪਾਠੀ ਰੱਖਣਾ ਪੈਂਦਾ ਸੀ। ਇਹ ਪਾਠੀ ਲੋਕ ਚੰਗੀ ਤਰ੍ਹਾਂ ਪਾਠ ਕਰ ਲੈਂਦੇ ਸਨ ਤੇ ਪੰਜਾਬੀ ਲਿਖਣੀ ਪੜ੍ਹਨੀ ਚੰਗੀ ਤਰ੍ਹਾਂ ਜਾਣਦੇ ਸਨ। ਟਹਿਲ ਸਿੰਘ ਨੇ ਸਭ ਤੋਂ ਪਹਿਲਾਂ ਆਪਣੇ ਪਿੰਡ ਦੇ ਗੁਰਦੁਆਰੇ ਵਿੱਚ ਪੜ੍ਹਨ ਦੇ ਸ਼ੌਕੀਨ ਮੁੰਡਿਆਂ ਨੂੰ ਸਦਿਆ। ਪਹਿਲੇ ਦਿਨ ਕੇਵਲ ਤਿੰਨ ਜਾਣੇ ਆਏ। ਉਸਨੇ ਪਿੰਡ ਵਿੱਚ ਫਿਰ ਤੁਰਕੇ ਲੋਕਾਂ ਨੂੰ ਵਿੱਦਿਆ ਦੇ ਗੁਣਾਂ ਤੋਂ ਜਾਣੂ ਕਰਵਾਇਆ। ਕਈਆਂ ਨੂੰ ਤਾਂ ਪੜ੍ਹਾਈ ਕਰੰਟ ਵਾਂਗ ਲਗਦੀ ਸੀ। ਉਹਨਾਂ ਨੂੰ ਗੁਰਦੁਆਰਾ ਨਾ ਜਾਣਾ ਮੰਜ਼ੂਰ ਸੀ ਪਰ ਪੜ੍ਹਨਾ ਨਹੀਂ। ਕਈ ਜਾਣੇ ਟਹਿਲ ਸਿੰਘ ਕੋਲੋਂ ਨਹੀਂ ਪੜ੍ਹਨਾ ਚਾਹੁੰਦੇ ਸਨ। ਇਸ ਲਈ ਜਦੋਂ ਇਹ ਕੰਮ ਪਾਠੀ ਦੇ ਜ਼ੁੰਮੇ ਲਾਇਆ ਤਾਂ ਪੜ੍ਹਨ ਵਾਲਿਆਂ ਦੀ ਗਿਣਤੀ ਨੌਂ ਹੋ ਗਈ। ਇਹਨਾਂ ਨੌਵਾਂ ਵਿੱਚੋਂ ਤਿੰਨ ਜਾਣੇ ਵਿਚੇ ਹੀ ਛੱਡ ਗਏ ਜਾਂ ਉਹਨਾਂ ਦੇ ਮਾਪਿਆਂ ਨੇ ਹਟਾ ਲਿਆ ਸੀ। ਪਰ ਹੌਲੀ-ਹੌਲੀ ਪਿੰਡ ਦੇ ਲੋਕਾਂ ਨੂੰ ਚੇਟਕ ਲਗ ਗਈ। ਪਾਠੀ ਕੋਲੋਂ ਪੜ੍ਹਕੇ ਕਈ ਜਾਣੇ ਦੂਜੇ ਪਿੰਡਾਂ ਵਿੱਚ ਪਾਠੀ ਲਗਣ ਲਗੇ। ਪਰ ਪਾਠੀ ਬਣਨਾਂ ਉਹਨੀ ਦਿਨੀਂ ਕੋਈ ਸਤਿਕਾਰਯੋਗ ਜਾਂ ਲਾਹੇਵੰਦਾ ਧੰਦਾ ਨਹੀਂ ਸੀ। ਪਾਠੀ ਨੂੰ ਕੋਈ ਖ਼ਾਸ ਆਮਦਨ ਨਹੀਂ ਸੀ। ਬਸ ਚੜ੍ਹਾਵੇ ਨਾਲ ਹੀ ਟੱਬਰ ਪਾਲਣਾ ਪੈਂਦਾ ਸੀ। ਚੜ੍ਹਾਵਾ ਵੀ ਮਸਾ ਗੁਜਾਰੇ ਜੋਗਾ ਹੀ ਹੁੰਦਾ ਸੀ। ਪਰ ਜਿਸ ਮਕਸਦ ਲਈ ਟਹਿਲ ਸਿੰਘ ਨੇ ਇਹ ਪਾਠੀਆਂ ਕੋਲੋਂ ਪੜ੍ਹਨ ਦਾ ਬੀੜਾ ਅਰੰਭਿਆ ਸੀ, ਉਸ ਵਿੱਚ ਉਹ ਕਾਫ਼ੀ ਸਫ਼ਲ ਹੋਇਆ। ਕੁਝ ਸਾਲਾਂ ਵਿੱਚ ਹੀ ਬਹੁਤੇ ਪਿੰਡਾ ਵਿੱਚ ਲੋਕ ਪਾਠੀਆਂ ਕੋਲੋਂ ਪੜ੍ਹਨਾ ਲਿਖਣਾ ਸਿੱਖਣ ਲਗੇ। ਇਸ ਨਾਲ ਵਿਦਿਆ ਦਾ ਕੁਝ ਪਸਾਰ ਹੋਇਆ। ਇਹੀ ਟਹਿਲ ਸਿੰਘ ਚਾਹੁੰਦਾ ਸੀ। ਵਿਦਿਆ ਨਾਲ ਹੀ ਸਮਾਜ ਵਿੱਚ ਜਾਗ੍ਰਤਿ ਆਉਂਦੀ ਹੈ।

ਉਸ ਸਮੇਂ ਵਿੱਚ ਵਿਆਹਾਂ ਵਿੱਚ ਬਹੁਤ ਸਾਰੀਆਂ ਕੁਰੀਤੀਆਂ ਸਨ। ਇਕ ਤਾਂ

ਛੋਟੀ ਉਮਰ ਵਿੱਚ ਹੀ ਮੁੰਡੇ ਕੁੜੀਆਂ ਦੇ ਵਿਆਹ ਕੀਤੇ ਜਾਂਦੇ ਸਨ। ਦੂਜਾ ਵਿਆਹ ਵੇਲੇ ਦਾਜ ਦੇਣ ਦਾ ਰਿਵਾਜ਼ ਸੀ। ਗ਼ਰੀਬ ਕਿਸਾਨ ਆਪਣੀਆਂ ਧੀਆਂ ਨੂੰ ਦਾਜ ਦੇਣ ਲਗਿਆਂ ਕਰਜਾਈ ਹੋ ਜਾਂਦੇ ਸਨ। ਟਹਿਲ ਸਿੰਘ ਨੇ ਦਾਜ ਬੰਦ ਕਰਨ ਲਈ ਪ੍ਰਚਾਰ ਸ਼ੁਰੂ ਕੀਤਾ। ਲੋਕ ਵੀ ਦਾਜ ਤੋਂ ਦੁਖੀ ਸਨ। ਉਹਨਾਂ ਨੇ ਇਸ ਮੁਹਿੰਮ ਵਿੱਚ ਟਹਿਲ ਸਿੰਘ ਦਾ ਪੂਰਾ ਸਾਥ ਦਿੱਤਾ। ਦਾਜ ਦੇਣ ਦੀ ਸੀਮਾਂ ਜਾਂ ਹੱਕ ਮੁਕਰੱਰ ਕਰ ਦਿੱਤੀ। ਹੱਦ ਤੋਂ ਵੱਧ ਦਾਜ ਦੇਣ ਵਾਲੇ ਨੂੰ ਸਮਾਜ ਸੁਧਾਰ ਸਭਾ ਡੰਨ ਲਾਉਂਦੀ ਸੀ, ਜਿਹੜਾ ਕਿ ਉਸਨੂੰ ਦੇਣਾ ਪੈਂਦਾ ਸੀ। ਇਸ ਤੋਂ ਇਲਾਵਾ ਉਹਨੀਂ ਦਿਨੀਂ ਬਰਾਤ ਦੀ ਗਿਣਤੀ ਵੀ ਮਿੱਥੀ ਗਈ। ਇਕਵੰਜਾ ਬੰਦਿਆਂ ਤੋਂ ਵਧ ਬਰਾਤੀ ਲਿਜਾਣ ਵਾਲੇ ਨੂੰ ਸਖ਼ਤ ਡੰਨ ਲਾਉਣ ਪੁੱਜ ਜਾਂਦੀ ਸੀ। ਸਭਾ ਦੀ ਹੁਕਮ ਅਦੂਲੀ ਕੋਈ ਘੱਟ ਹੀ ਕਰਦਾ ਸੀ।

ਉਹਨਾਂ ਦਿਨਾਂ ਵਿੱਚ ਵਿਆਹ ਵਿੱਚ ਵਿਚੋਲਿਆਂ ਦੀ ਬੜੀ ਪੁੱਛ ਗਿੱਛ ਹੁੰਦੀ ਸੀ। ਇਹ ਲੋਕ ਹੀ ਸਾਰਿਆਂ ਦੇ ਰਿਸ਼ਤੇ ਨਾਤੇ ਕਰਦੇ ਸਨ। ਜੋ ਇਹ ਕਰ ਦੇਣ, ਉਸਨੂੰ ਘਟ ਹੀ ਉਥੱਲਿਆ ਜਾਂਦਾ ਸੀ। ਜਿਹੜਾ ਇਕ ਵਾਰੀ ਰਿਸ਼ਤਾ ਕਰਕੇ ਮੁੱਕਰ ਜਾਵੇ, ਉਸਨੂੰ ਸਮਾਜਿਕ ਤੌਰ ਤੇ ਭੰਡਿਆ ਜਾਂਦਾ ਸੀ। ਉਸ ਵਕਤ ਵਿਆਹ ਤੋਂ ਪਹਿਲਾਂ ਮੁੰਡਾ ਕੁੜੀ ਇਕ ਦੂਜੇ ਦੀ ਸ਼ਕਲ ਨਹੀਂ ਵੇਖਦੇ ਸਨ। ਜੇਕਰ ਕੋਈ ਵੇਖਣ ਦੀ ਹਿਮਾਕਤ ਕਰਦਾ ਤਾਂ ਉਹ ਰਿਸ਼ਤਾ ਹੀ ਟੁੱਟ ਜਾਂਦਾ ਸੀ। ਜਦੋਂ ਟਹਿਲ ਸਿੰਘ ਦਾ ਰਿਸ਼ਤਾ ਅੰਮ੍ਰਿਤਸਰ ਭਗਤਾਂ ਵਾਲੇ ਗੇਟ ਹੋਇਆ ਤਾਂ ਉਸ ਵਕਤ ਵੀ ਇਹ ਰਿਸ਼ਤਾ ਪਿੰਡ ਦੇ ਰਾਜੇ (ਨਾਈ) ਨੇ ਹੀ ਕਰਵਾਇਆ ਸੀ। ਟਹਿਲ ਸਿੰਘ ਨੇ ਰਿਸ਼ਤਾ ਤਹਿ ਹੋਣ ਵੇਲੇ ਇਹ ਸ਼ਰਤ ਰੱਖ ਦਿੱਤੀ ਕਿ ਉਹ ਆਪਣੇ ਹੋਣ ਵਾਲੀ ਪਤਨੀ ਨੂੰ ਵੇਖਣ ਤੋਂ ਬਿਨ੍ਹਾਂ ਹਰਗਿਜ਼ ਸ਼ਾਦੀ ਨਹੀਂ ਕਰੇਗਾ। ਘਰ ਵਾਲਿਆਂ ਨੇ ਬਥੇਰਾ ਸਮਝਾਇਆ ਪਰ ਟਹਿਲ ਸਿੰਘ ਜਿੱਥੇ ਇਕ ਵਾਰ ਲੱਤ ਲਾ ਦਿੰਦਾ ਸੀ, ਘੱਟ ਹੀ ਪਿੱਛੇ ਹੱਟਦਾ ਸੀ। ਰਿਸ਼ਤਾ ਟੁੱਟਣ ਤੱਕ ਆ ਗਿਆ। ਲੜਕੀ ਵਾਲੇ ਲੜਕੀ ਵਖਾਕੇ ਸ਼ਰੀਕੇ ਵਿੱਚ ਬਦਨਾਮੀ ਨਹੀਂ ਸਨ ਖਟਣਾਂ ਚਾਹੁੰਦੇ। ਅਖ਼ੀਰ ਚੰਦਾ ਸਿੰਘ ਅੰਮ੍ਰਿਤਸਰ ਆਕੇ ਹੋਣ ਵਾਲੇ ਕੁੜਮ ਨੂੰ ਮਿਲਿਆ। ਕਾਫੀ ਸਮਝਾਉਣ ਬੁਝਾਉਣ ਪਿੱਛੋਂ ਇਕ ਸਾਂਝੇ ਰਿਸ਼ਤੇਦਾਰ ਦੇ ਘਰ ਲੜਕੀ ਨੂੰ ਚੋਰੀ ਵਿਖਾਇਆ ਗਿਆ। ਲੜਕੀ ਵੇਖਕੇ ਹੀ ਟਹਿਲ ਸਿੰਘ ਨੇ ਵਿਆਹ ਕਰਾਉਣ ਦੀ ਪੱਕੀ ਹਾਂ ਕੀਤੀ। ਉਸ ਵਕਤ, ਜਦੋਂ ਰਿਸ਼ਤੇਦਾਰ ਨੂੰ ਇਸ ਵੇਖਣ ਵਿਖਾਉਣ ਦਾ ਪਤਾ ਲਗਾ ਤਾਂ ਬਹੁਤ ਚਰਚਾ ਹੋਈ। ਪਰ ਟਹਿਲ ਸਿੰਘ ਅਜਿਹੀ ਚਰਚਾ ਨੂੰ ਜਹਾਲਤ ਦੀ ਨਿਸ਼ਾਨੀ ਸਮਝਦਾ ਸੀ।

ਟਹਿਲ ਸਿੰਘ ਨੂੰ ਇਹ ਵੇਖਕੇ ਦੁਖ ਹੁੰਦਾ ਸੀ ਕਿ ਲੋਕ ਆਪਣੇ ਮੁੰਡੇ ਕੁੜੀਆਂ ਦਾ ਛੋਟੀ ਉਮਰ ਹੀ ਵਿਆਹ ਕਰ ਦਿੰਦੇ ਸਨ। ਨੌਂ ਦਸ ਸਾਲ ਦੀ ਉਮਰ ਵਿੱਚ ਵਿਆਹ ਕਰ ਦਿੱਤੇ ਜਾਂਦੇ ਸਨ। ਉਸ ਵਕਤ ਮੁੰਡੇ ਕੁੜੀ ਦੋਹਾਂ ਨੂੰ ਵਿਆਹ ਦੀ ਮਹੱਤਤਾ ਤੇ ਕਰਨ ਦੀ ਕੋਈ ਜਾਣਕਾਰੀ ਨਹੀਂ ਹੁੰਦੀ ਸੀ। ਫਿਰ ਜਦੋਂ ਉਹ ਸਤਾਰਾਂ

ਅਠਾਰਾਂ ਸਾਲ ਦੇ ਹੁੰਦੇ, ਉਹਨਾਂ ਦਾ ਮੁਕਲਾਵਾ ਤੋਰ ਦਿੱਤਾ ਜਾਂਦਾ ਸੀ। ਇਹ ਰਸਮ ਦੋਸ਼ਮੁਖੀ ਸੀ। ਕਾਹਲੀ ਨਾਲ ਕੀਤੇ ਗਏ ਵਿਆਹ ਕਾਮਯਾਬ ਘੱਟ ਹੀ ਹੁੰਦੇ ਸਨ। ਪਰ ਰਿਵਾਜਾਂ ਰਸਮਾਂ ਦੀ ਪੰਡੀ ਪਕੜ ਕਰਨ, ਲੋਕ ਗਲ ਪਏ ਢੋਲ ਵਜਾਈ ਜਾਂਦੇ ਸਨ। ਟਹਿਲ ਸਿੰਘ ਨੇ ਵੱਡੀ ਤੇ ਵਿਆਹ ਯੋਗ ਉਮਰ ਵਿੱਚ ਵਿਆਹ ਕਰਵਾ ਕੇ ਇਸ ਰਸਮ ਨੂੰ ਤੋੜਿਆ ਸੀ। ਇਸ ਤੋਂ ਬਾਅਦ ਲੋਕ ਵਿਆਹੁਣ ਯੋਗ ਉਮਰ ਵਿੱਚ ਹੀ ਵਿਆਹ ਕਰਨ ਲਗੇ ਤੇ ਮੁਕਲਾਵੇ ਵਾਲੀ ਰਸਮ ਹੌਲੀ--ਹੌਲੀ ਖ਼ਤਮ ਹੁੰਦੀ ਗਈ।

ਰਸਮ ਸੁਧਾਰ ਕਮੇਟੀ ਅਨੁਸਾਰ ਵਿਆਹ ਵਿੱਚ ਬਹੁਤਾ ਗਹਿਣਾ ਜਾਂ ਸੋਨਾ ਪਾਉਣ ਦੀ ਮਨਾਹੀ ਸੀ। ਘਟ ਤੋਂ ਘਟ ਜੇਵਰ ਪਾਉਣ ਲਈ ਲੋਕਾਂ ਨੂੰ ਪਾਬੰਦ ਕੀਤਾ ਗਿਆ। ਮੁੰਡੇ ਦੇ ਵਿਆਹ ਦੀ ਉਮਰ ਇਕੀ ਸਾਲ ਤੇ ਲੜਕੀ ਦੀ ਅਠਾਰਾਂ ਸਾਲ ਮਿੱਥੀ ਗਈ। ਪਹਿਲਾਂ ਤਾਂ ਲੋਕਾਂ ਨੇ ਚੀਕ ਚਿਹਾੜਾ ਪਾਇਆ ਪਰ ਹੌਲੀ-ਹੌਲੀ ਸਭੇ ਜਾਣੇ ਟਿਕਾਣੇ ਤੇ ਆ ਗਏ। ਹੌਲੀ-ਹੌਲੀ ਪਿੰਡਾਂ ਵਿੱਚ ਸਕੂਲ ਖੁਲ੍ਹਣੇ ਵੀ ਸ਼ੁਰੂ ਹੋ ਗਏ। ਅੰਗਰੇਜ਼ਾਂ ਨੂੰ ਵੀ ਤਾਂ ਨੀਮ ਪੜ੍ਹੇ ਫੌਜੀਆਂ ਅਤੇ ਦਸਵੀਂ ਪਾਸ ਕਲਰਕਾਂ ਦੀ ਲੋੜ ਸੀ। ਇਸ ਲਈ ਜਦੋਂ ਲੋਕ ਪੜ੍ਹਨ ਲਿਖਣ ਲਗੇ ਤਾਂ ਸਮਾਜ ਦੀਆਂ ਕੁਰੀਤੀਆਂ ਇਕ-ਇਕ ਕਰਕੇ ਦੂਰ ਹੋਣ ਲਗੀਆਂ। ਟਹਿਲ ਸਿੰਘ ਨੇ ਇਸ ਕੰਮ ਲਈ ਇਕ ਸਮਾਜ ਸੁਧਾਰ ਕਮੇਟੀ ਬਣਾਈ ਸੀ। ਇਸ ਕਮੇਟੀ ਦਾ ਉਹ ਕਈ ਸਾਲ ਪ੍ਰਧਾਨ ਰਿਹਾ। ਉਸਨੇ ਇਲਾਕੇ ਦੇ ਬਹੁਤ ਸਾਰੇ ਪਿੰਡਾਂ ਦਾ ਦੌਰਾ ਕੀਤਾ ਤੇ ਲੋਕਾਂ ਨੂੰ ਆਪਣੇ ਖ਼ਿਆਲਾਂ ਤੋਂ ਜਾਣੂ ਕਰਵਾਇਆ। ਇਹ ਸ਼ਾਇਦ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਜਾਂ ਟਹਿਲ ਸਿੰਘ ਵਰਗਿਆਂ ਦੀ ਨਿਰੰਤਰ ਮਿਹਨਤ ਦਾ ਹੀ ਨਤੀਜਾ ਸੀ ਕਿ ਸ਼ੇਖ਼ੂਪੁਰੇ ਤੇ ਲਾਇਲਪੁਰ ਜਿਲ੍ਹਿਆਂ ਵਿੱਚ ਵਿਦਿਆ ਦਾ ਬਹੁਤ ਪਸਾਰ ਹੋਇਆ। ਖ਼ਾਸ ਕਰਕੇ ਕੰਬੋਜ਼ ਬਰਾਦਰੀ ਦੇ ਲੋਕ ਵੱਧ ਚੜ੍ਹਕੇ ਪੜ੍ਹਨ ਲਗੇ ਤੇ ਬਾਅਦ ਵਿੱਚ ਉਹਨਾਂ ਨੂੰ ਇਕੱਠੇ ਹੋਕੇ ਆਪਣੇ ਆਪਣੇ ਇਲਾਕੇ ਵਿੱਚ ਖ਼ਾਲਸਾ ਸਕੂਲ ਖੋਲ੍ਹ ਕੇ ਵਿੱਦਿਆ ਦਾ ਖ਼ੂਹਬ ਪ੍ਰਸਾਰ ਕੀਤਾ। ਬਾਕੀ ਜ਼ਿਲ੍ਹਿਆਂ ਵਿੱਚ ਪੜ੍ਹਾਈ ਲਿਖਾਈ ਦਾ ਪ੍ਰਸਾਰ ਬਹੁਤ ਘੱਟ ਸੀ। ਹਰੇਕ ਜ਼ਿਲ੍ਹੇ ਨੂੰ ਟਹਿਲ ਸਿੰਘ ਵਰਗੇ ਸੁਧਾਰਕਾਂ ਤੇ ਲੋਕ ਆਗੂਆਂ ਦੀ ਲੋੜ ਸੀ।

ਗੁਰਧਾਮਾਂ ਲਈ ਸੰਗਰਾਮ ਸ਼ੁਰੂ

ਵੀਹਵੀਂ ਸਦੀ ਦੇ ਸ਼ੁਰੂ ਹੁੰਦਿਆਂ ਹੀ, ਸਿੱਖਾਂ ਵਿੱਚ ਧਾਰਮਿਕ ਤੇ ਸਿਆਸੀ ਜਾਗ੍ਰਤਿ ਆਉਣ ਲਗੀ। ਇਸ ਸਮੇਂ ਸਿੱਖ ਸੋਚਣ ਲਗ ਪਏ ਕਿ ਉਹਨਾਂ ਦੇ ਧਾਰਮਿਕ ਅਸਥਾਨਾਂ ਨੂੰ ਅਜ਼ਾਦ ਹੋਣਾ ਚਾਹੀਦਾ ਹੈ। ਬਹੁਤ ਸਾਰੇ ਸਿੱਖ ਜਾਂ ਤਾਂ ਫੌਜੀ ਸਨ ਜਾਂ ਫਿਰ ਬਾਹਰਲੇ ਮੁਲਕਾਂ ਵਿੱਚ ਮਿਹਨਤ ਮਜੂਰੀ ਕਰਨ ਗਏ ਸਨ। ਉਹਨਾਂ ਨੇ ਉਹਨਾਂ ਮੁਲਕਾਂ ਦੇ ਧਾਰਮਿਕ ਸਥਾਨ ਵੇਖੇ। ਉੱਥੇ ਪੂਜਾ ਅਰਾਧਨਾ ਤੇ ਅਰਦਾਸ ਕਰਨ ਦੀ ਮੁਕੰਮਲ ਅਜ਼ਾਦੀ ਸੀ। ਇਹ ਧਾਰਮਿਕ ਅਦਾਰੇ ਉਹਨਾਂ ਧਰਮਾਂ ਦੇ ਵਿਦਵਾਨਾਂ ਤੇ ਧਾਰਮਿਕ ਬਿਰਤੀ ਵਾਲੇ ਵਿਅਕਤੀਆਂ ਕੋਲ ਸਨ। ਪਰ ਆਪਣੇ ਮੁਲਕ ਵਿੱਚ ਉਹਨਾਂ ਵੇਖਿਆ ਕਿ ਸਾਰੇ ਧਾਰਮਿਕ ਸਥਾਨ ਤੇ ਅਦਾਰੇ ਗ਼ੈਰ ਧਰਮਾਂ ਵਾਲਿਆਂ ਅਧੀਨ ਸਨ। ਉਹਨਾਂ ਤਾਂ ਸਿੱਖ ਧਰਮ ਦਾ ਕੋਈ ਪ੍ਰਚਾਰ ਕਰਦੇ ਸਨ ਤੇ ਨਾ ਹੀ ਸਿੱਖੀ ਦਾ ਪ੍ਰਚਾਰ ਕਰਨ ਵਿੱਚ ਉਹਨਾਂ ਦੀ ਕੋਈ ਦਿਲਚਸਪੀ ਸੀ। ਇਹਨਾਂ ਗੁਰਧਾਮਾਂ ਵਿੱਚ ਸ਼ਰਧਾਲੂ ਨਾਲ ਮੰਦਾ ਵਿਹਾਰ ਕਰਨ ਦੀਆਂ ਖ਼ਬਰਾਂ ਵੀ ਆ ਰਹੀਆਂ ਸਨ। ਇਹ ਸਭ ਕੁਝ ਵੇਖਕੇ ਸੂਝਵਾਨ ਸਿੱਖ ਦੁਖੀ ਸਨ। ਇਸ ਮਕਸਦ ਲਈ ਉਹਨਾਂ ਸਿੰਘ ਸਭਾਵਾਂ ਬਣਾਈਆਂ ਤੇ ਸਿੱਖ ਧਰਮ ਬਾਰੇ ਵਿਚਾਰਾਂ ਕਰਨ ਲਗੇ। ਚੀਫ਼ ਖ਼ਾਲਸਾ ਦੀਵਾਨ ਵੀ ਇਸੇ ਸਮੇਂ ਹੋਂਦ ਵਿੱਚ ਆਇਆ। ਵਿਦਿਆ ਦੀ ਘਾਟ ਨੂੰ ਪੂਰਾ ਕਰਨ ਲਈ ਸਿੱਖਾਂ ਲਈ ਇਕ ਵੱਡਾ ਵਿੱਦਿਅਕ ਅਦਾਰਾ ਖ਼ਾਲਸਾ ਕਾਲਜ ਅੰਮ੍ਰਿਤਸਰ ਵਿਖੇ ਸਥਾਪਿਤ ਕੀਤਾ ਗਿਆ। ਜਿਵੇਂ ਚੀਫ਼ ਖ਼ਾਲਸਾ ਦੀਵਾਨ ਦੇ ਔਹਦੇਦਾਰ ਬਹੁਤ ਅਮੀਰ ਸਿੱਖ ਹੀ ਸਨ। ਇਹ ਲੋਕ ਦੋਗਲੇ ਸਨ। ਇਕ ਪਾਸੇ ਤਾਂ ਇਹ ਸਿੱਖ ਧਰਮ ਦੇ ਅਲੰਬਰਦਾਰ ਹੋਣ ਦਾ ਦਾਹਵਾ ਕਰਦੇ ਸਨ ਤੇ ਦੂਜੇ ਪਾਸੇ ਇਹ ਅੰਗਰੇਜ਼ ਭਗਤ ਸਨ। ਇਸ ਲਈ ਇਹ ਸਿੱਖ ਆਗੂ ਖ਼ਾਲਸਾ ਪੰਥ ਦੇ ਸੱਚੇ ਹਿਤੈਸ਼ੀ ਨਹੀਂ ਸਨ। ਦੂੰਜੇ ਪਾਸੇ ਖ਼ਾਲਸਾ ਕਾਲਜ ਅੰਮ੍ਰਿਤਸਰ ਭਾਵੇਂ ਅਮੀਰ ਸਿੱਖਾਂ, ਆਮ ਸਿੱਖਾਂ ਤੇ ਰਿਆਸਤੀ ਸਿੱਖ ਰਾਜਿਆਂ ਦੀ ਮਾਇਆ ਨਾਲ ਨਿਰਮਤ ਹੋਇਆ ਸੀ। ਪਰ ਉਸਦੀ ਵਾਗਡੋਰ ਵੀ ਅੰਗਰੇਜਾਂ ਨੇ ਆਪਣੇ ਹੱਥਾਂ ਵਿੱਚ ਲੈ ਲਈ ਸੀ। ਇਸ ਲਈ ਸਿੱਖਾਂ ਦੀਆਂ ਬੁਨਿਆਦੀ ਕਮਜ਼ੋਰੀਆਂ ਤੇ ਸਮੱਸਿਆਵਾਂ ਜਿਉਂਦੀਆਂ ਤਿਉਂ ਕਾਇਮ ਸਨ।

ਉਸ ਸਮੇਂ ਬਹੁਤੇ ਸਿੱਖਾਂ ਦੇ ਗੁਰਧਾਮ ਹਿੰਦੂ ਮਹੰਤਾਂ ਦੇ ਕਬਜ਼ੇ ਵਿੱਚ ਸਨ। ਇਹ ਮਹੰਤ ਆਪਣੀਆਂ ਧਾਰਮਿਕ ਰਸਮਾਂ ਈਮਾਨਦਾਰੀ ਨਾਲ ਨਹੀਂ ਨਿਭਾਅ ਰਹੇ ਸਨ। ਕਈਆਂ ਨੇ ਆਪਣੇ ਅਧੀਨ ਗੁਰਧਾਮਾਂ ਨੂੰ ਬਦਕਾਰੀ ਤੇ ਭ੍ਰਿਸ਼ਟਾਚਾਰ ਦੇ ਅੱਡੇ ਬਣਾ

ਰੱਖਿਆ ਸੀ। ਇਹ ਮਹੰਤ ਬਹੁਤ ਤਾਕਤਵਾਰ ਤੇ ਅਸਰ ਰਸੂਖ ਵਾਲੇ ਸਨ। ਡਰਦੇ ਲੋਕ ਇਹਨਾਂ ਦੀ ਘੱਟ ਹੀ ਸ਼ਿਕਾਇਤ ਨਹੀਂ ਕਰਦੇ ਸਨ। ਪਰ ਜਦੋਂ ਇਹ ਮਹੰਤ ਹੱਦਾਂ ਦੀ ਟੱਪ ਗਏ ਤਾਂ ਲੋਕਾਂ ਵਿੱਚ ਗੁਰਧਾਮਾਂ ਨੂੰ ਅਜ਼ਾਦ ਕਰਾਉਣ ਦੀ ਪ੍ਰਬਲ ਭਾਵਨਾ ਪੈਦਾ ਹੋ ਗਈ। ਇਸ ਸੰਬੰਧੀ ਸਿੰਘ ਸਭਾਵਾਂ ਤੇ ਚੀਫ਼ ਖ਼ਾਲਸਾ ਦੀਵਾਨ ਨੇ ਮਹੰਤਾਂ ਦੀ ਨਿਖੇਧੀ ਕੀਤੀ ਤੇ ਰੋਹ ਭਰੇ ਮਤ ਪਾਸ ਕਰਕੇ ਉਸ ਪਾਸ ਭੇਜੇ ਪਰ ਮਹੰਤ ਇਹਨਾਂ ਮਤਿਆਂ ਨੂੰ ਪਾੜਕੇ ਸੁੱਟ ਦਿੰਦੇ। ਇਸ ਤਰ੍ਹਾਂ ਲੋਕਾਂ ਦਾ ਰੋਹ ਦਿਨੋ ਦਿਨ ਵੱਧਣ ਲਗਾ। ਸਰਕਾਰ ਨੇ ਵੀ ਕੋਈ ਗੌਰ ਨਾ ਕੀਤਾ। ਸਰਕਾਰ ਤਾਂ ਮਹੰਤਾਂ ਦੀ ਪਿੱਠ ਤੇ ਚਟਾਨ ਵਾਂਗ ਖੜੀ ਸੀ। ਇਸੇ ਲਈ ਮਹੰਤ ਲੋਕ ਮਤਿਆਂ ਤੇ ਰੋਸ ਪੱਤਰਾਂ ਦੀ ਕਤੱਈ ਪ੍ਰਵਾਹ ਨਹੀਂ ਕਰਦੇ ਸਨ। 1914 ਵਿੱਚ ਜਲੰਧਰ ਵਿਖੇ ਇਕ ਸਿੱਖ ਵਿਦਿਅਕ ਕਾਨਫਰੰਸ ਹੋਈ। ਇਸ ਵਿੱਚ ਇਕ ਜੋਸ਼ੀਲੇ ਸਿੱਖ ਸਰਦਾਰ ਹਰਚੰਦ ਸਿੰਘ ਨੇ ਗੁਰੂਦਵਾਰਾ ਰਕਾਬ ਗੰਜ ਦਿੱਲੀ ਦੀ ਕੰਧ ਢਾਹੇ ਜਾਣ ਕਰਕੇ ਇਕ ਸਖ਼ਤ ਮਤਾ ਪਾਸ ਕਰਾਉਣ ਦੀ ਇਜ਼ਾਜਤ ਮੰਗੀ ਪਰ ਅੰਗਰੇਜ਼ ਪਿੱਠੂ ਰਈਸ ਸਰਦਾਰਾਂ ਨੇ ਇਹ ਮਤਾ ਹਰਗਿਜ਼ ਪਾਸ ਨਾ ਹੋਣ ਦਿੱਤਾ। ਚੀਫ਼ ਖ਼ਾਲਸਾ ਦੀਵਾਨ ਤਾਂ ਹੈ ਹੀ ਅੰਗਰੇਜ਼ਾਂ ਦੀ ਹੱਥ ਠੋਕੀ ਸਭਾ ਸੀ, ਉਸਨੇ ਵੀ ਇਹ ਮੱਤਾ ਰੱਖਣ ਵਿੱਚ ਸ: ਹਰਚੰਦ ਦੀ ਕੋਈ ਮਦਦ ਨਾ ਕੀਤੀ। ਪਰ ਬਾਅਦ ਵਿੱਚ ਇਕ ਨਰਮ ਜਿਹਾ ਮਤਾ ਪਾਸ ਕਰਕੇ ਸਰਕਾਰ ਨੂੰ ਕੰਧ ਦੀ ਉਸਾਰੀ ਕਰਨ ਲਈ ਭੇਜਿਆ ਗਿਆ।

ਭਾਈ ਟਹਿਲ ਸਿੰਘ ਉਸ ਵਕਤ ਜਲੰਧਰ ਵਿੱਚ ਸੀ। ਉਹ ਸ: ਹਰਚੰਦ ਸਿੰਘ ਦੇ ਹੱਕ ਵਿੱਚ ਨਾਹਰੇ ਮਾਰ ਰਿਹਾ ਸੀ। ਤੇਜਾ ਸਿੰਘ ਸਮੁੰਦਰੀ ਵੀ ਕੰਧ ਤੁਰੰਤ ਉਸਾਰਨ ਦੇ ਹੱਕ ਵਿੱਚ ਸੀ। ਨਰਮ ਧਰਮ ਵਾਲਿਆਂ ਨੇ ਟਹਿਲ ਸਿੰਘ ਨੂੰ ਸਭ ਤੋਂ ਪਹਿਲਾਂ ਕਾਨਫਰੰਸ ਵਿੱਚੋਂ ਬਾਹਰ ਕੱਢਿਆ ਪਰ ਬਾਹਰ ਜਾ ਕੇ ਵੀ ਅੰਗਰੇਜਾਂ ਖ਼ਿਲਾਫ਼ ਨਾਹਰੇ ਬਾਜੀ ਕਰਦਾ ਰਿਹਾ। ਇਸ ਕਾਨਫਰੰਸ ਤੋਂ ਬਾਅਦ ਕਾਨਫਰੰਸ ਦੇ ਔਹਦੇਦਾਰਾਂ ਨੇ ਸਰਕਾਰ ਨੂੰ ਇਹ ਸਮਝਾਇਆ ਕਿ ਜੇਕਰ ਕੰਧ ਨਾ ਉਸਾਰੀ ਗਈ ਤਾਂ ਸਿੱਖ ਹਕੂਮਤ ਦੇ ਬਾਰਖ਼ਿਲਾਫ਼ ਹੋ ਜਾਣਗੇ। ਉਸ ਵਕਤ ਅੰਗਰੇਜ਼ਾਂ ਨੂੰ ਪਹਿਲੀ ਆਲਮੀ ਜੰਗ ਕਾਰਨ ਦੀ ਭਰਤੀ ਦੀ ਲੋੜ ਸੀ। ਇਸ ਲਈ ਕੰਧ ਉਸਾਰਨ ਦੀ ਇਜ਼ਾਜ਼ਤ ਦੇ ਦਿੱਤੀ ਗਈ। ਭਾਈ ਟਹਿਲ ਸਿੰਘ ਉਸ ਜੱਥੇ ਵਿੱਚ ਸ਼ਾਮਿਲ ਸੀ, ਜਿਸਨੇ ਕੰਧ ਉਸਾਰਨ ਦਿੱਲੀ ਜਾਣਾ ਸੀ। ਉਹ ਆਪਣੇ ਇਲਾਕੇ ਦੇ ਗਿਆਰਾਂ ਸਿੰਘ ਨਾਲ ਲਿਆਇਆ ਸੀ। ਇਹ ਸਿੰਘ ਟਹਿਲ ਸਿੰਘ ਦੀ ਰਹਿਨੁਮਾਈ ਹੇਠ ਦਿੱਲੀ ਰੇਲਵੇ ਸਟੇਸ਼ਨ ਤੋਂ ਉਤਰਕੇ ਜੈਕਾਰੇ ਮਾਰਦੇ ਰਕਾਬ ਗੰਜ ਪਹੁੰਚੇ। ਜਿੰਨੇ ਦਿਨ ਦੀਵਾਰ ਦੀ ਉਸਾਰੀ ਹੁੰਦੀ ਰਹੀ, ਟਹਿਲ ਸਿੰਘ ਸਿੰਘਾਂ ਨੂੰ ਜਗਾਉਣ ਲਈ ਰੋਹ ਭਰੇ ਲੈਕਚਰ ਦਿੰਦਾ ਰਿਹਾ। ਉਸਦੀ ਪੱਕੀ ਡਿਊਟੀ ਲੰਗਰ ਤੇ ਸੀ।

ਉਸ ਵਕਤ ਚੀਫ਼ ਖ਼ਾਲਸਾ ਦੀਵਾਨ ਤੇ ਸਿੰਘ ਸਭਾਵਾਂ ਦੇ ਕਰਤਿਆਂ ਧਰਤਿਆਂ ਨੇ ਲੋਕਾਂ ਨੂੰ ਇਹ ਸਲਾਹ ਦਿੱਤੀ ਕਿ ਕਾਨੂੰਨ ਨੂੰ ਆਪਣੇ ਹੱਥਾਂ ਵਿੱਚ ਲੈਣ ਦੀ ਜਗ੍ਹਾ,

ਕਾਨੂੰਨੀ ਰਸਤਾ ਅਖ਼ਤਿਆਰ ਕੀਤਾ ਜਾਵੇ। ਪਰ ਇਹ ਰਸਤਾ ਬੜਾ ਖ਼ਰਚੀਲਾ ਤੇ ਅਕਾਊ ਸੀ। ਅਦਾਲਤਾਂ ਵਿੱਚ ਵੀ ਸਿੱਖਾਂ ਨੂੰ ਕੋਈ ਇਨਸਾਫ਼ ਨਾ ਮਿਲਿਆ। ਇਕ ਕੇਸ ਨਨਕਾਣੇ ਦੇ ਮਹੰਤ ਖ਼ਿਲਾਫ਼ ਵੀ ਸ਼ੇਖ਼ੂਪੁਰੇ ਦੀ ਅਦਾਲਤ ਵਿੱਚ ਕੀਤਾ ਗਿਆ। ਇਹ ਕੇਸ ਕਈ ਸਾਲ ਚਲਦਾ ਰਿਹਾ ਤੇ ਅਖ਼ੀਰ ਵਿੱਚ ਇਹ ਮੁਕਦਮੇ ਵਿੱਚ ਸਿੱਖ ਸਭਾਵਾਂ ਨੂੰ ਹਾਰ ਦਾ ਮੂੰਹ ਵੇਖਣਾ ਪਿਆ। ਸਿੱਖ ਬਹੁਤ ਮਾਯੂਸ ਹੋਏ। ਅਜਿਹੇ ਕਈ ਮੁਕੱਦਮੇ ਫੇਲ੍ਹ ਹੋਏ ਸਨ ਕਿਉਂਕਿ ਅਦਾਲਤਾਂ ਅੰਗਰੇਜ਼ ਪੱਖੀ ਹੋਣ ਕਰਕੇ ਮਹੰਤਾਂ ਦੀ ਤਰਫਦਾਰੀ ਕਰਦੀਆਂ ਸਨ। ਇਸ ਲਈ ਇਹ ਰਾਹ ਸਿੱਖ ਜਥੇਬੰਦੀਆਂ ਨੂੰ ਅਖ਼ੀਰ ਵਿੱਚ ਤਿਆਗਣਾ ਪਿਆ। ਇਸ ਮੌਕੇ ਅਕਾਲੀ ਜੱਥੇ ਹੋਂਦ ਵਿੱਚ ਆਏ। ਅਕਾਲੀ ਜੱਥਿਆਂ ਨੇ ਆਪੋ-ਆਪਣੇ ਇਲਾਕਿਆਂ ਵਿੱਚ ਮਹੰਤਾਂ ਵਿਰੁੱਧ ਪ੍ਰਚਾਰ ਕੀਤਾ। ਸ਼ੇਖ਼ੂਪੁਰ ਜ਼ਿਲ੍ਹੇ ਵਿੱਚ ਜਥੇਦਾਰ ਲਛਮਣ ਸਿੰਘ ਧਾਰੋਵਾਲੀ, ਕਰਤਾਰ ਸਿੰਘ 'ਝੱਬਰ' ਦਲੀਪ ਸਿੰਘ ਸਾਂਗਲਾ ਤੇ ਟਹਿਲ ਸਿੰਘ ਨਿਜ਼ਾਮਪੁਰੀਏ ਨੇ ਮਹੰਤਾਂ ਵਿਰੁੱਧ ਪ੍ਰਚਾਰ ਸ਼ੁਰੂ ਕੀਤਾ। ਪਹਿਲਾਂ ਇਹ ਪ੍ਰਚਾਰ ਨਰਮ ਲਹਿਜ਼ੇ ਵਿੱਚ ਸੀ ਪਰ ਕਰਤਾਰ ਸਿੰਘ ਝੱਬਰ ਤੇ ਜਥੇਦਾਰ ਟਹਿਲ ਸਿੰਘ ਦੀਆਂ ਧੂਆਂਧਾਰ ਤਕਰੀਰਾਂ ਨੇ ਇਸ ਪ੍ਰਚਾਰ ਨੂੰ ਪ੍ਰਚੰਡ ਕਰ ਦਿੱਤਾ। ਪਹਿਲੇ ਪੰਜ ਸਾਲਾਂ ਵਿੱਚ ਹੀ ਸ਼੍ਰੋਮਣੀ ਗੁਰੂਦਵਾਰਾ ਕਮੇਟੀ ਤੇ ਅਕਾਲੀ ਦਲ ਨੇ ਆਪਣੇ ਪ੍ਰਚਾਰ ਨਾਲ ਕੁਝ ਗੁਰਧਾਮਾਂ ਨੂੰ ਆਪਣੇ ਕੰਟਰੋਲ ਵਿੱਚ ਲੈ ਆਂਦਾ।

ਗੁਰਦੁਆਰਾ ਬਾਬੇ ਦੀ ਬੇਰ ਸਿਆਲਕੋਟ

ਇਸ ਗੁਰਦੁਆਰੇ ਨੂੰ ਸਿੱਖਾਂ ਨੇ ਪਹਿਲੀਆਂ ਵਿੱਚ ਰਿਹਾ ਕਰਵਾਇਆ। ਇਸ ਗੁਰਦੁਆਰੇ ਦਾ ਮਹੰਤ ਹਰਨਾਮ ਸਿੰਘ ਜਦੋਂ ਪੂਰਾ ਹੋ ਗਿਆ ਤਾਂ ਉਸਦੀ ਥਾਂ ਹਰਨਾਮ ਸਿੰਘ ਦੀ ਵਿਧਵਾ ਨੇ ਆਪਦੇ ਨਾ-ਬਾਲਗ ਪੁੱਤਰ ਨੂੰ ਇਸਦਾ ਉੱਤਰਾ-ਅਧਿਕਾਰੀ ਇਕ ਮਜਿਸਟਰੇਟ ਦੀ ਸਰਪ੍ਰਸਤੀ ਹੇਠ ਥਾਪ ਦਿੱਤਾ। ਇਸ ਕਾਰਵਾਈ ਵਿਰੁੱਧ ਪੰਜਾਬ ਦੇ ਸਿੱਖਾਂ ਵਿੱਚ ਇਕ ਭਾਰੀ ਰੋਸ ਪੈਦਾ ਹੋਇਆ। ਸਰਕਾਰ ਕੋਲ ਜਦ ਇਸ ਦੀ ਸ਼ਿਕਾਇਤ ਕੀਤੀ ਗਈ ਤਾਂ ਸਰਕਾਰ ਨੇ ਹਰਨਾਮ ਸਿੰਘ ਦੇ ਪੁੱਤਰ ਮਹੰਤ ਗੁਰਚਰਨ ਸਿੰਘ ਦੇ ਹੱਕ ਵਿੱਚ ਫੈਸਾਲ ਕੀਤਾ। ਸਿੰਘਾਂ ਨੇ ਆਪਣਾ ਅੰਦੋਲਨ ਸ਼ਾਂਤਮਈ ਢੰਗ ਨਾਲ ਜਾਰੀ ਰੱਖਿਆ। ਟਹਿਲ ਸਿੰਘ ਇਸ ਅੰਦੋਲਨ ਵਿੱਚ ਸ਼ਾਮਿਲ ਸੀ। ਜਦੋਂ ਇਹ ਅੰਦੋਲਨ ਭੱਖਣ ਲਗਾ ਤਾਂ ਸਰਕਾਰ ਨੇ ਇਕ 13 ਮੈਂਬਰੀ ਕਮੇਟੀ ਬਣਾ ਦਿੱਤੀ ਗਈ ਜਿਹੜੀ ਬਾਅਦ ਵਿੱਚ ਇਸ ਗੁਰਦੁਆਰੇ ਨੂੰ ਅਜ਼ਾਦ ਕਰਾਉਣ ਵਿੱਚ ਕਾਮਯਾਬੀ ਹੋਈ। ਟਹਿਲ ਸਿੰਘ 13 ਮੈਂਬਰੀ ਕਮੇਟੀ ਵਿੱਚ ਸ਼ਾਮਲ ਸੀ। ਇਸੇ ਹੀ ਦੌਰ ਵਿੱਚ ਹਰਿਮੰਦਰ ਸਾਹਿਬ ਤੇ ਸ੍ਰੀ ਅਕਾਲ ਤਖ਼ਤ ਅਜ਼ਾਦ ਹੋਏ। ਇਸੇ ਹੀ ਸਮੇਂ ਵਿੱਚ ਸ਼੍ਰੋਮਣੀ ਗੁਰਦੁਆਰਾ ਕਮੇਟੀ ਹੋਂਦ ਵਿੱਚ ਆਈ। ਦਰਬਾਰ ਸਾਹਿਬ ਤੇ ਸਿੰਘਾਂ ਦਾ ਕਬਜ਼ਾ ਹੋਣ ਨਾਲ ਬਹੁਤ ਸਾਰੇ ਸਿੱਖ ਗੁਰਦੁਆਰਿਆਂ ਦੇ ਮਹੰਤਾਂ ਨੇ ਥੋੜ੍ਹੀ ਜਿਹੀ ਮੁਜਾਮਤ ਬਾਅਦ ਹੀ ਆਪਣੇ ਗੁਰਦੁਆਰੇ ਸਿੰਘਾਂ ਹਵਾਲੇ ਕਰ ਦਿੱਤੇ। ਭਾਵੇਂ ਸਰਕਾਰ

ਨੇ ਦਰਬਾਰ ਸਾਹਿਬ ਤੇ ਅਕਾਲ ਤਖ਼ਤ ਪੂਰੀ ਤਰ੍ਹਾਂ ਸਿੰਘਾਂ ਹਵਾਲੇ ਨਹੀਂ ਕੀਤੇ ਸਨ ਪਰ ਹੌਲੀ-ਹੌਲੀ ਇਕ ਦਿਨ ਇਹਨਾਂ ਦੇ ਮੁਕੰਮਲ ਅਜ਼ਾਦ ਹੋਣ ਦਾ ਰਸਤਾ ਬਣ ਗਿਆ ਸੀ।

ਪੰਜਾ ਸਾਹਿਬ ਤੇ ਹੋਰ ਗੁਰਧਾਮ:

ਅੰਮ੍ਰਿਤਸਰ ਵਿੱਚ ਦਰਬਾਰ ਸਾਹਿਬ ਸ੍ਰੀ ਅਕਾਲ ਤਖ਼ਤ, ਅਕਾਲੀ ਦਲ ਤੇ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਗਠਨ ਨਾਲ ਬਾਕੀ ਗੁਰਦੁਆਰਿਆਂ ਦੇ ਮਹੰਤਾਂ ਦੇ ਹੌਂਸਲੇ ਪਸਤ ਹੋ ਗਏ। ਉਹਨਾਂ ਦੇ ਹੌਂਸਲੇ ਹਾਰ ਗਏ। ਉਹ ਆਪਣੇ ਕਬਜ਼ੇ ਛੱਡਣ ਲਈ ਬਸ ਕੋਈ ਬਹਾਨਾ ਹੀ ਢੂੰਡ ਰਹੇ ਸਨ। ਟਹਿਲ ਸਿੰਘ ਆਪਣੇ ਗਿਆਰਾਂ ਮੈਂਬਰੀ ਜੱਥੇ ਨਾਲ ਪੰਜਾ ਸਾਹਿਬ ਵੀ ਗਿਆ। ਉਸ ਵਕਤ ਸਰਕਾਰ ਨੇ ਇਹ ਫੈਸਲਾ ਕਰ ਲਿਆ ਸੀ ਕਿ ਜਦੋਂ ਅੰਮ੍ਰਿਤਸਰ ਵਰਗੇ ਸ਼੍ਰੋਮਣੀ ਅਸਥਾਨ ਸਿੰਘਾਂ ਨੇ ਕਬਜ਼ੇ ਕਰ ਲਏ ਹਨ ਤਾਂ ਫਿਰ ਛੋਟੇ-ਮੋਟੇ ਦੂਜੇ ਗੁਰਧਾਮ ਵੀ ਸਿੱਖਾਂ ਹਵਾਲੇ ਕਰ ਲੈਣੇ ਚਾਹੀਦੇ ਹਨ। ਪਰ ਪੰਜਾ ਸਾਹਿਬ ਦਾ ਮਹੰਤ ਅੜ ਖਲੋਤਾ। ਸ਼੍ਰੋਮਣੀ ਕਮੇਟੀ ਨੇ ਇਸ ਗੁਰਦੁਆਰੇ ਨੂੰ ਮੁਕਤ ਕਰਾਉਣ ਲਈ ਇਕ 25 ਮੈਂਬਰੀ ਜੱਥਾ ਪੰਜਾ ਸਾਹਿਬ ਭੇਜਿਆ ਸੀ। ਜਥੇਦਾਰ ਟਹਿਲ ਸਿੰਘ ਵੀ ਇਸ ਜੱਥੇ ਦਾ ਸਰਗਰਮ ਮੈਂਬਰ ਸੀ। ਜਥੇਦਾਰ ਝੱਬਰ ਟਹਿਲ ਸਿੰਘ ਨੂੰ ਗਲਵਕੜੀ ਵਿੱਚ ਲੈ ਕੇ ਪਿਆਰ ਕਰਦਾ ਸੀ। ਪਹਿਲੇ ਦੌਰ ਵਿੱਚ ਟਹਿਲ ਸਿੰਘ ਦੀ ਕਰਤਾਰ ਸਿੰਘ ਝੱਬਰ ਨਾਲ ਘੱਟ ਬਣਦੀ ਸੀ ਪਰ ਜਦੋਂ ਜਥੇਦਾਰ ਝੱਬਰ ਨੇ ਟਹਿਲ ਸਿੰਘ ਦੀ ਜੁਰਅਤ ਵੇਖੀ ਤਾਂ ਉਹ ਉਸਨੂੰ ਹਰ ਜਥੇ ਵਿੱਚ ਉਚੇਚਾ ਲੈ ਕੇ ਜਾਂਦਾ। ਇਹ ਜੱਥਾ ਜਦੋਂ ਪੰਜਾ ਸਾਹਿਬ ਗੁਰਦੁਆਰੇ ਵਿੱਚ ਪਹੁੰਚਿਆ ਤਾਂ ਉੱਥੇ ਕੀਰਤਨ ਕਰਨ ਲਗਾ। ਮਹੰਤ ਨੇ ਇਸ ਜਥੇ ਨੂੰ ਘੌਰਨ ਗੁਰਦੁਆਰੇ ਵਿੱਚੋਂ ਜਾਣ ਲਈ ਹੁਕਮ ਕੀਤਾ ਪਰ ਅਕਾਲੀ ਡਟੇ ਰਹੇ। ਜਥੇਦਾਰ ਝੱਬਰ ਦੇ ਜਥੇ ਨੂੰ ਮਹੰਤ ਦੇ ਬੰਦੇ ਗਾਲਾਂ ਕੱਢਣ ਲਗੇ ਪਰ ਜੱਥੇ ਨੇ ਇਹਨਾਂ ਦੀ ਕੋਈ ਪ੍ਰਵਾਹ ਨਾ ਕੀਤੀ। ਇਸ ਵਕਤ ਜਥੇਦਾਰ ਟਹਿਲ ਸਿੰਘ ਤੇ ਕਰਤਾਰ ਸਿੰਘ ਝੱਬਰ ਨੇ ਜੋਸ਼ੀਲੀਆਂ ਤੇ ਰੋਹ ਭਰੀਆਂ ਤਕਰੀਰਾਂ ਕਰਕੇ ਸੰਗਤਾਂ ਨੂੰ ਆਪਣੇ ਨਾਲ ਜੋੜਿਆ। ਇਨੇ ਵਿੱਚ ਸ਼ਹਿਰ ਵਿਚੋਂ ਵੀ ਸੰਗਤ ਇਸ ਜਥੇ ਦੇ ਹੱਕ ਵਿੱਚ ਆਣ ਖਲੋਤੀ। ਸੰਗਤ ਦੀ ਸਹਾਇਤਾ ਨਾਲ ਇਸ ਜਥੇ ਨੇ ਗੁਰਦੁਆਰੇ ਉਪਰ ਕੰਬਜਾ ਕਰ ਲਿਆ। ਮਹੰਤ ਨੇ ਬੜੀ ਕੋਸ਼ਿਸ ਕੀਤੀ ਪਰ ਸਿੰਘਾਂ ਨੇ ਉਸਦੀ ਦਾਲ ਗਲਣ ਨਾ ਦਿੱਤੀ। ਇਸ ਤਰ੍ਹਾਂ ਸ਼੍ਰੋਮਣੀ ਕਮੇਟੀ ਨੇ ਇਸ ਉਪਰ ਕਬਜ਼ਾ ਕਰਕੇ ਇਕ ਪ੍ਰਬੰਧਕ ਕਮੇਟੀ ਬਣਾ ਦਿੱਤੀ। ਟਹਿਲ ਸਿੰਘ ਇਸ ਕਮੇਟੀ ਦਾ ਵੀ ਮੈਂਬਰ ਸੀ। ਇਸ ਤੋਂ ਬਾਅਦ ਕਈ ਗੁਰਦੁਆਰੇ ਜਿਵੇਂ ਚੁਮਾਲ ਸਾਹਿਬ ਲਾਹੌਰ, ਖਰਾ ਸੌਦਾ, ਖਡੂਰ ਸਾਹਿਬ ਅੰਮ੍ਰਿਤਸਰ ਤੇ ਚੋਲਾ ਸਾਹਿਬ ਲੁਧਿਆਣੇ ਦੇ ਗੁਰਦੁਆਰੇ ਲੋਕਲ ਕਮੇਟੀਆਂ ਦੀ ਅਧੀਨ ਹੋ ਗਏ, ਜਿੰਨਾਂ ਦਾ ਪ੍ਰਬੰਧ ਸ਼੍ਰੋਮਣੀ ਕਮੇਟੀ ਨੇ ਕਰਨਾ ਸੀ।

ਦਰਬਾਰ ਸਾਹਿਬ ਤਰਨ ਤਾਰਨ :

ਬਾਕੀ ਗੁਰਦੁਆਰਿਆਂ ਵਾਂਗ ਸ੍ਰੀ ਦਰਬਾਰ ਸਾਹਿਬ ਤਰਨ ਤਾਰਨ ਵੀ ਮਹੰਤਾਂ ਦੇ ਕਬਜੇ ਵਿੱਚ ਸੀ। ਜੋ ਮਹੰਤ ਹਰਿਮੰਦਰ ਸਾਹਿਬ ਅੰਮ੍ਰਿਤਸਰ ਦਾ ਪ੍ਰਬੰਧ ਕਰਦੇ ਸਨ, ਉਹੀ ਇਸ ਗੁਰਧਾਮ ਦਾ ਵੇਖਦੇ ਸਨ। ਮਹੰਤ ਅਰੂੜ ਸਿੰਘ, ਜਿਸਨੇ ਜਨਰਲ ਡਾਇਰ ਨੂੰ ਸਿਰੋਪਾ ਭੇਟ ਕਰਕੇ, ਉਸਦੀਆਂ ਦੇਸ਼ ਪ੍ਰਤੀ ਨੀਤੀਆਂ ਦਾ ਸਨਮਾਨ ਕੀਤਾ ਸੀ। ਇਸ ਕਾਰਜ ਨੇ ਪੰਥਕ ਤੇ ਕੌਮੀ ਸੋਚਵਾਨਾਂ ਦੇ ਹਿਰਦਿਆਂ ਨੂੰ ਵਲੂੰਧਰਿਆ ਸੀ। ਮਹੰਤਾਂ ਪਿਛੇ ਕੰਧ ਬਣ ਕੇ ਬਰਤਾਨਵੀ ਸਰਕਾਰ ਖੜੀ ਸੀ। ਇਸ ਲਈ ਕੋਈ ਕੱਲ੍ਹਾ-ਕਾਰਾ ਇਸ ਮਹੰਤ ਨਾਲ ਆਡਾ ਲੈਣ ਦੀ ਹਿੰਮਤ ਨਹੀਂ ਰੱਖਦਾ ਸੀ। ਇਹ ਮਹੰਤ ਵੀ ਨਰਾਇਣ ਦਾਸ ਵਾਂਗ ਅੰਗਰੇਜਾਂ ਦਾ ਪਾਲਤੂ ਸੀ ਤੇ ਅਕਾਲੀਆਂ ਦਾ ਕਟੜ ਵੈਰੀ। ਭਾਈ ਮੋਹਨ ਸਿੰਘ ਵੈਦ ਇਸ ਨਗਰ ਦਾ ਸਿਰਕੱਢ ਨੇਤਾ ਸੀ ਜਿਸਨੇ ਸਭ ਤੋਂ ਪਹਿਲਾਂ ਤਰਨ-ਤਾਰਨ ਗੁਰਦੁਆਰਾ ਸਾਹਿਬ ਦੀਆਂ ਕੁਰੀਤੀਆਂ ਨੂੰ ਲੋਕਾਂ ਵਿੱਚ ਭੰਡਣਾ ਸ਼ੁਰੂ ਕੀਤਾ। ਉਸਨੇ ਮਹੰਤ ਨੂੰ ਖੁਦ ਮਿਲ ਕੇ ਉਸਦੇ ਪ੍ਰਬੰਧ ਦੀ ਅਲੋਚਨਾ ਕੀਤੀ। ਅਜਿਹੀ ਨੁਕਤਾਚੀਨੀ ਸ: ਲਛਮਣ ਸਿੰਘ ਧਾਰੋਵਾਲੀ ਨੇ ਵੀ ਕੀਤੀ ਜੋ ਕਿ ਗੁਰਦੁਆਰਾ ਸੁਧਾਰ ਨੂੰ ਮਹੰਤ ਨੇ ਗੁਰਦੁਆਰਾ ਵਿਖੇ ਸਕੂਲ ਦੀਆਂ ਬੱਚੀਆਂ ਨੂੰ ਕੀਰਤਨ ਕਰਨ ਦੀ ਆਗਿਆ ਨਹੀਂ ਸੀ ਦਿੱਤੀ। ਜਥੇਦਾਰ ਭਰਿਆ ਭਰਾਤਾ ਸ਼੍ਰੋਮਣੀ ਗੁਰਦੁਆਰਾ ਕਮੇਟੀ ਅੰਮ੍ਰਿਤਸਰ ਪਾਸ ਪਹੁੰਚਿਆ।

24 ਜਨਵਰੀ 1921 ਨੂੰ ਇਕ ਸਿੱਖ ਔਰਤ ਨੇ ਅਕਾਲ ਤਖ਼ਤ ਵਿਖੇ ਆਪਣੀ ਦਰਦਨਾਕ ਵਿਥਿਆ ਸੁਣਾਈ। ਜਿਸ ਨੂੰ ਸੁਣ ਕੇ ਸਭ ਸ਼ਰਮਸਾਰ ਹੋਏ। ਉਸੇ ਦਿਨ ਦਰਬਾਰ ਸਾਹਿਬ ਤਰਨ-ਤਾਰਨ ਨੂੰ ਮੁਕਤ ਕਰਾਉਣ ਲਈ ਜਥੇਦਾਰ ਕਰਤਾਰ ਸਿੰਘ ਝੱਬਰ ਦੀ ਅਗਵਾਈ ਹੇਠ 40 ਸਿੰਘਾਂ ਦਾ ਜਥਾ ਸ੍ਰੀ ਤਰਨਤਾਰਨ ਸਾਹਿਬ ਪਹੁੰਚਿਆ। ਇਸ ਜਥੇ ਵਿੱਚ ਟਹਿਲ ਸਿੰਘ ਮੋਹਰੀਆਂ ਵਿੱਚ ਸੀ। ਉਸਨੇ ਉਸ ਬੀਬੀ ਨੂੰ ਵਿਸ਼ਵਾਸ ਦਵਾਇਆ ਕਿ ਮਹੰਤ ਹੁਣ ਬਹੁਤਾ ਚਿਰ ਇਹ ਗੁੰਡਾ-ਗਰਦੀ ਨਹੀਂ ਕਰ ਸਕੇਗਾ। ਥੋੜ੍ਹੇ ਦਿਨਾਂ ਵਿੱਚ ਹੀ ਇਸ ਦੁਸ਼ਮ ਮਹੰਤ ਨੂੰ ਆਪਣੀਆਂ ਕੀਤੀਆਂ ਦਾ ਜਵਾਬ ਪੰਥ ਨੂੰ ਦੇਣਾ ਪਵੇਗਾ। ਤਰਨ ਤਾਰਨ ਵਿਖੇ ਮਹੰਤਾਂ ਨੂੰ ਪਹਿਲਾਂ ਹੀ ਇਸ ਜੱਥੇ ਦੇ ਆਉਣ ਦੀ ਸੂਚਨਾ ਮੁਖਬਰਾਂ ਰਾਹੀਂ ਮਿਲ ਚੁੱਕੀ ਸੀ। ਉਥੇ ਪਹਿਲਾਂ ਹੀ ਪੁਜਾਰੀ ਤੇ ਮਹੰਤ ਦੇ ਹਿਮਾਇਤੀ ਵੱਡੀ ਗਿਣਤੀ ਵਿੱਚ ਪਹੁੰਚ ਚੁੱਕੇ ਸਨ। ਦੋਹਵਾਂ ਵਿੱਚ ਆਪਸੀ ਗਲਬਾਤ ਹੋਈ। ਮਹੰਤ ਗਲ-ਗਲ ਵਿੱਚ ਅਕਾਲੀਆਂ ਨੂੰ ਲੜਨ ਲਈ ਉਕਸਾ ਰਹੇ ਸਨ ਪਰ ਝੱਬਰ ਸਾਹਿਬ ਨੇ ਆਪਦੇ ਸਿੰਘਾਂ ਨੂੰ ਕੰਟਰੋਲ ਵਿੱਚ ਰੱਖਿਆ। ਉਸ ਵਕਤ ਟਹਿਲ ਸਿੰਘ ਮਹੰਤਾਂ ਨਾਲ ਪੂਰੀ ਬਹਿਸ ਕਰ ਰਿਹਾ ਸੀ ਤੇ ਉਹਨਾਂ ਨੂੰ ਵੰਗਾਰ ਰਿਹਾ ਸੀ ਪਰ ਝੱਬਰ ਸਾਹਿਬ ਨੇ ਉਸਨੂੰ ਸ਼ਾਂਤ ਰਹਿਣ ਦੀ ਹਦਾਇਤ ਕੀਤੀ। ਦੋਹਵਾਂ ਧਿਰਾਂ ਵਿੱਚ ਇਕ ਸਮਝੌਤਾ ਹੋ ਗਿਆ। ਇਕ ਸਰਬਸਾਂਝੀ ਕਮੇਟੀ ਬਣਾਉਣ ਦੀ ਸਲਾਹ ਬਣਾਈ ਗਈ। ਇਹ ਗਲਬਾਤ ਚਾਰ ਪੰਜ ਘੰਟੇ

ਚਲੀ ਸੀ ਤੇ ਰਾਤ ਪੈ ਗਈ ਸੀ। ਮਹੰਤਾਂ ਦੀ ਨੀਯਤ ਬਦ ਸੀ। ਉਹਨਾਂ ਨੇ ਸਿੰਘ ਨੂੰ ਸਮਝੌਤੇ ਦੀ ਅਸਲੀ ਕਾਪੀ ਲਿਆਉਣ ਲਈ ਆਖਿਆ ਤਾਂ ਕਿ ਉਸ ਉਪਰ ਮਹੰਤ ਦੇ ਹਮਾਇਤੀ ਦਸਤਖ਼ਤ ਕਰ ਸਕਣ। ਜਦੋਂ ਇਹ ਦਸਤਾਵੇਜ ਮਹੰਤਾਂ ਨੂੰ ਦਸਤਖ਼ਤ ਕਰਨ ਲਈ ਭੇਜਿਆ ਗਿਆ ਤਾਂ ਸਿੰਘ ਵਾਪਸੀ ਦੀ ਇੰਤਜ਼ਾਰ ਕਰਨ ਲਗੇ। ਰਾਤ ਦੇ ਦਸ ਵੱਜ ਚੁੱਕੇ ਸਨ। ਮਹੰਤਾਂ ਨੇ ਜਾਣ ਕੇ ਇਹ ਦੇਰੀ ਕੀਤੀ ਸੀ। ਉਹਨਾਂ ਨੇ ਦਸਤਖ਼ਤ ਕਰਨ ਦੀ ਜਗਾ, ਸ਼ਾਂਤਮਈ ਸਿੰਘਾਂ ਉਪਰ ਡਾਗਾਂ ਲਾਠੀਆਂ ਨਾਲ ਹਮਲਾ ਕਰ ਦਿੱਤਾ। ਹਮਲਾ ਕਰਨ ਵਿੱਚ ਕੁਝ ਗੈਰ ਸਮਾਜੀ ਤੱਤ ਵੀ ਬੁਲਾਏ ਗਏ ਸਨ। ਉਹਨਾਂ ਨੇ ਸ਼ਰਾਬ ਵੀ ਪੀਤੀ ਹੋਈ ਸੀ। ਜੱਥੇ ਉਪਰ ਲਾਠੀਆਂ ਵਰਾਈਆਂ ਗਈਆਂ। ਅਗੇ ਸਿੰਘ ਨਿਹੱਥੇ ਸਨ। ਜਦੋਂ ਇਹ ਹਮਲਾ ਹੋਇਆ ਤਾਂ ਟਹਿਲ ਸਿੰਘ ਨੂੰ ਲਾਠੀਆਂ ਵਜੀਆਂ। ਉਸਨੇ ਇਕ ਹਮਲਾਵਰ ਤੋਂ ਲਾਠੀ ਖੋਹ ਲਈ ਤੇ ਲਗਾ ਲਾਠੀ ਨਾਲ ਉਹਨਾਂ ਦਾ ਮੁਕਾਬਲਾ ਕਰਨ। ਪਰ ਉਹਨਾ ਦੀ ਗਿਣਤੀ ਸਿੰਘਾਂ ਨਾਲੋਂ ਦੂਣੀ ਤੀਣੀ ਸੀ। ਸਿੰਘਾਂ ਦਾ ਬਹੁਤ ਨੁਕਸਾਨ ਹੋਇਆ। ਬਹੁਤੇ ਲਹੂ ਲੁਹਾਨ ਹੋ ਗਏ ਸਨ ਟਹਿਲ ਸਿੰਘ ਦੇ ਮੱਥੇ ਤੇ ਇਕ ਇੱਟ ਵੱਜੀ, ਜਿਸ ਨਾਲ ਉਸਦੇ ਮੱਥੇ 'ਚੋਂ ਖ਼ੂਨ ਦੀਆਂ ਘਰਾਲਾ ਵਗ ਰਹੀਆਂ ਸਨ। ਨਿਹੱਥੇ ਸ਼ੇਰ ਇਹ ਸਭ ਕੁਝ ਕਚੀਚੀਆਂ ਵੱਟ ਕੇ ਜਰੀ ਜਾ ਰਹੇ ਸਨ।

ਇਸ ਵੇਲੇ ਸਰਕਾਰ ਨੂੰ ਇਸ ਖ਼ੂਨੀ ਟੱਕਰ ਦੀ ਖ਼ਬਰ ਮਿਲੀ। ਪੁਲਸ ਸਮੇਤ ਮਜਿਸਟਰੇਟ ਉਥੇ ਪਹੁੰਚ ਗਿਆ। ਇਸ ਵਿੱਚ ਮਹੰਤ ਦੇ ਬੰਦਿਆਂ ਨੂੰ ਕਸੂਰਵਾਰ ਗਿਣਿਆ ਤੇ ਮਹੰਤਾਂ ਨੂੰ ਉਹਨੀ ਦੇਰ ਗੁਰਦੁਵਾਰੇ ਵਿੱਚ ਵੜਨ ਦੀ ਮਨਾਹੀ ਕਰ ਦਿੱਤੀ, ਜਿੰਨਾਂ ਚਿਰ ਸ਼੍ਰੋਮਣੀ ਕਮੇਟੀ ਕੋਈ ਫੈਸਲਾ ਨਹੀਂ ਕਰ ਲੈਂਦੀ ਇਸਤਰ੍ਹਾਂ ਪਹਿਲਾਂ ਇਹ ਗੁਰਧਾਮ ਸਿੰਘਾਂ ਦੇ ਕਬਜੇ ਵਿੱਚ ਆ ਗਿਆ ਤੇ ਬਾਅਦ ਵਿੱਚ ਜਲਦੀ ਹੀ ਸ਼੍ਰੋਮਣੀ ਕਮੇਟੀ ਇਸ ਉਪਰ ਕਾਬਜ ਹੋ ਗਈ। ਇਹ ਭੁੱਚਰ ਸਾਹਿਬ ਦੇ ਜੱਥੇ ਦੀ ਪਹਿਲੀ ਜਿੱਤ ਸੀ। ਟਹਿਲ ਸਿੰਘ ਸਮੇਤ ਜ਼ਖ਼ਮੀ ਸਿੰਘਾ ਦਾ ਸਰਕਾਰੀ ਤੌਰ ਤੇ ਇਲਾਜ ਹੋਇਆ ਪਰ ਟਹਿਲ ਸਿੰਘ ਨੇ ਅਜਿਹੀ ਡਾਕਟਰੀ ਸਹਾਇਤਾ ਤੋਂ ਇਨਕਾਰ ਕਰ ਦਿੱਤਾ। ਕਿਉਂਕਿ ਇਸੇ ਸਰਕਾਰ ਦੀ ਸ਼ਹਿਤ ਤੇ ਇਹ ਮਹੰਤ ਭੂਤਰੇ ਹੋਏ ਸਨ। ਇਹੀ ਸਰਕਾਰ ਦੋਗਲੀ ਧਾਲਸੀ ਖੇਡਕੇ ਸਿੰਘਾਂ ਨਾਲ ਡਰਾਮੇ ਬਾਜੀ ਕਰ ਰਹੀ ਸੀ।

ਪਰ ਇਸ ਖ਼ੂਨ-ਖ਼ਰਾਬੇ ਨਾਲ ਛੋਟੇ-ਮੋਟੇ ਮਹੰਤ ਜੋ ਗੁਰਦੁਆਰਿਆਂ ਉਪਰ ਕਬਜੇ ਜਮਾਈ ਬੈਠੇ ਸਨ, ਰਾਤੋ-ਰਾਤ ਭੈਭੀਤ ਹੋਕੇ ਅਕਾਲੀਆਂ ਕੋਲ ਚਾਬੀਆਂ ਫੜਾਕੇ ਚਲਦੇ ਬਣੇ। ਅਜੇ ਤਾਂ ਸਿੰਘਾਂ ਨੇ ਕਿਸੇ ਉਪਰ ਵਾਰ ਜਾਂ ਵਧੀਕੀ ਨਹੀਂ ਕੀਤੀ ਸੀ ਪਰ ਫਿਰ ਵੀ ਸਿੰਘਾਂ ਦੀ ਦਹਿਸ਼ਤ ਨੇ ਬਹੁਤ ਸਾਰੇ ਮਹੰਤਾਂ ਦੀ ਨੀਂਦ ਹਰਾਮ ਕਰ ਛੱਡੀ ਸੀ। ਇਹ ਮਹੰਤ ਲਾਹੌਰ ਜਾਕੇ ਕਮਿਸ਼ਨਰ ਮਿਸਟਰ ਕਿੰਗ ਨੂੰ ਮਿਲੇ ਤੇ ਅਕਾਲੀਆਂ ਦੀਆਂ ਸ਼ਿਕਾਇਤਾਂ ਕੀਤੀਆਂ ਤਰਨ-ਤਾਰਨ ਦੇ ਅਕਾਲੀਆਂ ਉਪਰ

ਕੁਝ ਮੁਕੱਦਮੇ ਵੀ ਦਾਇਰ ਕੀਤੇ ਗਏ ਤਾਂ ਕਿ ਉਹਨਾਂ ਨੂੰ ਸ਼ਾਂਤ ਕੀਤਾ ਜਾਵੇ। ਇਹਨਾਂ ਮੁਕੱਦਮਿਆਂ ਦੀਆਂ ਸਾਲ ਕੁ ਬਾਅਦ ਕਿਸੇ ਅਕਾਲੀ ਨੇ ਸਫ਼ਾਈ ਪੇਸ਼ ਨਹੀਂ ਕੀਤੀ ਸੀ। ਇਸਤੋਂ ਪਤਾ ਲਗਦਾ ਹੈ ਕਿ ਸਰਕਾਰ ਅਕਾਲੀਆਂ ਦੀ ਚੜ੍ਹਤ ਤੋਂ ਕਿੰਨੀ ਦੁਖੀ ਸੀ। ਉਸਦੀ ਕੋਈ ਪੇਸ਼ ਨਹੀਂ ਜਾ ਰਹੀ ਸੀ, ਕਿਉਂਕਿ ਅਕਾਲੀ ਲਹਿਰ ਲੋਕ ਸਿੱਖ ਲਹਿਰ ਵਿੱਚ ਤਬਦੀਲ ਹੋ ਰਹੀ ਸੀ। ਇਸ ਫਤਹਿ ਨਾਲ ਅਕਾਲੀਆਂ ਦੇ ਹੌਂਸਲੇ ਵੱਧ ਗਏ ਸਨ ਤੇ ਉਹਨਾਂ ਨੇ ਹੁਣ ਆਪਣਾ ਪੂਰਾ ਧਿਆਨ ਸਿੱਖਾਂ ਦੇ ਸਿਰਮੌਰ ਗੁਰਧਾਮ ਗੁਰਦੁਆਰਾ ਨਨਕਾਣਾ ਸਾਹਿਬ ਨੂੰ ਮਹੰਤ ਤੋਂ ਅਜ਼ਾਦ ਕਰਾਉਣ ਲਈ ਸਾਰਾ ਤਾਣ ਲਾਉਣ ਲਈ ਕਮਰ ਕਸੇ ਕਰ ਲਏ। ਇਹ ਉਸ ਮੁਹਿੰਮ ਦਾ ਪਹਿਲਾ ਪੜਾਅ ਸੀ।

ਧੂੰਆਂ-ਧਾਰ ਪ੍ਰਚਾਰ

ਟਹਿਲ ਸਿੰਘ ਨੇ ਪਿਛਲੇ ਸਾਲਾਂ ਵਿੱਚ ਅਕਾਲੀਆਂ ਦੀਆਂ ਬਹੁਤ ਸਾਰੀਆਂ ਕਾਨਫਰੰਸਾਂ ਵਿੱਚ ਭਾਗ ਲਿਆ ਸੀ। ਕਈਆਂ ਵਿੱਚ ਤਾਂ ਉਸਨੇ ਆਪਣੇ ਖ਼ਿਆਲ ਵੀ ਸੰਗਤਾਂ ਨਾਲ ਸਾਂਝੇ ਕੀਤੇ ਸਨ। ਇਹਨਾਂ ਕਾਨਫਰੰਸਾਂ ਵਿੱਚ ਉਸਨੇ ਵੇਖਿਆ ਸੀ ਕਿ ਵੱਡੇ-ਵੱਡੇ ਧਨਾਢ ਤੇ ਰਈਸ ਸਿੱਖਾਂ ਦਾ ਹੀ ਬੋਲ-ਬਾਲਾ ਹੁੰਦਾ ਸੀ। ਇਹ ਸਿੱਖ ਦੋਹਵੇਂ ਪਾਸੇ ਲਤ ਰੱਖਦੇ ਸਨ। ਸਰਕਾਰ ਨਾਲ ਅੰਦਰਖਾਤੇ ਇਹਨਾਂ ਦੀ ਪੂਰੀ ਸਾਂਢ-ਗਾਂਢ ਹੁੰਦੀ ਤੇ ਬਾਹਰੀ ਤੌਰ ਤੇ ਇਹ ਆਪਣੇ ਅਸਰ ਰਸੂਖ ਨਾਲ ਸਿੱਖਾਂ ਦੇ ਆਗੂ ਹੋਣ ਦਾ ਵੀ ਦਾਹਵਾ ਕਰਦੇ ਸਨ। ਇਹਨਾਂ ਵਿਚੋਂ ਪ੍ਰਮੁੱਖ ਆਰਾਜਾ ਭੁਪਿੰਦਰ ਸਿੰਘ ਪਟਿਆਲੇ ਵਾਲੇ, ਹਰਬੰਸ ਸਿੰਘ ਅਟਾਰੀ, ਕੁੰਦਨ ਸਿੰਘ ਠੇਕੇਦਾਰ, ਸਰ. ਸੁੰਦਰ ਸਿੰਘ ਮਜੀਠੀਆ, ਕੈਪਟਨ ਗੋਪਾਲ ਸਿੰਘ ਭਾਗੋ ਵਾਲੀਆ, ਹੀਰਾ ਸਿੰਘ ਨਾਲਗੀ, ਬਾਵਾ ਕਰਤਾਰ ਸਿੰਘ ਬੇਦੀ, ਗਿਆਨੀ ਪ੍ਰਦੁਮਣ ਸਿੰਘ, ਮੋਹਨ ਸਿੰਘ ਰਈਸ, ਹਰਨਮਾ ਸਿੰਘ ਬੈਂਕਰ, ਬੁੱਧ ਸਿੰਘ ਇੰਜੀਨੀਅਰ ਤੇ ਸਰ ਸੋਭਾ ਸਿੰਘ ਠੇਕਾਦਾਰ। ਇਹ ਸਾਰੇ ਰੱਜੇ-ਪੁੱਜੇ ਖਾਂਦੇ ਪੀਂਦੇ ਰਈਸ ਲੋਕ ਸਨ, ਜਿੰਨਾਂ ਲਈ ਸਿੱਖ ਸਿਆਸਤ ਫੋਕੀ ਸ਼ੋਹਰਤ ਦਾ ਇਕ ਵਸੀਲਾ ਸੀ। ਜਦੋਂ ਕਦੀ ਸਿੱਖ ਲਹਿਰ ਮਹੱਤਵ ਮੋੜ ਤੇ ਆ ਖਲੋਂਦੀ ਤਾਂ ਇਹ ਸਾਰੇ ਭਦਰਪੁਰਸ਼ ਅੰਗਰੇਜ਼ਾਂ ਦਾ ਸਾਥ ਦਿੰਦੇ ਸਨ। ਇਹਨਾਂ ਦੀ ਸੂਚੀ ਵਿੱਚ ਚੀਫ਼ ਖ਼ਾਲਸਾ ਦੀਵਾਨ ਦੇ ਕਰਤੇ ਧਰਤੇ ਸਨ, ਜੋ ਇਹ ਦੋਹਾਲੀ ਖੇਡ-ਖੇਡਣ ਦੇ ਮਾਹਿਰ ਸਨ। ਸਿੱਖਾਂ ਨੂੰ ਇਹਨਾਂ ਨੂੰ ਬਹੁਤਾ ਭਰੋਸਾ ਨਹੀਂ ਸੀ।

ਦੂਜੇ ਪਾਸੇ ਮਾਸਟਰ ਮੋਤਾ ਸਿੰਘ, ਜਥੇਦਾਰ ਤੇਜਾ ਸਿੰਘ ਭੁੱਚਰ, ਬਾਬਾ ਖੜਕ ਸਿੰਘ, ਮਾਸਟਰ ਤਾਰਾ ਸਿੰਘ, ਤੇਜਾ ਸਿੰਘ ਸਮੁੰਦਰੀ, ਹਰਚੰਦ ਸਿੰਘ ਲਾਇਲਪੁਰੀ, ਪ੍ਰੀਤਮ ਸਿੰਘ ਸੋਢਬੰਸ, ਸੇਵਾ ਸਿੰਘ ਠੀਕਰੀਵਾਲਾ ਦਾਨ ਸਿੰਘ ਵਛੋਆ, ਜਥੇਦਾਰ ਤਾਰਾ ਸਿੰਘ ਠੇਠਰ, ਅਵਤਾਰ ਸਿੰਘ ਬਹਿਸਟਰ, ਸ਼ਿਵਦੇਵ ਸਿੰਘ ਉਬਰਾਏ, ਈਸ਼ਰ ਸਿੰਘ ਮਰਹਾਣਾ, ਬਾਬੂ ਲਾਭ ਸਿੰਘ, ਜਥੇਦਾਰ ਤੇਜਾ ਸਿੰਘ ਅਨਰਪੁਰੀ, ਤੇਜਾ ਸਿੰਘ ਚੂਹੜਕਾਣਾ, ਗੁਪਾਲ ਸਿੰਘ ਕੌਮੀ, ਗਿਆਨੀ ਸ਼ੇਰ ਸਿੰਘ, ਹੈੱਡ ਮਾਸਟਰ ਮਹਿਤਾਬ ਸਿੰਘ, ਸਰਦੂਲ ਸਿੰਘ ਕਵੀਸ਼ਰ, ਸੋਹਣ ਸਿੰਘ ਜੋਸ਼, ਗਿਆਨੀ ਹੀਰਾ ਸਿੰਘ ਦਰਦ, ਗੁਰਮੁਖ ਸਿੰਘ ਮੁਸਾਫਿਰ। ਮੁੱਢਲੇ ਅਕਾਲੀਆਂ ਵਿੱਚ ਸਿਰ ਕੱਢ ਤੇ ਸਿਰ ਲੱਥ ਸਨ ਸਰਮੁਖ ਸਿੰਘ ਝਬਾਲ, ਅਮਰ ਸਿੰਘ ਝਬਾਲ, ਜਸਵੰਤ ਸਿੰਘ ਝਬਾਲ, ਕਰਤਾਰ ਸਿੰਘ ਝੱਬਰ, ਸੱਜਣ ਸਿੰਘ ਮੱਖੀ, ਗਿਆਨੀ ਮੰਗਲ ਸਿੰਘ, ਮਾਸਟਰ ਸੁੰਦਰ ਸਿੰਘ ਲਾਇਲਪੁਰੀ, ਕਰਤਾਰ ਸਿੰਘ ਕੈਬਲਪੁਰੀ, ਤੇਜਾ ਸਿੰਘ ਘਵਿੰਡ, ਨਰਾਇਣ ਸਿੰਘ

ਵਕੀਲ ਗੁਜਰਾਂਵਾਲਾ, ਬਲਵੰਤ ਸਿੰਘ ਗੁਜ਼ਰਖਾਨੀ, ਦਲੀਪ ਸਿੰਘ ਸਾਂਗਲਾ, ਲਛਮਣ ਸਿੰਘ ਧਾਰੋਵਾਲੀ ਤੇ ਜਥੇਦਾਰ ਟਹਿਲ ਸਿੰਘ।

ਟਹਿਲ ਸਿੰਘ ਸਿੱਖ ਤੇ ਅਕਾਲੀ ਲਹਿਰ ਦੇ ਮੁੱਢਲੇ ਆਗੂਆਂ ਵਿੱਚ ਇਕ ਸੀ। ਇਹ ਸਿੱਖ ਕੌਮ ਦੇ ਰਈਸ ਆਗੂਆਂ ਵਿਚੋਂ ਨਹੀਂ ਸੀ। ਉਹ ਇਕ ਸਧਾਰਨ ਪਰਿਵਾਰ ਵਿੱਚ ਪੈਦਾ ਹੋਇਆ ਸੀ। ਉਸਦਾ ਪਰਿਵਾਰ ਸਖ਼ਤ ਮਿਹਨਤ ਕਰਕੇ ਉਪਜੀਵਕਾ ਕਮਾਉਂਦਾ ਸੀ। ਇਸ ਬਚਪਣ ਤੋਂ ਹੀ ਤੀਰ ਵਾਂਗ ਸਿੱਧਾ ਸਾਧਾ ਸੀ। ਇਸ ਵਿੱਚ ਕੋਈ ਵੱਲ ਵਲਿੰਗ ਨਹੀਂ ਸੀ। ਸੁਭਾਅ ਦਾ ਉਹ ਬਹੁਤ ਕੌੜਾ ਤੇ ਜੋਸ਼ੀਲਾ ਸੀ। ਬਚਪਣ ਵਿੱਚ ਉਹ ਸੱਟ ਲਗਣ ਕਾਰਨ, ਉਸਨੂੰ ਭਲਵਾਨੀ ਵਿੱਚੇ ਛੱਡਣੀ ਪਈ ਸੀ। ਪਰ ਕੁਦਰਤ ਨੇ ਉਸ ਕੋਲੋਂ ਹੋਰ ਕੰਮ ਲੈਣੇ ਸਨ। ਉਹ ਸੱਚਾ ਸੁੱਚਾ ਬੰਦਾ ਸੀ। ਹਰ ਇਕ ਦੇ ਮੂੰਹ ਤੇ ਸੱਚ ਬੋਲਣ ਦੀ ਜੁਰਅਤ ਰੱਖਦਾ ਭਾਵੇਂ ਕਿਸੇ ਨੂੰ ਸਤ ਕਪੜੀਂ ਅਗ ਲਗ ਜਾਵੇ। ਉਹ ਇਕ ਲਫ਼ਜ਼ ਆਪਣੀ ਬੋਲਚਾਲ ਵਿੱਚ ਆਮ ਬੋਲਦਾ ਸੀ— "ਪਰਵਾਹ ਨਹੀਂ ਟੁੰਡੇ ਲਾਟ ਦੀ।" ਜਦੋਂ ਵੀ ਉਹ ਕਿਸੇ ਕਠਨ ਪ੍ਰਸਥਿਤੀ ਦਾ ਸਾਹਮਣਾ ਕਰਦਾ ਤਾਂ ਸੁਭਾਇਕੀ ਹੀ ਆਖ ਦਿੰਦਾ, "ਪ੍ਰਵਾਹ ਨਹੀਂ ਟੁੰਡੇ ਲਾਟ ਦੀ।" ਜਦੋਂ ਕੋਈ ਉਸਦੇ ਸਾਹਮਣੇ ਕੁਫਰ ਤੋਲਦਾ ਤਾਂ ਉਸ ਕੋਲੋਂ ਬਰਦਾਸ਼ਤ ਨਹੀਂ ਸੀ ਹੁੰਦਾ। ਉਹ ਆਖਣ ਲਗਦਾ, "ਝੂਠ ਮੱਤ ਬੋਲੋ, ਇਹ ਸਿੱਖ ਦਾ ਧਰਮ ਨਹੀਂ।" ਉਸਨੇ ਛੋਟੀ ਉਮਰੇ ਹੀ ਅੰਮ੍ਰਿਤ ਛੱਕ ਲਿਆ ਸੀ ਤੇ ਉਸਤੋਂ ਬਾਅਦ, ਵਿਦੇਸ਼ ਯਾਤਰਾ ਤੋਂ ਬਾਅਦ ਉਸਨੇ ਸਿੱਖ ਇਤਿਹਾਸ ਬਾਰੇ ਪੁਸਤਕਾਂ ਪੜ੍ਹੀਆਂ ਸਨ। ਉਹ ਸਾਬਤ ਸੂਰਤ ਤੇ ਅਸੂਲਾਂ ਵਾਲਾ ਪੂਰਨ ਸਿੱਖ ਸੀ। ਜਦੋਂ ਵੀ ਉਹ ਕਿਸੇ ਬੰਦੇ ਦੇ ਨੁਕਸ ਕੱਢਦਾ ਤਾਂ ਅਕਸਰ ਆਖ ਦਿੰਦਾ, ਇਹ ਸਿੱਖਾਂ ਦੇ ਚਾਲੇ ਨਹੀਂ। ਸਿੱਖੀ ਇਹਦੀ ਇਜਾਜ਼ਤ ਨਹੀਂ ਦਿੰਦੀ। ਬੰਦਾ ਬਣਨ ਤੋਂ ਉਸਦਾ ਇਕੋ ਭਾਵ ਸੀ ਸਿੱਖ ਬਣਨਾ। ਉਸਦਾ ਇਕ ਇਹ ਵੀ ਕਹਿਣਾ ਸੀ ਕਿ ਮੌਤ ਤੋਂ ਡਰਨਾ ਨਹੀਂ ਚਾਹੀਦਾ। ਉਸਦਾ ਮੰਨਣਾ ਸੀ ਕਿ ਜਦੋਂ ਅੰਮ੍ਰਿਤ ਛੱਕਣ ਵੇਲੇ ਸੀਸ ਗੁਰੂ ਹਵਾਲੇ ਕਰ ਦਿੱਤਾ ਸੀ ਤੇ ਬਾਰ-ਬਾਰ ਇਸ ਸਿਰ ਨੂੰ ਸਲਾਮਤ ਰੱਖਣ ਦੀ ਚਿੰਤਾ ਕਿਉਂ ਕਰਨੀ? ਇਸ ਲਈ ਉਸ ਮੁਤਾਬਿਕ ਸਿੱਖ ਦੀ ਖਲੜੀ ਵਿੱਚ ਕਿਸੇ ਕਿਸਮ ਦਾ ਕੋਈ ਡਰ ਨਹੀਂ ਚਾਹੀਦਾ। ਗੁਲ ਕੀ ਉਸ ਵਿੱਚ ਪੁਰਾਤਨ ਸਿੱਖਾਂ ਵਾਲੀ ਸਿੱਖੀ ਸਪਿਰਟ ਕੁੱਟ-ਕੁੱਟ ਕੇ ਭਰੀ ਹੋਈ ਸੀ।

ਇਸੇ ਲਹਿਜ਼ੇ ਵਿੱਚ ਉਹ ਲੋਕਾਂ ਵਿੱਚ ਵਿਚਰਦਾ ਸੀ। ਆਮ ਲੋਕਾਂ ਵਾਂਗ ਉਸ ਵਿੱਚ ਦੋਗਲਾਪਣ ਨਹੀਂ ਸੀ। ਇਕ ਵਾਰੀ ਉਹ ਬਾਬੇ ਦੀ ਬੇਰ ਗੁਰਦੁਆਰੇ ਨੂੰ ਅਜ਼ਾਦ ਕਰਾਉਣ ਇਕ ਜਥੇ ਨਾਲ ਸਿਆਲਕੋਟ ਗਿਆ ਸੀ। ਉਥੇ ਗੁਰਦੁਆਰਾ ਸਾਹਿਬ ਨੂੰ ਅਜ਼ਾਦ ਕਰਾਉਣ ਲਈ ਸੰਘਰਸ਼ ਸ਼ੁਰੂ ਹੋਇਆ। ਕੁਝ ਹੀ ਦਿਨਾਂ ਦੀਆਂ ਘਟਨਾਵਾਂ ਨੇ ਨਾ-ਬਾਲਗ ਮਹੰਤ ਕੋਲੋਂ ਗੁਰਦੁਆਰੇ ਦਾ ਚਾਰਜ ਸਰਕਾਰ ਨੇ ਲੈ ਲਿਆ ਤੇ ਇਕ ਸਿੱਖਾਂ ਦੀ ਕਮੇਟੀ ਦੇ ਹਵਾਲੇ ਕਰ ਦਿੱਤਾ। ਜਦੋਂ ਇਸ ਕਮੇਟੀ ਦਾ ਗਠਨ ਹੋ ਰਿਹਾ

ਸੀ ਤਾਂ ਕਰਤਾਰ ਸਿੰਘ ਝੱਬਰ, ਭਾਈ ਤੇਜਾ ਸਿੰਘ ਚੂਹੜਕਾਣਾ, ਭਾਈ ਮੂਲਾ ਸਿੰਘ ਤੇ ਭਾਈ ਕਰਤਾਰ ਸਿੰਘ ਰਾਗੀ ਦਾ ਨਾਮ ਲਿਖਿਆ ਗਿਆ। ਉਸ ਵੇਲੇ ਟਹਿਲ ਸਿੰਘ ਛਾਲ ਮਾਰਕੇ ਸਟੇਜ ਤੇ ਚੜ੍ਹ ਗਿਆ ਤੇ ਕਹਿਣ ਲਗਾ, ਭਾਈ ਸਾਹਿਬ, ਉਹਨਾਂ ਦੇ ਨਾਮ ਲਿਖੋ ਜਿੰਨਾਂ ਨੇ ਕੋਈ ਕੁਰਬਾਨੀ ਦੇਣੀ ਹੈ। ਵਾਧੂ ਨਾਮ ਨਾ ਲਿਖੋ, ਜਿਹੜੇ ਸੰਕਟ ਵੇਲੇ ਕੌਮ ਨੂੰ ਦਗਾ ਦੇ ਕੇ ਪਾਜੀ ਹੋ ਜਾਣ। ਉਸ ਵੇਲੇ ਸੰਗਤਾਂ ਵਿਚੋਂ ਅਵਾਜਾਂ ਆਈਆਂ, ਇਹਨਾਂ ਦਾ ਨਾਮ ਜ਼ਰੂਰ ਦਰਜ ਕਰੋ। ਇਹ ਸਿੰਘ ਬੜੇ ਸ਼ਰਧਾਵਾਨ ਹਨ ਤੇ ਕਈ ਦਿਨਾਂ ਤੋਂ ਸੰਗਤ ਦੀ ਸੇਵਾ ਕਰ ਰਹੇ ਹਨ। ਆਪਨੇ ਬੜੀ ਨਾਂਹ-ਨੁਕਰ ਕੀਤੀ ਪਰ ਕਮੇਟੀ ਨੇ ਆਪ ਦਾ ਨਾਮ ਬਦੋਬਦੀ ਲਿਖ ਲਿਆ। ਇਹਨਾਂ ਵਿੱਚ ਇਕ ਸਿੰਘ ਸੀ ਸ਼ਿਵਦੇਵ ਸਿੰਘ ਉਬਰਾਏ ਵੀ ਸੀ, ਜਿਸਨੇ ਦਾਹੜੀ ਬੰਨੀ ਹੋਈ ਸੀ। ਉਸ ਬਾਰੇ ਸੰਗਤ ਵਿੱਚ ਬਹਿਸ ਹੋਣ ਲਗੀ। ਬਾਅਦ ਵਿੱਚ ਓਬਰਾਏ ਨੇ ਦਾਹੜੀ ਖੋਲ੍ਹ ਦਿੱਤੀ ਜਿਹੜੀ ਬਾਅਦ ਵਿੱਚ ਉਹਨਾਂ ਕਦੀ ਨਾ ਬੰਨੀ।

ਜਦੋਂ ਧਾਰੋਵਾਲੀ ਵਿਖੇ ਇਕ ਸਭ ਧਰਮਾਂ ਦੀ ਕਾਨਫਰੰਸ ਹੋਈ ਸੀ ਤਾਂ ਉਸ ਵਿੱਚ ਜਥੇਦਾਰ ਟਹਿਲ ਸਿੰਘ ਨੇ ਵੀ ਮਹੰਤਾਂ ਦੇ ਘਿਣੌਣੇ ਕਿਰਦਾਰ ਬਾਰੇ ਸੰਗਤ ਨੂੰ ਚਾਨਣਾ ਪਾਇਆ ਸੀ। ਆਪਣੀ ਤਕਰੀਰ ਵਿੱਚ ਉਸਨੇ ਮਹੰਤ ਬਾਰੇ ਬੋਲਦਿਆਂ ਆਖਿਆ ਸੀ, ਖ਼ਾਲਸਾ ਜੀ, ਅਸੀਂ ਅੱਜ ਸੁੱਤੇ ਪਏ ਹਾਂ। ਹਰ ਇਕ ਨੂੰ ਆਪਣੇ ਘਰ, ਬਾਲ ਬੱਚਿਆਂ ਤੇ ਜ਼ਮੀਨ ਜਾਇਦਾਦ ਦੀ ਧੁੰਨ ਲੱਗੀ ਹੋਈ ਹੈ। ਕਿਸੇ ਦਾ ਗੁਰੂ ਵਲ ਮੁੱਖ ਨਹੀਂ। ਉਹ ਗੁਰੂ ਜਿੰਨੇ ਆਪਣਾ ਸਰਬੰਸ ਪਰਿਵਾਰ ਵਾਰ ਕੇ, ਸਾਡੇ ਧਰਮ ਦਾ ਝੰਡਾ ਸਾਰੀ ਦੁਨੀਆਂ ਵਿੱਚ ਬੁਲੰਦ ਕੀਤਾ ਹੈ। ਬੰਦਾ ਸਿੰਘ ਬਹਾਦਰ ਤੇ ਭਾਈ ਸੁੱਖ ਸਿੰਘ ਮਹਿਤਾਬ ਸਿੰਘ ਦੀਆਂ ਕੁਰਬਾਨੀਆਂ ਕਿਸ ਨੂੰ ਭੁਲੀਆਂ ਹਨ। ਉਹਨਾਂ ਨੇ ਲਗੇ ਦਰਬਾਰ ਵਿੱਚ ਸ਼ਰੇਆਮ ਦਿਨ ਦਿਹਾੜੇ ਇਕ ਪਾਪੀ ਜਾਲਿਮ ਦਾ ਸਿਰ ਬਰਛੇ ਤੇ ਟੰਗ ਕੇ ਸਿੰਘਾਂ ਸਾਹਮਣੇ ਪੇਸ਼ ਕੀਤਾ ਸੀ। ਅਸੀਂ ਅਜ ਮਰ ਨਹੀਂ ਗਏ। ਅਸੀਂ ਜੀਊਂਦੇ ਜਾਗਦੇ ਆਂ। ਜੇਕਰ ਸੰਗਤ ਦਾ ਹੁਕਮ ਹੋਵੇ ਤਾਂ ਮੈਂ ਨਰੈਣੇ ਮਹੰਤ ਦਾ ਸਿਰ ਵੱਢ ਕੇ ਸੰਗਤ ਅਗੇ ਪੇਸ਼ ਕਰ ਸਕਦਾ ਹਾਂ। ਤੁਸੀਂ ਕਰੋ ਹੁਕਮ, ਮੈਂ ਤਿਆਰ-ਬਰ-ਤਿਆਰ ਹਾਂ। ਉਸ ਵਕਤ ਟਹਿਲ ਸਿੰਘ ਦੇ ਡੌਲੇ ਫਰਕ ਰਹੇ ਸਨ, ਰੰਗ ਲਾਲ ਸੁਰਖ ਹੋ ਗਿਆ ਸੀ। ਪਰ ਸੰਗਤ ਵਿਚੋਂ ਕਿਸੇ ਨੇ ਹਾਂ ਨਾ ਕੀਤੀ। ਸੰਗਤ ਹਾਲੇ ਅਜਿਹੇ ਕੰਮ ਲਈ ਤਿਆਰ ਨਹੀਂ ਸੀ। ਉਹ ਤਾਂ ਵਧ ਤੋਂ ਵਧ ਸ਼ਾਂਤਮਈ ਢੰਗ ਨਾਲ ਇਹ ਲਹਿਰ ਚਲਾਉਣਾ ਚਾਹੁੰਦੇ ਸਨ। ਮਰਨ ਲਈ ਬਹੁਤ ਘਟ ਲੋਕ ਤਿਆਰ ਸਨ।

ਇਸ ਮੌਕੇ ਤੇ ਟਹਿਲ ਸਿੰਘ ਨੇ ਮਹਿਸੂਸ ਕੀਤਾ ਕਿ ਹਾਲੇ ਸਾਡੀ ਕੌਮ ਨੂੰ ਪ੍ਰਚਾਰ ਦੀ ਲੋੜ ਹੈ। ਇਹ ਕੁੰਭ ਕਰਨੀ ਨੀਂਦ ਸੁੱਤੇ ਪਏ ਹਨ। ਇਹਨਾਂ ਨੂੰ ਸ਼ਹੀਦੀਆਂ ਪਾਕੇ ਜਗਾਉਣਾ ਪਵੇਗਾ। ਇਹ ਕੰਮ ਸ਼ਾਂਤਮਈ ਢੰਗ ਨਾਲ ਕਦੀ ਨਹੀਂ ਹੋਣਾ। ਜਿੰਨਾਂ ਚਿਰ ਸੀਸ ਧੜ ਉੱਪਰ ਕਾਇਮ ਰਹੇਗਾ, ਸਾਡੇ ਪਲੇ ਕੁਝ ਨਹੀਂ ਪੈਣਾ। ਮਹੰਤ ਨੇ ਕਦੀ ਵੀ ਬੰਦੇ ਦੇ ਪੁੱਤਾਂ ਵਾਂਗ ਸਾਡਾ ਇਹ ਗੁਰਧਾਮ ਨਹੀਂ ਛੱਡਣਾਂ। ਇਸ ਨੂੰ ਧੂਹ ਕੇ

ਬਾਹਰ ਕੱਢਣਾ ਪਊਗਾ। ਇਸ ਵੇਲੇ ਜਥੇਦਾਰ ਕਰਤਾਰ ਸਿੰਘ ਝੱਬਰ ਸਟੇਜ ਤੇ ਆਏ ਤੇ ਕਹਿਣ ਲਗੇ, ਭਰਾਓ ਟਹਿਲ ਸਿੰਘ ਠੀਕ ਹੀ ਕਹਿੰਦਾ ਏ। ਸਾਡੇ ਵਿੱਚ ਅਜੇ ਸਿੱਖਾਂ ਵਾਲੀ ਅਣਖ ਤੇ ਆਬਰੂ ਨਹੀਂ ਜਾਗੀ। ਸਾਨੂੰ ਹਾਲੇ ਜ਼ਿੰਦਗੀ ਪਿਆਰੀ ਹੈ, ਮੌਤ ਨਹੀਂ। ਮੇਰੇ ਕੋਲ ਕੋਈ ਪੰਜ ਸਿੰਘ ਆਵੋ ਜਿਹੜੇ ਪੰਥ ਲਈ ਆਪਣਾ ਸੀਸ ਭੇਂਟ ਕਰ ਸਕਦੇ ਹਨ। ਉਸ ਵਕਤ ਸਭ ਤੋਂ ਪਹਿਲਾਂ ਟਹਿਲ ਸਿੰਘ ਸਟੇਜ ਉਪਰ ਜਥੇਦਾਰ ਝਬਰ ਨਾਲ ਆ ਖਲੋਤਾ ਤੇ ਬਾਕੀ ਚਾਰ ਜਾਣੇ ਬਾਅਦ ਵਿੱਚ ਆਏ। ਜਥੇਦਾਰ ਝੱਬਰ ਨੇ ਟਹਿਲ ਸਿੰਘ ਨੂੰ ਗਲੇ ਲਗਾਇਆ ਤੇ ਸ਼ਾਬਾਸ਼ ਦਿੱਤੀ ਤੇ ਆਖਿਆ। ਜੇਕਰ ਖ਼ਾਲਸਾ ਜੀ, ਟਹਿਲ ਸਿੰਘ ਵਰਗੇ ਸਿੰਘ ਸਾਡੇ ਦਰਮਿਆਨ ਮੌਜੂਦ ਹੋਣ ਤਾਂ ਉਹ ਦਿਨ ਦੂਰ ਨਹੀਂ ਜਦੋਂ ਮਹੰਤ ਤੇ ਉਸਦੀ ਜੁੰਡਲੀ ਨੂੰ ਆਪਣਾ ਬੋਰੀ ਬਿਸਤਰਾ ਵਲੇਟਣਾ ਪਊਗਾ।

ਉਸ ਵਕਤ ਜਥੇਦਾਰ ਟਹਿਲ ਸਿੰਘ ਨੇ ਕਿਹਾ, "ਜਦੋਂ ਅਸਾਂ ਅੰਮ੍ਰਿਤ ਛੱਕਣ ਵੇਲੇ ਆਪਣੇ ਸੀਸ ਗੁਰੂ ਨੂੰ ਭੇਂਟ ਕੀਤੇ ਸਨ ਤਾਂ ਹੁਣ ਡਰਨ ਦਾ ਕੀ ਅਰਥ? ਜਥੇਦਾਰ ਜੀ ਤੁਸੀਂ ਯਕੀਨ ਰਖੋ ਅਸੀਂ ਸ਼ਹੀਦੀਆਂ ਦੇਣ ਤੋਂ ਹਰਗਿਜ਼ ਪਿਛੇ ਨਹੀਂ ਹਟਾਂਗੇ। ਇਹ ਸਾਡਾ ਸਰੀਰ ਸਾਡੇ ਗੁਰੂ ਦੀ ਅਮਾਨਤ ਹੈ। ਅਮਾਨਤ ਨਾਲ ਖਿਆਨਤ ਕਰਨ ਵਾਲੇ ਸਿੱਖ ਨਹੀਂ ਹੁੰਦੇ।" ਜਥੇਦਾਰ ਕਰਤਾਰ ਸਿੰਘ ਨੇ ਟਹਿਲ ਸਿੰਘ ਸਮੇਤ ਬਾਕੀ ਸਿੰਘਾਂ ਨੂੰ ਵੀ ਆਖਿਆ, "ਸਿੰਘੋ ਤਿਆਰੀ ਕਰੋ, ਸਹਾਦਤਾਂ ਦੀ ਰੁੱਤ ਆਉਣ ਵਾਲੀ ਹੈ। ਜਾਓ ਤਿਆਰੀਆਂ ਕਰੋ।"

ਘਰ ਆ ਕੇ ਟਹਿਲ ਸਿੰਘ ਨੇ ਆਪਣੇ ਕੁਝ ਜ਼ਰੂਰੀ ਕਪੜੇ ਇੱਕ ਵੱਡੇ ਸਾਰੇ ਝੋਲੇ ਵਿੱਚ ਪਾਏ। ਰੋਜ਼ਮਰਾ ਦਾ ਕੁਝ ਜ਼ਰੂਰੀ ਸਾਜੋ ਸਮਾਨ ਝੋਲੇ ਵਿੱਚ ਪਾਇਆ ਤੇ ਅਗਲੇ ਦਿਨ ਸ਼ਹੀਦੀ ਜਥੇ ਲਈ ਪ੍ਰਚਾਰ ਕਰਨ ਲਈ ਘਰੋਂ ਤੁਰ ਪਏ ਅਤੇ ਕਿੰਨੇ ਦਿਨ ਘਰ ਨਾ ਮੁੜੇ। ਜਥੇਦਾਰ ਨੂੰ ਪਿਛਲੀ ਰਾਤੀਂ ਨੀਂਦ ਨਹੀਂ ਸੀ ਆਈ। ਲੋਕਾਂ ਨੂੰ ਜਗਾਉਣ ਦੀ ਬੜੀ ਭਾਰੀ ਜ਼ੁੰਮੇਵਾਰੀ ਸੀ। ਟਹਿਲ ਸਿੰਘ ਨੂੰ ਡਰ ਸੀ ਕਿ ਗਾਂਧੀ ਵਰਗਾ ਨੇਤਾ ਪੰਜਾਬ ਵਿੱਚ ਘਟ ਹੀ ਆਵੇ। ਉਸਦਾ ਤੌਰ ਤਰੀਕਾ ਸੁਧਾਰਵਾਦੀ ਤੇ ਸਮਝਾਉਣ ਬੁਝਾਉਣ ਦਾ। ਉਹ ਜ਼ੁਲਮ ਦਾ ਟਾਕਰਾ ਕਰਨ ਦੇ ਸਮਰੱਥ ਨਹੀਂ ਹਨ। ਜਲ੍ਹਿਆਂ ਵਾਲੇ ਬਾਗ਼ ਵਿੱਚ ਗਾਂਧੀ ਜੀ ਨੇ ਜੇਕਰ ਭਾਰਤੀਆਂ ਨਾਲ ਹਮਦਰਦੀ ਕੀਤੀ ਸੀ। ਇਸ ਕਰਕੇ ਅੰਗਰੇਜ਼ਾਂ ਨੇ ਨਿਹੱਥੇ ਤੇ ਨਿਰਦੋਸ਼ ਲੋਕਾਂ ਦਾ ਕਤਲੇਆਮ ਕੀਤਾ ਸੀ। ਪਰ ਜੇਕਰ ਵਧੀਕ ਭਾਰਤੀ ਕਰਦੇ ਤਾਂ ਗਾਂਧੀ ਜੀ ਨੇ ਮਰਨ ਵਰਤ ਰੱਖ ਲੈਣਾ ਸੀ ਤੇ ਭਾਰਤੀਆਂ ਨੂੰ ਆਪਣੀ ਕੀਤੀ ਦਾ ਪਛਚਾਤਾਪ ਕਰਨ ਲਈ ਕਹਿਣਾ ਸੀ। ਉਸਦੀਆਂ ਨਜ਼ਰਾਂ ਵਿੱਚ ਸ਼ਾਂਤਮਈ ਤਰੀਕੇ ਨਾਲ ਕੋਈ ਮੋਰਚਾ ਫਤਹਿ ਨਹੀਂ ਕੀਤਾ ਜਾ ਸਕਦਾ। ਜੋਸ਼ ਨਾਲ ਹੋਸ਼ ਜ਼ਰੂਰੀ ਹੈ ਪਰ ਜੋਸ਼ ਬਿਨਾਂ ਗਡੀ ਨਹੀਂ ਚਲਦੀ। ਖ਼ੈਰ ਉਹ ਆਪਣੇ ਮਿਸ਼ਨ ਤੇ ਤੁਰ ਪਿਆ।

ਆਪਣੇ ਪਿੰਡ ਦੇ ਹੀ ਉਸਨੇ 24 ਬੰਦੇ ਸ਼ਹੀਦੀ ਜੱਥੇ ਲਈ ਭਰਤੀ ਕੀਤੇ ਸਨ।

ਉਹਨਾਂ ਨੂੰ ਮਾਨਸਿਕ ਤੌਰ ਤੇ ਤਿਆਰ ਕਰਨ ਲਈ ਉਸਨੂੰ ਸਿੱਖ ਇਤਿਹਾਸ ਨੂੰ ਬਾਰ-ਬਾਰ ਦੁਹਰਾਉਣਾ ਪੈਂਦਾ ਸੀ। ਕਈ ਲੋਕ ਸਭ ਕੁਝ ਸੁਣ ਜਾਣ ਕੇ ਪਹਿਲੇ ਦਿਨ ਆਪਣਾ ਨਾਮ ਲਿਖਾਉਂਦੇ ਤੇ ਉਸਦੇ ਘਰ ਵਾਲੇ ਅਗਲੇ ਦਿਨ ਉਸਦਾ ਨਾਮ ਕੱਟਣ ਲਈ ਕਹਿੰਦੇ। ਕਈ ਆਪਣਾ ਨਾਮ ਆਪ ਕਟਾਉਦ ਲਈ ਆਖਦੇ। ਕਈ ਸਿੰਘ ਬਹਾਨਾ ਕਰਦੇ ਕਿ ਘਰ ਵਿੱਚ ਉਹਨਾਂ ਦੀ ਬੜੀ ਲੋੜ ਹੈ ਤੇ ਉਹਨਾਂ ਦੇ ਬਿਨ੍ਹਾਂ ਉਹਨਾਂ ਦੀ ਵਾਹੀ ਖੇਤੀ ਦਾ ਕੰਮ ਠੱਪ ਹੋ ਜਾਵੇਗਾ। ਕਿਸੇ ਦਾ ਨਵਾਂ-ਨਵਾਂ ਵਿਆਹ ਹੋਇਆ ਹੁੰਦਾ ਸੀ। ਉਸਦੇ ਘਰ ਵਾਲੇ ਜਾਂ ਘਰ ਵਾਲੀ ਰੁਕਾਵਟਾਂ ਖੜ੍ਹੀਆਂ ਕਰ ਦਿੰਦੀ ਸੀ। ਪਰ ਕਈ ਅਜਿਹੇ ਸਿੰਘ ਸਨ, ਜਿਹੜੇ ਆਪਣੇ ਕਮ-ਦਿਲੇ ਮਾਪਿਆਂ ਦੀ ਪ੍ਰਵਾਹ ਨਾ ਕਰਦੇ ਹੋਏ, ਬੇਜ਼ਿਦ ਹੋਕੇ ਸ਼ਹੀਦੀ ਜੱਥੇ ਵਿੱਚ ਸ਼ਾਮਲ ਹੋਏ ਸਨ। ਸਚਾਈ ਇਹ ਹੈ ਕਿ ਬਹੁਤ ਸਿੰਘ ਟਹਿਲ ਸਿੰਘ ਦੀ ਸੂਰਮਗਤੀ ਤੇ ਚੜ੍ਹਦੀਆਂ ਕਲਾਂ ਤੋਂ ਪ੍ਰਭਾਵਿਤ ਹੋ ਕੇ ਜੱਥੇ ਵਿੱਚ ਸ਼ਾਮਿਲ ਹੋਏ ਸਨ। ਪਾਰੋਵਾਲੀ ਵਾਲੀ ਕਾਨਫਰੰਸ ਵਿੱਚ ਬਹੁਤੇ ਜਥੇਦਾਰ ਕਰਤਾਰ ਸਿੰਘ ਝੱਬਰ ਤੇ ਜਥੇਦਾਰ ਟਹਿਲ ਸਿੰਘ ਦੀਆਂ ਦਿਲ ਵਿੰਨਵੀਆਂ ਤਕਰੀਰਾਂ ਸੁਣਕੇ ਜਥੇ ਵਿੱਚ ਸ਼ਾਮਲ ਹੋਏ ਸਨ। ਇਹ ਵੀ ਸੱਚ ਸੀ ਕਿ ਜੱਥੇ ਵਿੱਚ ਸ਼ਾਮਿਲ ਹੋਣ ਵਾਲੇ ਬਹੁਤੇ ਸਿੰਘ ਭਰ ਜਵਾਨੀ ਵਿੱਚ ਸਨ। ਜਵਾਨਾਂ ਦਾ ਖ਼ੂਨ ਬਜ਼ੁਰਗਾਂ ਨਾਲੋਂ ਵਧੇਰੇ ਖੌਲਦਾ ਹੈ। ਇਸ ਲਈ ਬਹੁਤੇ ਜਵਾਨਾਂ ਨੇ ਹੀ ਸ਼ਹੀਦੀ ਜੱਥੇ ਵਿੱਚ ਨਾਮ ਲਿਖਾਇਆ। ਇਹ ਵੀ ਸਚਾਈ ਹੈ ਕਿ ਕੁਝ ਮਾਪਿਆਂ ਨੂੰ ਟਹਿਲ ਸਿੰਘ ਵੇਖਕੇ ਚਾਹ ਚੜ੍ਹ ਜਾਂਦਾ ਸੀ ਤੇ ਉਹ ਆਪਣਾ ਤਨ-ਮਨ-ਧਨ ਵਾਰਨ ਲਈ ਤਤਪਰ ਹੋ ਜਾਂਦੇ ਸਨ ਅਤੇ ਤਰੀਕਾਂ ਪੁਛਦੇ ਕਿ ਜੱਥਾ ਕਦੋਂ ਰਵਾਨਾ ਹੋਣਾ ਹੈ? ਦੂਜੇ ਉਹ ਲੋਕ ਵੀ ਸਨ ਜਿਹੜੇ ਜਥੇਦਾਰ ਟਹਿਲ ਸਿੰਘ ਦੇ ਉਹਨਾਂ ਦੇ ਵਿਹੜੇ ਪੈਰ ਪਾਉਂਦਿਆਂ ਹੀ ਰਿਝਣਾ ਕਰੂਝਣਾ ਸ਼ੁਰੂ ਕਰ ਦਿੰਦੇ। ਉਹ ਸੋਚਦੇ ਕਿ ਇਹ ਸ਼ਕਸ ਸਾਡੇ ਘਰ ਨੂੰ ਤਬਾਹ ਕਰਕੇ ਹੀ ਸਾਹ ਲਵੇਗਾ। ਪਰ ਅਜਿਹੇ ਬੰਦਿਆਂ ਦੀ ਗਿਣਤੀ ਹੌਲੀ-ਹੌਲੀ ਘੱਟਦੀ ਗਈ। ਜਦੋਂ ਸ਼ਹੀਦੀ ਜੱਥਾ ਨਨਕਾਣੇ ਪਹੁੰਚ ਗਿਆ ਤਾਂ ਕੇਵਲ ਦੋ ਸਿੰਘਾਂ ਨੂੰ ਛੱਡਕੇ ਬਾਕੀ ਸਾਰੇ ਸਿੰਘ ਸਹੀਦ ਹੋ ਗਏ। ਜਿਹੜੇ ਸਿੰਘ ਸਹੀਦ ਹੋਏ ਸਨ, ਉਹਨਾਂ ਵਿੱਚ ਬਹੁਤਿਆਂ ਦੇ ਘਰ ਵਾਲਿਆਂ ਪਹਿਲਾਂ ਪਹਿਲ ਉਹਨਾਂ ਨੂੰ ਜਾਣੋ ਰੋਕਿਆ ਸੀ ਪਰ ਸਿੰਘ ਉੱਪਰ ਸਹਾਦਤ ਦਾ ਇੰਨਾ ਭੂਤ ਸਵਾਰ ਸੀ ਕਿ ਉਹ ਘਰਦਿਆਂ ਤੋਂ ਚੋਰੀ ਜਥੇ ਵਿੱਚ ਸ਼ਾਮਿਲ ਹੋ ਗਏ ਸਨ।

ਲੇਖਕ ਦੇ ਦਾਦੇ ਦੇ ਇਕ ਭਰਾ ਚੰਦਾ ਸਿੰਘ ਨੇ ਸ਼ਹੀਦੀ ਜਥੇ ਵਿੱਚ ਬਜ਼ਿਦ ਹੋਕੇ ਨਾਮ ਲਿਖਾਇਆ ਤੇ ਘਰਦਿਆਂ ਦੀ ਇਕ ਨਾ ਮੰਨੀ 9 ਫੱਗਣ ਨੂੰ ਜਦੋਂ ਭਾਈ ਟਹਿਲ ਸਿੰਘ ਤੇ ਲਛਮਣ ਸਿੰਘ ਪਿੰਡ ਨਿਜ਼ਾਮਪੁਰਾ ਦੇਵਾ ਸਿੰਘ ਵਾਲੇ ਪਹੁੰਚੇ ਤਾਂ ਦੋਵੇਂ ਭਰਾ ਚੰਦਾ ਸਿੰਘ ਤੇ ਗੰਗਾ ਸਿੰਘ ਆਪਣੀ ਨਹਿਰੀ ਪਾਣੀ ਦੀ ਵਾਰੀ ਲਾ ਕੇ ਮੁੜੇ ਹੀ ਸਨ ਕਿ ਜੱਥਾ ਉਹਨਾਂ ਦੇ ਪਿੰਡ ਪਹੁੰਚ ਗਿਆ। ਘਰੋਂ ਸਿੰਘਣੀ ਨੇ ਰੋਕਿਆ ਕਿ ਸਰਦਾਰ ਜੀ ਨਾ ਜਾਓ, ਪਾਣੀ ਦੇ ਥਕੇ ਹੋਏ ਓ, ਇੰਨਾ ਪੈਂਡਾ ਕਿਵੇਂ ਕਰੋਗੇ?

ਚੰਦਾ ਸਿੰਘ ਨੇ ਬੜੇ ਸਵੈਵਿਸ਼ਵਾਸ ਨਾਲ ਆਖਿਆ, ਅਸੀਂ ਹੁਣ ਨਾਮ ਲਿਖਵਾ ਚੁੱਕੇ ਹਾਂ। ਸਿੰਘ ਦਾ ਧਰਮ ਨਹੀਂ ਕਿ ਬਚਨ ਕਰਕੇ ਖਿਸਕ ਜਾਵੇ। ਅੰਮ੍ਰਿਤ ਛੱਕਣ ਵੇਲੇ ਜਦ ਅਸੀਂ ਆਪਣਾ ਸੀਸ ਗੁਰੂ ਦੇ ਅਰਪਨ ਕਰ ਚੁੱਕੇ ਹਾਂ ਤਾਂ ਹੁਣ ਨਾਂਹ ਨੁੱਕਰ ਦਾ ਕੀ ਮਤਲਬ। ਉਹਨਾਂ ਦੋਵਾਂ ਭਰਾਵਾਂ ਨੇ ਨਵੇਂ ਕਪੜੇ ਕੱਢਕੇ ਪਹਿਨ ਲਏ ਤੇ ਖੰਗੂਰਾ ਮਾਰ ਕੇ ਤਿਆਰ ਹੋ ਗਏ। ਉਹਨਾਂ ਦੇ ਦੁਧ ਦਾ ਛੰਨਾ ਭਰਕੇ ਪੀਤਾ। ਇਕ ਹੋਰ ਸਿੰਘ ਸੰਤਾ ਸਿੰਘ ਨੇ ਆਖਿਆ, ਭਾਈ ਜੀ ਆਓ ਚਲੀਏ। ਚੰਦਾ ਸਿੰਘ ਕਹਿਣ ਲਗਾ, ਸਿੰਘ ਜੀ ਤੁਸੀਂ ਵੀ ਦੁੱਧ ਪੀ ਲਓ! ਪਰ ਉਹਨਾਂ ਨੇ ਅਗੋਂ ਉੱਤਰ ਦਿੱਤਾ ਕਿ ਮੈਂ ਪੀ ਕੇ ਪੈਂਡੇ ਨਹੀਂ ਪਈਦਾ, ਇਹ ਅਪਸ਼ਗਨ ਹੁੰਦਾ ਹੈ। ਚੰਦਾ ਸਿੰਘ ਨੇ ਕਿਹਾ, ਸਰਦਾਨੀਏ ਕੋਈ ਗਲ ਨਹੀਂ। ਅਸੀਂ ਸ਼ਹੀਦੀਆਂ ਪਾਉਣ ਚਲੇ ਆਂ, ਸਾਨੂੰ ਅਜਿਹੀ ਕੋਈ ਵਿਚਾਰ ਨਹੀਂ। ਪਿਛੋਂ ਸ਼ਹੀਦਾਂ ਦੇ ਥਾਵਾਂ ਤੇ ਸਦਾ ਦੁਧ ਹੀ ਚੜ੍ਹਦਾ ਰਹਿਣਾ ਏ। ਲਓ ਅਸੀਂ ਚਲੇ ਆਂ, ਅਕਾਲ ਪੁਰਖ ਨੂੰ ਹਮੇਸ਼ਾਂ ਯਾਦ ਰੱਖਣਾਂ ਏ। ਉਸਦਾ ਸਭ ਨੂੰ ਸਹਾਰਾਏ। ਮੁਰੱਬੇ ਫੇਰਾ ਤੋਰਾ ਮਾਰਨ ਜਾਇਆ ਕਰੀਂ। ਮੁੰਡੇ ਹਾਲੇ ਛੋਟੇ ਨੇ। ਕਲ ਨੂੰ ਜਵਾਨ ਹੋ ਜਾਣਗੇ, ਫਿਰ ਕੋਈ ਫਿਕਰ ਨਹੀਂ। ਬਲਦ ਪਠੇ ਦੱਥੇ ਖੁਣੋਂ ਮਾੜੇ ਨਾ ਹੋ ਜਾਣ। ਵੱਡੇ ਲੜਕੇ ਨੂੰ ਪਿਆਰ ਦਿੱਤਾ ਤੇ ਆਖਿਆ, ਪੁੱਤ ਆਪਣੀ ਮਾਂ ਦਾ ਖ਼ਿਆਲ ਰਖੀਂ।

ਏਸੇ ਤਰ੍ਹਾਂ ਹੀ ਗੰਗਾ ਸਿੰਘ ਨੇ ਵੀ ਸ਼ਹੀਦੀ ਜੱਥੇ ਵਿੱਚ ਨਾਮ ਲਿਖਾਇਆ ਹੋਇਆ ਸੀ। ਮਾਤਾ ਨੇ ਆਖਿਆ, ਪੁੱਤ ਤੇਰਾ ਵੱਡਾ ਭਰਾ ਜੂ ਜਥੇ ਨਾਲ ਜਾ ਰਿਹਾਏ, ਤੂੰ ਨਾ ਜਾ। ਸਾਰੇ ਟੱਬਰ ਨੇ ਹੀ ਸ਼ਹੀਦੀ ਲਈ ਚਲੇ ਜਾਣਾ ਹੈ। ਪਿਛੇ ਘਰ ਦਾ ਕਿਹੜਾ ਵਾਹਰੂ ਬਣੇਗਾ। ਇਹ ਕੰਮ ਨਾ ਕਰੋ। ਕੋਈ ਚਜ ਦੀ ਗਲ ਕਰੋ। ਸਾਡੇ ਘਰ ਦੀਆਂ ਵਾਰਾਂ ਤੁਰ ਪੈਣਗੀਆਂ। ਗੰਗਾ ਸਿੰਘ ਨੇ ਕਿਹਾ, "ਮਾਂ ਆਪਣੀ ਨੌਂਹ ਨੂੰ ਕਈ ਸਭ ਦਾ ਖ਼ਿਆਲ ਰੱਖੇ। ਉੱਥੇ ਜਾਕੇ ਜਿਸ ਕੰਮ ਮੈਂ ਆਉਣਾ ਏ, ਵੱਡੇ ਭਾਈ ਨੇ ਨਹੀਂ ਆਉਣਾ। ਉਹ ਆਪਣੀ ਥਾਂ ਤੇ ਹੈ ਤੇ ਮੈਂ ਆਪਣੀ ਥਾਂ ਤੇ ਹਾਂ। ਜੇਕਰ ਸਾਡੇ ਘਰ ਸ਼ਹੀਦਾਂ ਦੀਆਂ ਵਾਰਾਂ ਤੁਰ ਪਈਆਂ ਤਾਂ ਏਸ ਨਾਲੋਂ ਵਧੀਆ ਕੋਈ ਹੋਰ ਗਲ ਨਹੀਂ।" ਮਾਤਾ ਨੇ ਫਿਰ ਅਟਕਾਉਣ ਲਈ ਆਖਿਆ, ਪੁੱਤ ਤੇਰੇ ਸੋਹਰਿਆਂ ਦੇ ਘਰ ਵਿਆਹ ਏ। ਤੇਰੇ ਘਰ ਵਾਲੀ ਪਹਿਲਾ ਈ ਉੱਥੇ ਅਪੜੀ ਹੈ। ਤੇਰਾ ਵੀ ਉੱਥੇ ਜਾਣਾ ਬਣਦਾ ਏ। ਆਪਣੇ ਸਾਕਾਂ ਅੰਗਾਂ ਨਾਲ ਵਰਤਦੇ ਈ ਚੰਗੇ ਲਗੀਦਾ ਹੈ। ਸਾਨੂੰ ਵਿਚੇ ਟੋਕਦਿਆਂ ਆਖਣ ਲਗਾ, ਮਾਂ ਤੂੰ ਤੇ ਭੋਲੀਆਂ ਗਲਾਂ ਕਰਦੀ ਏਂ। ਇਹ ਵਿਆਹ ਉਹ ਵਿਆਹ ਨਾਲੋਂ ਕਿਤੇ ਬਹੁਤਾ ਜ਼ਰੂਰੀ ਵਿਆਹ ਹੈ? ਸ਼ਹੀਦੀਆਂ ਨਿੱਤ-ਨਿੱਤ ਮਿਲਦੀਆਂ ਨੇ। ਤਰਨ ਤਾਰਨ ਕੁਝ ਦਿਨ ਪਹਿਲਾਂ ਕਈ ਸਿੰਘ ਸ਼ਹੀਦ ਹੋਏ ਨੇ, ਉਹਨਾਂ ਦੀਆਂ ਮਾਈਆਂ ਨੇ ਬੜੇ ਹੌਂਸਲੇ ਤੇ ਜਿਗਰੇ ਰਖੇ ਨੇ। ਤੂੰ ਵੀ ਹੌਂਸਲਾ ਰੱਖਣਾ ਏ ਤੇ ਚਿੱਤ ਨਹੀਂ ਡੋਲਣ ਦੇਣਾ। ਇਸ ਤਰ੍ਹਾਂ ਮਾਂ ਨਾਲੋਂ ਬਜ਼ਿਦ ਹੋਕੇ ਭਾਈ ਗੰਗਾ ਸਿੰਘ ਘਰੋਂ ਨਿਕਲਕੇ ਸਿੰਘਾਂ ਵਿੱਚ ਸ਼ਾਮਲ ਹੋ ਗਿਆ।

ਚਾਰ ਚੁਫੇਰੇ ਪੰਥਿਕ ਪ੍ਰਚਾਰ ਨਾਲ ਖ਼ਾਸ ਕਰਕੇ ਸ਼ੇਖ਼ੂਪੁਰਾ ਤੇ ਲਾਇਲਪੁਰ ਜ਼ਿਲ੍ਹੇ

ਦੇ ਸਿੱਖਾਂ ਵਿੱਚ ਭਾਰੀ ਜੋਸ਼ ਸੀ। ਇਸ ਜੱਥੇ ਵਿੱਚ ਸ਼ਾਮਲ ਹੋਣ ਵਾਲੇ ਦੋ ਪਿਓ ਪੁੱਤਰ ਵੀ ਸਨ। ਇਹ ਪਟਿਆਲਾ ਦੇ ਜਰਗ ਪਿੰਡ ਤੋਂ ਬੜੀ ਹੁੰਮ-ਹੁੰਮਾ ਕੇ ਪੁੱਜੇ ਸਨ। ਕਹਿੰਦੇ ਹਨ ਕਿ ਭਾਈ ਕੇਹਰ ਸਿੰਘ ਜੋ ਕਿ ਫੌਜ ਦੀ ਨੌਕਰੀ ਕਰਕੇ ਆਇਆ ਸੀ। ਉਸਦਾ ਇਕਲੋਤਾ ਪੁੱਤਰ ਸੀ। ਦਰਬਾਰਾ ਸਿੰਘ ਸੀ। ਕੇਹਰ ਸਿੰਘ ਨੇ ਸ਼ਹੀਦੀ ਜੱਥੇ ਵਿੱਚ ਨਾਮ ਲਿਖਾਇਆ ਹੋਇਆ ਸੀ। ਇਸ ਲਈ ਉਸਨੇ ਤਾਂ ਧਾਰੋਵਾਲੀ ਵਾਲੇ ਜੱਥੇ ਵਿੱਚ ਮਿੱਥੀ ਤਰੀਕ ਤੇ ਪਹੁੰਚਣਾ ਹੀ ਸੀ ਪਰ ਬਾਲਕ ਜਿਸ ਦੀ ਉਮਰ ਮਸਾਂ ਬਾਰਾਂ ਕੁ ਸਾਲ ਦੀ ਸੀ, ਉਹ ਵੀ ਸ਼ਿੰਦਾ ਪੁੱਤ ਹੋਣ ਕਰਕੇ, ਨਾਲ ਹੀ ਜਾਣ ਦਾ ਖਹਿੜਾ ਕਰਨ ਲਗਾ। ਬਾਲਕ ਦਰਬਾਰਾ ਸਿੰਘ ਦੀ ਮਾਤਾ ਛੋਟੇ ਹੁੰਦਿਆਂ ਹੀ ਮਰ ਚੁੱਕੀ ਸੀ, ਇਸ ਲਈ ਉਸਨੂੰ ਪਿਤਾ ਕੇਹਰ ਸਿੰਘ ਤੇ ਦਾਦੀ ਨੇ ਪਾਲਿਆ ਸੀ। ਪਿਤਾ ਤੇ ਦਾਦੀ ਨੇ ਬਥੇਰਾ ਕਿਹਾ ਕਿ ਪੁੱਤਰ ਤੂੰ ਹਾਲੇ ਛੋਟਾ ਏਂ ਨਾ ਜਾ! ਉੱਥੇ ਤਾਂ ਗੋਲੀਆਂ ਚਲਣੀਆਂ ਨੇ, ਤੂੰ ਡਰ ਜਾਵੇਂਗਾ। ਦਰਬਾਰਾ ਸਿੰਘ ਕਹਿਣ ਲਗਾ, ਪਿਤਾ ਜੀ ਮੈਂ ਨਹੀਂ ਡਰਦਾ। ਪਿਤਾ ਨੇ ਕਿਹਾ ਪੈਂਡਾ ਬਹੁਤ ਹੈ ਤੂੰ ਥਕ ਜਾਵੇਂਗਾ। ਉਸਨੇ ਕਿਹਾ ਮੈਂ ਨਹੀਂ ਥਕਾਂਗਾ। ਮੈਂ ਤੁਹਾਡੇ ਅਗੇ ਅਗੇ ਜਾਵਾਂਗਾ। ਬਾਲਕ ਦਰਬਾਰਾ ਸਿੰਘ ਵਿੱਚ ਪਿਤਾ ਨਾਲ ਸ਼ਹੀਦ ਹੋਣ ਦੀ ਰੀਝ ਸੀ। ਪਿਤਾ ਤੇ ਦਾਦੀ ਦੇ ਸੌ ਹਾੜੇ ਪਾਉਣ ਦੇ ਬਾਵਜੂਦ ਉਹ ਪਿਤਾ ਦੀ ਉਂਗਲੀ ਫੜਕੇ ਤੁਰ ਪਿਆ। ਇਸਦੇ ਅਡੋਲ ਤੇ ਅਣਥੱਕ ਕਦਮਾਂ ਨੂੰ ਰੋਕਣਾ ਮੁਸ਼ਕਿਲ ਸੀ। ਅਜਿਹੇ ਪਿਉ ਪੁੱਤਰ ਦੇ ਜੱਥੇ ਵਿੱਚ ਸ਼ਾਮਿਲ ਹੋਣ ਨਾਲ, ਇਕ ਹੋਰ ਉਤਸ਼ਾਹ ਤੇ ਹੁਲਾਰਾ ਆ ਗਿਆ ਸੀ।

ਇਕ ਦਿਨ ਟਹਿਲ ਸਿੰਘ ਨੂੰ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਨੇ ਬੁਲਾਇਆ ਤਾਂ ਕਿ ਸ਼ਹੀਦੀ ਜੱਥੇ ਬਾਰੇ ਕੀਤੀ ਭਰਤੀ ਬਾਰੇ ਦਰਿਆਫਤ ਕੀਤਾ ਜਾਵੇ। ਭਾਈ ਟਹਿਲ ਸਿੰਘ ਨੇ ਧਾਰੋਵਾਰਲੀ ਪਿੰਡ ਪਹੁੰਚ ਕੇ ਆਪਣੇ ਜਥੇਦਾਰ ਨੂੰ ਫਤਹਿ ਬੁਲਾਈ ਤੇ ਆਪਣੇ ਵਲੋਂ ਤਿਆਰ ਕੀਤੀ ਲਿਸਟ ਉਸਦੇ ਅੱਗੇ ਰੱਖੀ। ਟਹਿਲ ਸਿੰਘ ਨੇ ਆਖਿਆ, ਇਸ ਲਿਸਟ ਵਿੱਚ 25 ਬੰਦੇ ਉਹ ਹਨ, ਜੋ ਸਾਡੇ ਨਿਜ਼ਾਮਪੁਰਿਆਂ ਦੇ ਹਨ। ਇਹਨਾਂ ਵਿਚੋਂ ਕੋਈ ਕਿਰਨ ਵਾਲਾ ਨਹੀਂ। ਇਹ ਸਾਰੇ ਇਕ ਤੋਂ ਵਧਕੇ ਸ਼ਹੀਦੀਆਂ ਪਾਉਣ ਲਈ ਤਿਆਰ ਹਨ। ਇਹਨਾਂ ਉਪਰ ਮੈਂ ਰਾਤ ਦਿਨ ਲਾਕੇ, ਇਹਨਾਂ ਨੂੰ ਪੰਥ ਦੀ ਝੋਲੀ ਵਿੱਚ ਪਾਇਆ ਹੈ। ਬਾਕੀ ਹੋਰ ਵੀ 30 ਕੁ ਨਾਮ ਹਨ, ਜਿਹੜੇ ਮੈਂ ਬੋਹੜੂ, ਥੋਥੀਆਂ, ਵਨੋਟਿਆਂ ਵਾਲੀ, ਕੋਟਲਾ ਕਾਹਲਵਾਂ, ਮਾਨਾਂਵਾਲਾ ਤੇ ਸ਼ਾਹਕੋਟ ਜਾਕੇ ਭਰਤੀ ਕੀਤੇ ਹਨ। ਇਹ ਸਾਰੇ ਸਿੰਘ ਚੜ੍ਹਦੀਆਂ ਕਲਾਂ ਵਾਲੇ ਹਨ ਤੇ ਪੰਥ ਦੇ ਸੱਦੇ ਤੇ ਸ਼ਹੀਦੀਆਂ ਪਾਉਣ ਲਈ ਤਿਆਰ ਹਨ। ਇਹਨਾਂ ਤੋਂ ਇਲਾਵਾ 13 ਕੁ ਨਾਮ ਅਜਿਹੇ ਹਨ, ਜਿੰਨਾਂ ਦੇ ਘਰਵਾਲੇ ਰੋਲਾ ਪਾਈ ਬੈਠੇ ਹਨ। ਪਰ ਇਹਨਾਂ ਸਿੰਘਾਂ ਨੇ ਮੇਰੇ ਨਾਲ ਵਾਅਦਾ ਕੀਤਾ ਹੈ ਕਿ ਉਹ ਸਿੱਧੇ ਚੰਦਰਕੋਟੇ ਦੀ ਝਾਲ ਤੇ ਹੀ 19-20 ਫ਼ਰਵਰੀ ਦੀ ਰਾਤ ਨੂੰ ਮਿਲਣਗੇ। ਹਾਲੇ ਕਲ ਹੀ ਇਹਨਾਂ ਨਾਲ ਮੁਲਾਕਾਤ ਹੋਈ ਸੀ। ਟਹਿਲ ਸਿੰਘ ਦੀ ਤਿਆਰੀ ਤੇ ਜਥੇਦਾਰ ਧਾਰੋਵਾਲੀ

ਬਹੁਤ ਨਿਹਾਲ ਹੋਇਆ ਤੇ ਦੋਹਵਾਂ ਜਥੇਦਾਰ ਝੱਬਰ ਨਾਲ ਅੰਤਿਮ ਸਲਾਹ ਕਰਨ ਲਈ ਖਰੇ ਸੌਦੇ ਤੁਰ ਪਏ। ਇਹਨਾਂ ਨਾਲ ਸ਼ਹੀਦੀ ਵਾਲੇ ਚੋਣਵੇਂ ਸਿੰਘਾਂ ਦਾ ਜੱਥਾ ਵੀ ਸੀ। ਇਹਨਾਂ ਸਿੰਘਾਂ ਵਿਚੋਂ ਅੱਧੇ ਕੁ ਸ਼ਹੀਦੀ ਜਥੇ ਵਿੱਚ ਪਹਿਲਾਂ ਹੀ ਨਾਮ ਲਿਖ ਚੁੱਕੇ ਸਨ। ਜਥੇਦਾਰ ਕਰਤਾਰ ਸਿੰਘ ਝੱਬਰ ਨੇ, ਇਲਾਕੇ ਦੇ ਬਾਕੀ ਸਿਰ ਕੱਢ ਅਕਾਲੀਆਂ ਨਾਲ ਇਕ ਤਤਕਾਲੀਨ ਤੇ ਵਿਸ਼ੇਸ਼ ਸਲਾਹ ਮਸ਼ਵਰੇ ਲਈ ਖਰੇ ਸੌਦੇ ਗੁਰੂਦੁਆਰਾ ਸਾਹਿਬ ਬੁਲਾਇਆ ਸੀ।

ਮੱਸਿਆ—ਸੱਚੇ ਸੌਦੇ ਦੀ

ਇਹ ਮੇਲਾ 1977 ਬਿਕ੍ਰਮੀ ਨੂੰ ਮਾਘ ਦੀ 28 ਤਾਰੀਖ਼ ਨੂੰ ਸੀ। ਗੁਰਦੁਆਰਾ ਸੱਚਾ ਸੌਚਾ (ਖਰਾ ਸੌਧਾ) ਸਿੱਖਾਂ ਲਈ ਇਕ ਪਾਕ-ਪਵਿੱਤਰ ਸਥਾਨ ਸੀ। ਇਸ ਮੇਲੇ ਵਿੱਚ ਬਾਕੀ ਆਗੂਆਂ ਵਾਂਗ ਜਥੇਦਾਰ ਟਹਿਲ ਸਿੰਘ ਨੂੰ ਵੀ ਸੱਦਿਆ ਗਿਆ ਸੀ। ਉਹ ਇਕ ਵਧੀਆ ਪ੍ਰਬੰਧਕ ਸੀ। ਪੂਰੀ ਭਜ ਦੌੜ ਕਰਕੇ ਸੰਗਤਾਂ ਇਕੱਠੀਆਂ ਕਰ ਸਕਦਾ ਸੀ। ਉਹ ਭਾਈ ਲਛਮਣ ਸਿੰਘ, ਭਾਈ ਮੂਲ ਸਿੰਘ ਤੇ ਭਾਈ ਦਲੀਪ ਸਿੰਘ ਨਾਲ ਖਰੇ ਸੌਦੇ ਬਾਕੀ ਸਿੰਘਾਂ ਨਾਲ ਉਥੇ ਜੈਕਾਰੇ ਬੁਲਾਉਂਦਾ ਪਹੁੰਚਿਆ। ਇਸ ਇਲਾਕੇ ਵਿੱਚ ਕਰਤਾਰ ਸਿੰਘ ਝੱਬਰ ਦੇ ਇਲਾਕੇ ਦੇ ਬਹੁਤ ਸਾਰੇ ਵਿਰਕ ਵੀ ਆਏ ਹੋਏ ਸਨ। ਇਸ ਜੱਥੇ ਦੇ ਸਿੰਘਾਂ ਦੀ ਗਿਣਤੀ 100 ਦੇ ਕਰੀਬ ਸੀ। ਇਸ ਮੇਲੇ ਵਿੱਚ ਨਨਕਾਣਾ ਸਾਹਿਬ ਵਿਖੇ 3-4-5 ਮਾਰਚ 1921 ਨੂੰ ਹੋਣ ਵਾਲੀ ਪ੍ਰਸਤਾਵਤ ਕਾਨਫਰੰਸ ਲਈ ਲੰਗਦਾ ਪ੍ਰਬੰਧ ਕਰਨ ਲਈ ਮੇਲ ਇਕੱਠੀ ਕਰਨ ਦਾ ਪ੍ਰੋਗਰਾਮ ਬਣਾਇਆ। ਕਈਆਂ ਨੇ ਪੰਜਾਹ, ਕਈਆਂ ਨੇ 100 ਰੁਪੈ, ਕਈਆਂ ਨੇ 501 ਰੁਪੈ ਪਰ ਜਥੇਦਾਰ ਟਹਿਲ ਸਿੰਘ ਨੇ 4000 ਰੁਪੈ ਲੰਗਰ ਲਈ ਦੇਣ ਦਾ ਐਲਾਨ ਕੀਤਾ।

ਇਸਤੋਂ ਬਾਅਦ ਮਹੰਤ ਨਰਾਇਣ ਦਾਸ ਦੀਆਂ ਵਧੀਕੀਆਂ ਤੇ ਬਦਤਮੀਜੀਆਂ ਬਾਰੇ ਚਰਚਾ ਹੋਣ ਲਗੀ। ਸਭ ਤੋਂ ਪਹਿਲਾਂ ਕਰਤਾਰ ਸਿੰਘ ਝੱਬਰ ਨੇ ਸਟੇਜ ਤੇ ਆਕੇ ਆਖਿਆ , ਮੇਰੇ ਸਿੱਖ ਭਰਾਓ ! ਇਹ ਗਲ ਤੁਸਾਂ ਠੀਕ ਆਖੀ ਹੈ ਕਿ ਸਿਰ ਵਾਰਿਆ ਸਾਡੇ ਗੁਰਦੁਆਰੇ ਅਜ਼ਾਦ ਨਹੀਂ ਹੋਣੇ ਅਤੇ ਇਹ ਇਕੱਠ ਇਸ ਦੀ ਪਰਖ ਦੀ ਘੜੀ ਹੈ। ਪਰਖ ਲਈ ਕਮਰੱਸੇ ਕੱਸ ਲਓ ਅਤੇ ਸ਼ਹੀਦੀਆਂ ਪਾਉਣ ਲਈ ਪੰਜ ਸਿੰਘ ਮੇਰੇ ਸਾਹਮਣੇ ਹਾਜ਼ਿਰ ਹੋ ਜਾਵੋ। ਜਿੰਨਾਂ ਦੀ ਦਿੱਲੀ ਰੀਝ ਹੈ ਕਿ ਉਹਨਾਂ ਆਪਣੇ ਪਵਿੱਤਰ ਗੁਰਦੁਆਰੇ ਅਜ਼ਾਦ ਕਰਾਉਣੇ ਹਨ, ਉਹ ਪੰਜ ਜਾਣੇ ਮੇਰੇ ਸਾਹਮਣੇ ਹਾਜ਼ਿਰ ਹੋਵੋ। ਟਹਿਲ ਸਿੰਘ ਨੇ ਸਭ ਤੋਂ ਪਹਿਲਾਂ ਉਠਕੇ ਆਖਿਆ। ਸਭ ਤੋਂ ਪਹਿਲਾਂ ਮੇਰਾ ਨਾਮ ਲਿਖੋ। ਉਸਦਾ ਨਾਮ ਲਿਖਿਆ ਗਿਆ ਤੇ ਬਾਕੀ ਚਾਰ ਜਾਣੇ ਬਾਅਦ ਵਿੱਚ ਉਸਦੇ ਲਾਗੇ ਖਲੋ ਗਏ। ਇਹਨਾਂ ਦਿਨ੍ਹਾਂ ਵਿੱਚ ਭਾਈ ਟਹਿਲ ਸਿੰਘ ਅਕਸਰ ਸੰਗਤ ਨੂੰ ਆਖਿਆ ਕਰਦੇ ਸਨ, ਜਿੰਨਾ ਚਿਰ ਇਹ ਗਰਦਣ ਧੜ ਨਾਲੋਂ ਵੱਖ ਲਹੀਂ ਹੁੰਦੀ, ਗੁਰਧਾਮ ਹਰਗਿਜ਼ ਅਜ਼ਾਦ ਨਹੀਂ ਕਰਵਾਏ ਜਾ ਸਕਦੇ। ਅਜ਼ਾਦੀ ਲਈ ਸ਼ਹੀਦ ਹੋਣਾ ਸਰਾਸਰ ਲਾਜ਼ਮੀ ਹੈ। ਇਹਨੀ ਦਿਨੀਂ ਕੁਝ ਸਿੱਖ ਭਾਈ ਟਹਿਲ ਸਿੰਘ ਕੋਲੋਂ ਕੰਨੀਂ ਕਤਰਾਉਣ ਲੱਗੇ। ਉਹ ਬਹੁਤ ਜੋਸ਼ੀਲਾ ਸੀ। ਉਹਨਾਂ ਨੂੰ ਖਦਸ਼ਾ ਸੀ ਕਿ ਉਹ ਕਿਧਰੇ ਉਹਨਾਂ ਦਾ ਨਾਮ ਸ਼ਹੀਦੀ ਜਥੇ ਲਈ ਨਾ ਲਿਖ ਲੈਣ। ਬਾਕੀ ਅਜਿਹੇ ਵੀ

ਬਥੇਰੇ ਸਨ ਜਿਹੜੇ ਟਹਿਲ ਸਿੰਘ ਦੇ ਕਹਿਣੇ ਪਰ ਜਾਨ ਹਥੇਲੀ ਪਰ ਲਈ ਫਿਰਦੇ ਸਨ। ਕਾਲੀਆਂ ਭੇਡਾਂ ਤਾਂ ਹਰ ਕੌਮ ਵਿੱਚ ਹੁੰਦੀਆਂ ਹਨ। ਇਸ ਤਰ੍ਹਾਂ ਸਿੱਖਾਂ ਵਿੱਚ ਵੀ ਗ਼ਦਾਰਾਂ, ਮੁਖਬਰਾਂ ਤੇ ਸ਼ਿਕਾਇਤੀਆਂ ਦੀ ਕੋਈ ਘਾਟ ਨਹੀਂ। ਪਰ ਮਰਜੀਵੜਿਆਂ ਦੀ ਵੀ ਕੋਈ ਘਾਟ ਨਹੀਂ। ਲੋਕਾਂ ਨੂੰ ਆਪਣੇ ਸ਼ਾਨਦਾਰ ਇਤਿਹਾਸ ਤੋਂ ਜਾਣੂ ਕਰਵਾਉਣ ਦੀ ਜ਼ਰੂਰਤ ਸੀ। ਅਨਪੜ੍ਹਤਾ ਤੇ ਗ਼ਰੀਬੀ ਨੇ ਉਹਨਾਂ ਦੀ ਮਤ ਮਾਰੀ ਹੋਈ ਸੀ ਗ਼ੁਲਾਮੀ ਨੇ ਉਹਨਾਂ ਦੇ ਤਰੱਕੀ ਦੇ ਸਾਰੇ ਰਸਤੇ ਬੰਦ ਕਰ ਦਿੱਤੇ ਸਨ। ਉਦਾਸੀ, ਨਿਰਮਲੇ ਤੇ ਹਿੰਦੂ ਉਹਨਾਂ ਦੇ ਧਾਰਮਿਕ ਆਗੂ ਸਨ। ਇਹ ਲੋਕ ਇਕ ਸਾਜਿਜ਼ ਤਹਿਤ ਸਿੱਖ ਧਰਮ ਦਾ ਮੂੰਹ ਮੁਹਾਂਦਰਾ ਵਗਾੜ ਰਹੇ ਸਨ। ਇਹਨਾਂ ਦੇ ਪ੍ਰਚਾਰ ਨਾਲ ਲੋਕਾਂ ਵਿਚੋਂ ਸਿੱਖੀ ਸਪਿਰਟ ਗਾਇਬ ਹੋ ਰਹੀ ਸੀ। ਇਸ ਦੀ ਬਹੁਤ ਘਟ ਲੋਕਾਂ ਹੈ ਚਿੰਤਾ ਸੀ। ਜਥੇਦਾਰ ਟਹਿਲ ਸਿੰਘ ਇਸ ਚਿੰਤਾ ਨਾਲ ਇਲਾਕੇ ਵਿੱਚ ਚਾਰ ਚੁਫੇਰੇ ਭਜਾ ਫਿਰਦਾ ਸੀ। ਉਸਨੂੰ ਕਿਸੇ ਕਾਨਫਰੰਸ ਜਾਂ ਇਕਤਰਤਾ ਦਾ ਸੱਦਾ ਜਾਂ ਇਸ਼ਤਿਹਾਰ ਮਿਲਦਾ ਤਾਂ ਉਹ ਉਚੇਚਾ। ਉਥੇ ਜਾ ਕੇ ਆਪਣੀ ਹਾਜ਼ਰੀ ਲਾਉਂਦਾ। ਆਪਣੇ ਵਿਚਾਰਾਂ ਨਾਲ ਸੰਗਤ ਨੂੰ ਸੁਚੇਤ ਕਰਦਾ। ਉਸ ਲਈ ਹੁਣ ਘਰ ਬੈਠਣਾ ਮੁਹਾਲ ਹੋ ਰਿਹਾ ਸੀ ਤੇ ਉਸਦੀ ਸਿੰਘਣੀ ਕਈ ਵਾਰ ਨਰਾਜ਼ ਹੋਕੇ ਪੇਕੇ ਚਲੀ ਜਾਂਦੀ ਸੀ। ਸ਼ਾਦੀ ਦੇ ਕਾਫੀ ਸਾਲ ਬਾਅਦ ਵੀ ਉਸਦੇ ਕੋਈ ਔਲਾਦ ਨਾ ਹੋਈ। ਉਸਦੀ ਸਰਦਾਰਨੀ ਨੇ ਆਪਣੇ ਤੌਰ ਤੇ ਕਈ ਸੰਤਾਂ ਮਹੰਤਾਂ ਦੇ ਹਾਜ਼ਰੀ ਭਰੀ ਪਰ ਉਸਨੂੰ ਕਿਧਰੋਂ ਵੀ ਔਲਾਦ ਦੀ ਖ਼ੈਰ ਨਾ ਪਈ। ਜਥੇਦਾਰ ਆਪਣੀ ਸਰਦਾਰਨੀ ਦੇ ਸਾਧਾਂ ਸੰਤਾਂ ਕੋਲ ਜਾਣ ਦੇ ਵਿਰੁੱਧ ਸੀ, ਇਸ ਲਈ ਉਸਨੂੰ ਸੱਸ ਜਾਂ ਦਰਾਣੀਆਂ ਨਾਲ ਉਥੇ ਜਾਣਾ ਪੈਂਦਾ ਸੀ। ਜਥੇਦਾਰ ਦਾ ਵਿਚਾਰ ਸੀ ਕਿ ਔਲਾਦ ਤਾਂ ਮਹਾਰਾਜ ਦੀ ਬੰਦੇ ਨੂੰ ਬਖ਼ਸ਼ਿਸ਼ ਹੁੰਦੀ ਹੈ। ਜੇਕਰ ਉਸਦੀ ਨਜ਼ਰ ਸਵੱਲੀ ਹੋਵੇ ਤਾਂ ਸਭ ਕੁਝ ਝੋਲੀ ਵਿੱਚ ਪੈ ਜਾਂਦਾ ਹੈ। ਓੜ ਪੋੜ ਕਰਨ ਦਾ ਕੋਈ ਫਾਇਦਾ ਨਹੀਂ। ਇਸ ਤੋਂ ਬਾਅਦ ਉਹਨਾਂ ਦੀ ਸਰਦਾਰਨੀ ਨੇ ਅਕਾਲ ਪੁਰਖ ਦੇ ਭਾਣੇ ਨੂੰ ਮਿਠਾ ਮੰਨਦਿਆਂ ਪੀਰਾਂ ਫਕੀਰਾਂ ਕੋਲੋ ਜਾਣਾ ਬੰਦ ਕਰ ਦਿੱਤਾ।

ਮਹੰਤਾਂ ਦੀ ਵਧ ਰਹੀ ਦੁਸ਼ਟਤਾ

ਮਹਾਰਾਜਾ ਰਣਜੀਤ ਸਿੰਘ ਵੇਲੇ ਵੀ ਸਿੱਖਾਂ ਦੇ ਇਤਿਹਾਸਕ ਗੁਰਦੁਆਰੇ ਨਿਰਮਲੇ, ਉਦਾਸ ਮਹੰਤਾਂ ਤੇ ਹਿੰਦੂ ਪੰਡਤਾਂ ਕੋਲ ਸਨ। ਸਿੱਖ ਮਿਸਲਾਂ ਵੇਲੇ ਤੇ ਇਸ ਤੋਂ ਪਹਿਲਾਂ, ਖ਼ਾਸ ਕਰਕੇ ਬੰਦਾ ਸਿੰਘ ਬਹਾਦਰ ਪਿਛੋਂ ਸਿੱਖਾਂ ਉੱਪਰ ਭਾਰੀ ਮੁਸੀਬਤ ਆਣ ਪਈ ਸੀ। ਉਹਨਾਂ ਨੂੰ ਆਪਣੇ ਘਰ ਘਾਟ ਸਮੇਤ ਜੰਗਲਾਂ ਤੇ ਪਹਾੜਾਂ ਵਿੱਚ ਪਨਾਹ ਲੈਣੀ ਪਈ। ਉਹ ਮਾਰਿਆ-ਮਾਰਿਆ ਫਿਰਨ ਲਗੇ। ਵੇਲੇ ਦੀ ਹਕੂਮਤ ਨੇ ਉਹਨਾਂ ਦੇ ਸਿਰਾਂ ਦਾ ਮੁੱਲ ਪਾਕੇ ਉਹਨਾਂ ਲਈ ਜੀਣਾ ਮੁਹਾਲ ਕਰ ਦਿੱਤਾ। ਉਸ ਵੇਲੇ ਉਹਨਾਂ ਦੇ ਮੁਕੱਦਸ ਗੁਰਧਾਮਾਂ ਉਪਰ ਉਦਾਸੀ ਤੇ ਨਿਰਮਲੇ ਮਹੰਤ ਕਾਬਜ਼ ਹੋ ਗਏ। ਪਹਿਲਾਂ ਪਹਿਲ ਉਹ ਚੰਗੇ ਤੇ ਨੇਕ ਚਲਨੀ ਵਾਲੇ ਸਨ ਪਰ ਜਦੋਂ ਉਹਨਾਂ ਉਪਰ ਕੋਈ ਕੁੰਡਾ ਨਾ ਰਿਹਾ ਤਾਂ ਉਹ ਮਨਮਰਜੀਆਂ ਕਰਨ ਲਗੇ। ਖ਼ਾਸ ਕਰਕੇ ਅੰਗਰੇਜ਼ਾਂ ਦੇ ਰਾਜ ਵਿੱਚ ਤਾਂ ਮਹੰਤਾਂ ਨੂੰ ਸਰਕਾਰੀ ਸ਼ਹਿ ਮਿਲ ਗਈ। ਇਹ ਮਹੰਤ ਬਹੁਤ ਚੁਸਤ ਚਲਾਕ ਸਨ। ਇਹ ਵੇਲੇ ਦੇ ਹਾਕਮਾਂ ਤੇ ਉੱਚ ਅਫ਼ਸਰਾਂ ਨੂੰ ਹਰ ਸਾਲ ਮੇਲੇ ਤਿਉਹਾਰ ਤੇ ਕੀਮਤੀ ਤੋਹਫ਼ੇ ਭੇਟ ਕਰਕੇ ਉਹਨਾਂ ਦੀ ਹਮਾਇਤ ਹਾਸਿਲ ਕਰ ਲੈਂਦੇ ਸਨ।

ਸ੍ਰੀ ਗੁਰੂ ਨਾਨਕ ਸਾਹਿਬ ਦੇ ਜਨਮ ਅਸਥਾਨ ਉਪਰ ਵੀਹਵੀਂ ਸਦੀ ਦੇ ਸ਼ੁਰੂ ਵਿੱਚ ਪਹਿਲਾਂ ਮਹੰਤ ਸਾਧੂ ਰਾਮ ਦਾ ਕਬਜ਼ਾ ਸੀ। ਇਹ ਮਹੰਤ ਬਹੁਤ ਦੁਰਾਚਾਰ ਸੀ। ਇਸ ਵਿੱਚ ਭ੍ਰਿਸ਼ਟ ਤੇ ਦੁਸ਼ਟ ਲੋਕਾਂ ਵਾਲੇ ਸਾਰੇ ਔਗੁਣ ਸਨ। ਇਸ ਮਹੰਤ ਨੇ ਸ਼ਰਾਬ ਪੀਣੀ ਤੇ ਵਿਭਚਾਰ ਕਰਨਾ ਸ਼ੁਰੂ ਕਰ ਦਿੱਤਾ ਸੀ। ਇਹ ਮੁਜ਼ਰੇ ਕਰਾਉਣ ਦਾ ਸ਼ੌਕੀਨ ਸੀ। ਅਖ਼ੀਰ ਇਹ ਮਹੰਤ ਆਪਣੇ ਆਲਮੀ ਤੇ ਐਸ਼ਪ੍ਰਸਤੀ ਦੇ ਜੀਵਨ ਕਾਰਨ ਇਕ ਗੁਪਤ ਬਿਮਾਰੀ ਦਾ ਸ਼ਿਕਾਰ ਹੋ ਗਿਆ ਤੇ ਬੜੇ ਤਸੀਹੇ ਤੇ ਤਕਲੀਫ ਉਪਰੰਤ ਚਲਾਣਾ ਕਰ ਗਿਆ। ਉਸ ਤੋਂ ਬਾਅਦ ਇਸ ਪਵਿੱਤਰ ਅਸਥਾਨ ਦਾ ਮਹੰਤ ਕਿਸ਼ਨ ਦਾਸ ਬਣਿਆ। ਇਸਦੀ ਵੀ ਸ਼ਕਲ ਸੂਰਤ ਸਿੱਖਾਂ ਵਾਲੀ ਸੀ ਪਰ ਕਰਤੂਤ ਕਾਫਰਾਂ ਵਾਲੀ ਸੀ। ਉਸਦੇ ਇਕ ਵਿਧਵਾ ਔਰਤ ਨਾਲ ਨਜਾਇਜ਼ ਸੰਬੰਧ ਸਨ। ਉਸਤੋਂ ਇਕ ਲੜਕਾ ਵੀ ਪੈਦਾ ਹੋਇਆ। ਇਸਦੀ ਇਲਾਕੇ ਵਿੱਚ ਬਹੁਤ ਚਰਚਾ ਹੋਈ ਸੀ। ਇਸ ਮਹੰਤ ਵਿਰੁੱਧ ਲੋਕਾਂ ਨੂੰ ਇਹ ਵੀ ਸਿਕਾਇਤ ਸੀ ਕਿ ਉਸਨੇ ਗੁਰਦੁਆਰੇ ਦੀ ਹਦੂਦ ਵਿੱਚ ਕੰਜ਼ਰੀਆਂ ਨਚਾਈਆਂ ਸਨ। ਇਹ ਵੀ ਗਲ ਵਰਨਣਯੋਗ ਹੈ ਕਿ ਇਹ ਮਹੰਤ ਵੀ ਪਹਿਲੇ ਮਹੰਤ ਵਾਂਗ ਇਕ ਅਸਾਧ ਗੁਪਤ ਰੋਗ ਨਾਲ ਮਰਿਆ ਸੀ। ਕਿਸ਼ਨ ਦਾਸ ਬਹੁਤਾ ਕਰਕੇ ਲਾਹੌਰ ਹੀ ਰਹਿੰਦਾ ਸੀ ਤੇ ਨਨਕਾਣੇ ਮਹੀਨੇ ਵਿੱਚ ਇਕ

ਦੋ ਵਾਰ ਹੀ ਆਉਂਦਾ ਸੀ। ਪਿਛੋਂ ਸਾਰਾ ਪ੍ਰਬੰਧ ਉਸਦੇ ਮੁਲਾਜ਼ਮ ਤੇ ਸਾਧੂ ਸੰਤ ਕਰਦੇ ਸਨ।

ਕਿਸ਼ਨ ਦਾਸ ਦੀ ਬਿਮਾਰੀ ਦੀ ਖ਼ਬਰ ਸੁਣ ਕੇ ਉਸਦਾ ਚੇਲਾ ਨਰਾਇਣ ਦਾਸ ਲਾਹੌਰ ਉਸਦਾ ਹਾਲ-ਚਾਲ ਪੁਛਣ ਆਇਆ। ਉਹ ਕੁਝ ਦਿਨ ਉੱਥੇ ਠਹਿਰਿਆ ਤੇ ਜਦੋਂ ਮਹੰਤ ਬੇਹੋਸ਼ ਹੋਣ ਲਗਾ ਤਾਂ ਬੜੀ ਹੋਸ਼ਿਆਰੀ ਨਾਲ ਉਸਦੀ ਜੇਬ੍ਹ ਵਿਚੋਂ ਸ੍ਰੀ ਨਨਕਾਣਾ ਸਾਹਿਬ ਗੁਰਦੁਆਰੇ ਦੀਆਂ ਚਾਬੀਆਂ ਕੱਢ ਲਿਆਇਆ। ਉਸਨੇ ਨਨਕਾਣੇ ਆਕੇ ਕਿਸ਼ਨ ਦਾਸ ਦੇ ਚਲਾਣੇ ਤੋਂ ਪਹਿਲਾਂ ਹੀ ਆਪਣੇ ਆਪ ਨੂੰ ਉਸਦਾ ਜਾਨਸ਼ੀਨ ਹੋਣ ਦਾ ਐਲਾਨ ਕਰ ਦਿੱਤਾ। ਗੁਰਦੁਆਰੇ ਦੀ ਗੋਲਕ ਨਾਲ ਉਸਨੇ ਮੁਕਾਮੀ ਪੁਲੀਸ ਅਫ਼ਸਰਾਂ ਤੇ ਹੋਰ ਸਰ ਕਰਦਾ ਅਫ਼ਸਰਾਂ ਨੂੰ ਨਾਲ ਗੰਢ ਲਿਆ। ਜਦੋਂ ਕਿਸ਼ਨ ਦਾਸ ਨੇ ਨਰਾਇਣ ਦਾਸ ਦੀ ਇਹ ਕਰਤੂਤ ਸੁਣੀ ਤਾਂ ਉਹ ਤੱਬਕੇ ਨਾਲ ਹੀ ਮਰ ਗਿਆ। ਉਹ ਆਪਣੇ ਗੁਰੂ ਦੇ ਸਸਕਾਰ ਤੇ ਵੀ ਬੜੇ ਅਦਬ ਤੇ ਹਲੀਮੀ ਨਾਲ ਗਿਆ ਤੇ ਸੰਗਤਾਂ ਦੇ ਇਕੱਠ ਵਿੱਚ ਉਸਨੇ ਸ਼ਰੇਆਮ ਐਲਾਨ ਕੀਤਾ ਕਿ ਉਹ ਪਹਿਲੇ ਮਹੰਤ ਵਰਗੀਆਂ ਹਰਕਤਾਂ ਤੋਂ ਗੁਰੇਜ਼ ਕਰੇਗਾ ਤੇ ਸੰਗਤਾਂ ਦੀ ਮੁਕੰਮਲ ਸਹਿਮਤੀ ਨਾਲ ਗੁਰਦੁਆਰਾ ਸਾਹਿਬ ਦਾ ਇੰਤਜਾਮ ਕਰਾਂਗਾ।

ਕੁਝ ਸਮਾਂ ਤਾਂ ਉਹ ਬੰਦੇ ਦਾ ਪੁੱਤ ਬਣਿਆ ਰਿਹਾ ਪਰ ਪੈਸੇ ਤੇ ਤਾਕਤ ਨੇ ਉਸਦੀ ਵੀ ਮੱਤ ਮਾਰ ਛੱਡੀ ਸੀ। ਇਸ ਦਾ ਇਕ ਕਾਰਨ ਇਹ ਵੀ ਸੀ ਵਕਤ ਦੀ ਹਕੂਮਤ ਮਹੰਤ ਦੇ ਅੰਦਰੂਨੀ ਇੰਤਜ਼ਾਮ ਵਿੱਚ ਬਿਲਕੁਲ ਦਖ਼ਲ ਨਹੀਂ ਦਿੰਦੀ ਸੀ ਤੇ ਉਸਦੀ ਹਰ ਜਾਇਜ਼ ਨਜਾਇਜ਼ ਹਰਕਤ ਉਪਰ ਸਰਕਾਰੀ ਮੋਹਰੀ ਲਾਉਂਦੀ ਸੀ। ਉਸ ਕੋਲ ਅਜਿਹੇ ਆਰਥਿਕ ਸਾਧਨ ਸਨ ਜਿਹਨਾ ਸਦਕਾ ਉਹ ਆਪਣੇ ਐਬ ਅਸਾਨੀ ਨਾਲ ਲੁਕਾ ਲੈਂਦਾ ਸੀ। ਅੰਗਰੇਜ਼ ਸਰਕਾਰ ਉਸ ਨਾਲ ਮਿਲਕੇ ਸਿੱਖ ਧਰਮ ਦੇ ਇਸ ਮੋਢੀ ਅਸਥਾਨ ਨੂੰ ਬਦਨਾਮ ਕਰਨਾ ਚਾਹੁੰਦੀ ਸੀ। ਇਸ ਲਈ ਇਸ ਮਹੰਤ ਨੇ ਕੁਝ ਮਹੀਨਿਆਂ ਬਾਅਦ ਕਿਸ਼ਨ ਦਾਸ ਵਾਲੇ ਚਾਲੇ ਫੜ ਲਏ। ਉਸਨੇ ਇਕ ਮੁਸਲਮਾਨ ਔਰਤ ਨਾਲ ਸ਼ਾਦੀ ਕਰ ਲਈ, ਜਦੋਂ ਮਹੰਤਾਂ ਲਈ ਸ਼ਾਦੀ ਕਰਨੀ ਵਿਵਰਜਤ ਸੀ। ਇਸ ਔਰਤ ਦੇ ਪੇਟੋਂ ਦੋ ਲੜਕੇ ਤੇ ਦੋ ਲੜਕੀਆਂ ਪੈਦਾ ਹੋਈਆਂ, ਜਿਹੜੀਆਂ ਲਾਹੌਰ ਦੀ ਰਾਮਗਲੀ ਵਿੱਚ ਰਹਿੰਦੀ ਸੀ। ਨਰਾਇਣ ਦਾਸ ਅਕਸਰ ਇਸ ਔਰਤ ਨੂੰ ਮਿਲਣ ਆਇਆ ਰਹਿੰਦਾ ਸੀ। ਇਸ ਔਰਤ ਨੂੰ ਨਰਾਇਣ ਦਾਸ ਨੇ ਨਨਕਾਣੇ ਵਿੱਚ ਇਕ ਘਰ ਬਣਾਕੇ ਦਿੱਤਾ, ਜਿਥੇ ਉਹ ਕਦੀ ਕਦਾਈਂ ਮਹੰਤ ਨਾਲ ਆਉਂਦੀ ਜਾਂਦੀ ਸੀ। ਮਹੰਤ ਦਾ ਦਿਮਾਗ ਹੋਰ ਖ਼ਰਾਬ ਹੋਣ ਲਗਾ ਕਿਉਂਕਿ ਵੇਲੇ ਦੀ ਹਕੂਮਤ ਤੇ ਸਭੇ ਮਹੰਤ ਤੇ ਖ਼ਾਸ ਕਰਕੇ ਬੇਦੀ ਕਰਤਾਰ ਸਿੰਘ ਵਰਗੇ ਜਗੀਰਦਾਰ ਵੀ ਉਸਦੀ ਖੁਲ੍ਹੀ ਹਮਾਇਤ ਕਰਦੇ ਸਨ। ਮਹੰਤ ਨੇ ਗੁਰਦੁਆਰੇ ਦੀ ਪ੍ਰਕਰਮਾਂ ਵਿੱਚ ਇਕ ਰਾਮ ਮੁਜ਼ਰਾ ਕਰਵਾਇਆ।

ਸਿੱਖ ਜਗਤ ਵਿੱਚ ਇਸ ਕੁਕਰਮ ਦੀ ਘੋਰ ਨਿੰਦਾ ਹੋਈ। ਵੱਖ-ਵੱਖ ਸਿੰਘ

ਸਭਾਵਾਂ ਨੇ ਮੱਤੇ ਪਾਸ ਕਰਕੇ ਸ਼੍ਰੋਮਣੀ ਕਮੇਟੀ ਕੋਲ ਭੇਜੇ। ਪਰ ਸ਼੍ਰੋਮਣੀ ਕਮੇਟੀ ਨੂੰ ਮਹੰਤ ਬਿਲਕੁਲ ਮਾਨਤਾ ਨਹੀਂ ਦਿੰਦਾ ਸੀ। ਉਸਨੇ ਸਭ ਸ਼ਿਕਾਇਤਾਂ ਨੂੰ ਪਾੜ ਕੇ ਸੁਟ ਦਿੱਤਾ। ਅਗਲੇ ਸਾਲ ਇਕ ਸਿੰਧੀ ਪਰਿਵਾਰ ਬੜੀ ਸ਼ਰਧਾ ਨਾਲ ਜਨਮ ਅਸਥਾਨ ਵਾਲੇ ਗੁਰਦੁਆਰੇ ਦੇ ਦਰਸ਼ਨ ਕਰਨ, ਨਨਕਾਣੇ ਪੁਜਾ। ਰਾਤ ਵੇਲੇ ਸਿੰਧੀ ਦੀ ਇਕ ਮੁਟਿਆਰ ਬੇਟੀ ਨਾਲ, ਮਹੰਤ ਦੇ ਬੰਦਿਆਂ ਨੇ ਬਲਾਤਕਾਰ ਕੀਤਾ। ਜਦੋਂ ਇਸ ਬੱਜ਼ਰ ਕੁਕਰਮ ਦੀ ਮਹੰਤ ਨਰਾਇਣ ਦਾਸ ਕੋਲ ਸ਼ਿਕਾਇਤ ਕੀਤੀ ਤਾਂ ਉਸਨੇ ਹੱਸਕੇ ਟਾਲ ਦਿੱਤਾ। ਇਸੇ ਤਰ੍ਹਾਂ ਇਸੇ ਸਾਲ ਦੇ ਅੰਤਲੇ ਮਹੀਨੇ ਲਾਇਲਪੁਰ ਜ਼ਿਲ੍ਹੇ ਤੋਂ ਛੇ ਔਰਤਾਂ ਜਨਮ ਅਸਥਾਨ ਦੇ ਦਰਸ਼ਨ ਕਰਨ ਨਨਕਾਣੇ ਪੁੱਜੀਆਂ। ਇਹਨਾਂ ਛੇਆਂ ਔਰਤਾਂ ਨਾਲ ਹੀ ਬੜੀ ਬੇਸ਼ਰਮੀ ਨਾਲ ਮਹੰਤ ਦੇ ਗੁੰਡਿਆਂ ਨੇ ਵਾਰੀ-ਵਾਰੀ ਬਲਾਤਕਾਰ ਕੀਤਾ। ਉਹ ਵਿਚਾਰੀਆਂ ਆਪਣੀ ਬੇਇਜ਼ਤੀ ਤੋਂ ਡਰਦੀਆਂ ਸਵੇਰੇ ਸਵੱਖਤੇ ਗੁਰਦੁਆਰਾ ਸਾਹਿਬ ਤੋਂ ਆਪਣੇ ਪਿੰਡਾਂ ਵੱਲ ਪਰਤ ਗਈਆਂ। ਇਕ ਹੋਰ ਨਵਾਂ ਵਿਆਇਆ ਜੋੜਾ ਲਾਹੌਰ ਤੋਂ ਨਨਕਾਣੇ ਜਨਮ ਅਸਥਾਨ ਤੇ ਆਪਣੀ ਸੁਖਣਾਂ ਪੂਰੀ ਕਰਨ ਆਇਆ। ਮਹੰਤਾਂ ਨੇ ਮਰਦ ਨੂੰ ਪਠਾਣਾ ਹਵਾਲੇ ਕਰ ਦਿੱਤਾ ਤੇ ਉਸਦੀ ਔਰਤ ਨੂੰ ਮਹੰਤ ਦੇ ਪੇਸ਼ ਕੀਤਾ। ਇਸ ਘਟਨਾਂ ਦੀ ਵੀ ਬਹੁਤ ਚਰਚਾ ਹੋਈ। ਪਰ ਬਹੁਤੇ ਲੋਕ ਡਰਦੇ ਹਰ ਕਿਸਮ ਦੀ ਬੇਇਜ਼ਤੀ ਬਰਦਾਸ਼ਤ ਕਰ ਲੈਂਦੇ ਸਨ। ਮਹੰਤ ਖ਼ੁਦ ਇਸ ਵਿਭਚਾਰ ਵਿੱਚ ਪੂਰਾ ਤਰ੍ਹਾਂ ਗਰੱਸਿਆ ਹੋਇਆ ਸੀ।

ਮਹੰਤਾਂ ਦੀ ਲਾਮਬੰਦੀ

ਭਾਵੇਂ ਅਕਾਲੀਆਂ ਨੇ ਪਿਛਲੇ ਤਿੰਨ ਚਾਰ ਸਾਲਾਂ ਵਿੱਚ ਇਕ ਜੁੱਟ ਹੋਕੇ ਕਈ ਇਤਿਹਾਸਕ ਗੁਰਧਾਮ ਕਬਜ਼ੇ ਕਰ ਲਏ ਸਨ। ਹੁਣ ਉਹਨਾਂ ਦੀ ਅੱਖ ਜਨਮ ਅਸਥਾਨ ਗੁਰਦੁਆਰੇ ਨਨਕਾਣਾ ਸਾਹਿਬ ਤੇ ਸੀ। ਇਹ ਮਹੰਤ ਸਭਨਾਂ ਮਹੰਤਾਂ ਦਾ ਸਰਗੰਨਾ ਸੀ। ਇਸ ਕੋਲ ਲੱਖਾਂ ਕਰੋੜਾਂ ਦੀ ਜ਼ਮੀਨ ਸੀ ਤੇ ਸ਼ਰਧਾਲੂਆਂ ਦੇ ਚੜ੍ਹਾਵੇ ਦਾ ਕੋਈ ਲੇਖਾ ਹੀ ਨਹੀਂ ਸੀ। ਇਸ ਚੜ੍ਹਾਵੇ ਨੂੰ ਜਿੱਥੇ ਪੰਥ ਦੀ ਬਿਹਤਰੀ ਵਾਸਤੇ ਲਗਣਾ ਚਾਹੀਦਾ ਸੀ ਤੇ ਗੁਰੂ ਨਾਨਕ ਸਾਹਿਬ ਦੀ ਫਿਲਾਸਫ਼ੀ ਤੇ ਜੀਵਨ ਸ਼ੈਲੀ ਦਾ ਚਾਰੇ ਕੂਟਾਂ ਵਿੱਚ ਧੂੰਆਂ ਧਾਰ ਪ੍ਰਚਾਰ ਹੋਣਾ ਚਾਹੀਦਾ ਸੀ। ਪਰ ਹੋ ਇਸਦੇ ਉਲਟ ਰਿਹਾ ਸੀ। ਗੁਰਧਾਮਾਂ ਦਾ ਪ੍ਰਬੰਧ ਕਰ ਰਹੇ ਮਹੰਤ ਬਹੁਤੇ ਗੈਰ ਸਿੱਖ ਸਨ ਅਤੇ ਸਿੱਖੀ ਨਾਲ ਉਹਨਾਂ ਪੁਰਾਣੀ ਦੁਸ਼ਮਣੀ ਸੀ। ਜਦੋਂ ਅੰਗਰੇਜ਼ਾਂ ਨੇ ਇਹਨਾਂ ਮਹੰਤਾਂ ਦਾ ਸਾਥ ਦੇਣਾ ਸ਼ੁਰੂ ਕਰ ਦਿੱਤਾ ਤਾਂ ਇਹ ਲੋਕ ਇਹਨਾਂ ਗੁਰਧਾਮਾਂ ਨੂੰ ਆਪਣੀ ਨਿੱਜੀ ਜਾਇਦਾਦ ਸਮਝਣ ਲੱਗ ਪਏ। ਇਸ ਕੰਮ ਵਿੱਚ ਉਹਨਾਂ ਨੇ ਇਲਾਕੇ ਦੇ ਉੱਚ ਅਫ਼ਸਰਾਂ ਨੂੰ ਨਜ਼ਰਾਨੇ ਦੇਕੇ ਨਾਲ ਗੰਢਿਆ ਹੋਇਆ ਸੀ। ਇਸ ਲਈ ਜਦੋਂ ਕੋਈ ਸ਼ਰਧਾਲੂ ਮਹੰਤਾਂ ਦੀ ਬੋਲੀ ਬੋਲਦੇ ਸਨ ਤੇ ਸ਼ਿਕਾਇਤਾਂ ਨੂੰ ਸਿਰਫ਼ ਅਕਾਲੀਆਂ ਦੀਆਂ ਅਫ਼ਵਾਹਾਂ ਕਹਿਕੇ ਟਾਲ ਦਿੰਦੇ ਸਨ। ਇਸ ਨਾਲ ਸਿੱਖ ਜਗਤ ਵਿੱਚ ਨਿਰਾਸ਼ਾ ਦਾ ਆਲਮ ਬਣਿਆ ਹੋਇਆ ਸੀ।

ਇਸ ਸਮੇਂ ਵਿੱਚ ਨਿਜ਼ਾਮਪੁਰੇ ਦਾ ਇਕ ਅਕਾਲੀ ਜਥੇਦਾਰ ਟਹਿਲ ਸਿੰਘ ਆਪਣੇ ਸ਼ਹੀਦੀ ਜੱਥੇ ਦੇ ਨਿਰਮਾਣ ਲਈ ਭੱਜ ਨੱਸ ਕਰ ਰਿਹਾ ਸੀ। ਉਸਨੇ ਆਪਣੇ ਇਲਾਕੇ ਵਿੱਚ ਧੂੰਆ ਧਾਰ ਪ੍ਰਚਾਰ ਕਰਕੇ 52 ਮੈਂਬਰਾਂ ਦੀ ਇਕ ਲਿਸਟ ਤਿਆਰ ਕਰਕੇ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਪਾਸ ਪੇਸ਼ ਹੋਇਆ। ਜਥੇਦਾਰ ਨੇ ਆਪਣੀ ਵੀ ਇਕ ਲਿਸਟ ਬਣਾਈ ਹੋਈ ਸੀ। ਜਥੇਦਾਰ ਟਹਿਲ ਸਿੰਘ ਨੇ 26 ਬੰਦਿਆਂ ਦੀ ਲਿਸਟ ਤੋਂ ਆਪਣੇ ਪਿੰਡਾਂ ਵਿਚੋਂ ਤਿਆਰ ਕੀਤੀ ਸੀ। ਬਾਕੀ ਦੇ ਬੰਦੇ ਉਹਨੇ ਪਿੰਡ ਬੋਹੜੂ, ਥੋਥੀਆਂ, ਸ਼ਾਹਕੋਟ, ਕੋਟਲਾ ਸੰਤ ਸਿੰਘ, ਬੁਰਜ ਚੱਕ ਨੰਬਰ 44 ਅਤੇ ਪਿੰਡ ਚੱਕ ਨੰਬਰ 64 ਵਿੱਚ ਜਾਕੇ ਇਸ ਜਥੇ ਦੇ ਮੈਂਬਰ ਬਣਾਏ ਸਨ। ਦੀਵਾਨ ਤੇ ਕਾਨਫਰੰਸਾਂ ਵਿੱਚ ਜਾਣ ਲਈ ਤਾਂ ਹਰ ਕੋਈ ਤਿਆਰ ਹੋ ਜਾਂਦਾ ਹੈ ਪਰੰਤੂ ਸ਼ਹੀਦ ਹੋਣ ਲਈ ਤਿਆਰ ਕਰਨ ਵਿੱਚ ਟਹਿਲ ਸਿੰਘ ਨੂੰ ਬਹੁਤ ਮਿਹਨਤ ਕਰਨੀ ਪਈ। ਕਈ ਤਾਂ ਥੋੜ੍ਹਾ ਹੀ ਕਹਿਣ ਨਾਲ ਨਾਮ ਲਿਖਾ ਦਿੰਦੇ ਸਨ ਪਰੰਤੂ ਬਾਕੀਆਂ ਲਈ ਉਸਨੂੰ ਬਹੁਤ

ਮਗਜ਼ਮਾਰੀ ਕਰਨੀ ਪਈ। ਕਈ ਤਾਂ ਆਪਣਾ ਨਾਮ ਲਿਖਾ ਦਿੰਦੇ ਤੇ ਜਦੋਂ ਉਹਨਾਂ ਨੂੰ ਮਹੰਤ ਦੀਆਂ ਤਿਆਰੀਆਂ ਦਾ ਪਤਾ ਲਗਦਾ ਤਾਂ ਉਹ ਆਪਣਾ ਨਾਮ ਕਟਾ ਦਿੰਦੇ ਸਨ। ਕਈਆਂ ਨੇ ਆਪਣੇ ਬਾਲ ਬੱਚਿਆਂ ਦਾ ਵਾਸਤਾ ਪਾਕੇ ਜਥੇਦਾਰ ਕੋਲੋਂ ਜਾਨ ਛੁਡਾਈ ਸੀ। ਪਰ ਜਥੇਦਾਰ ਦੀ ਸ਼ਖ਼ਸੀਅਤ ਵਿੱਚ ਇਕ ਕਸ਼ਿਸ਼ ਸੀ ਜਿਹੜੀ ਕਿ ਗਿਦੜਾਂ ਨੂੰ ਸ਼ੇਰ ਬਣਾ ਦਿੰਦੀ ਸੀ। ਜਥੇਦਾਰ ਨੇ ਸ਼ਹੀਦੀ ਜਥੇ ਦੇ ਬਹੁਤ ਮੈਂਬਰ ਆਪਣੀ ਬਰਾਦਰੀ ਵਿਚੋਂ ਹੀ ਲਏ ਸਨ।

ਇਹ ਬਰਾਦਰੀ ਵਾਹੀ ਖੇਤੀ ਵਿੱਚ ਤਾਂ ਬੜੀ ਪ੍ਰਬੀਨ ਸੀ ਪਰ ਮਾਰ ਧਾੜ ਦੇ ਕੰਮਾਂ ਤੋਂ ਗੁਰੇਜ਼ ਕਰਦੀ ਸੀ! ਜਥੇਦਾਰ ਨੇ ਇਹਨਾਂ ਸੁੱਤਿਆਂ ਸ਼ੇਰਾਂ ਨੂੰ ਜਗਾਇਆ ਅਤੇ ਉਹਨਾਂ ਦੇ ਸ਼ਾਨਦਾਰ ਪਿਛੋਕੜ ਤੋਂ ਜਾਣੂ ਕਰਵਾਇਆ। ਉਸਨੇ ਭਾਈ ਮਨੀ ਸਿੰਘ, ਭਾਈ ਬਚਿੱਤਰ ਸਿੰਘ ਤੇ ਅਕਾਲੀ ਫੂਲਾ ਸਿੰਘ ਦੇ ਇਤਿਹਾਸ ਨੂੰ ਬੜੇ ਪ੍ਰਭਾਵਸ਼ਾਲੀ ਤਰੀਕੇ ਨਾਲ ਉਹਨਾਂ ਦੇ ਸਾਹਮਣੇ ਰੱਖਿਆ। ਹੌਲੀ-ਹੌਲੀ ਇਹਨਾਂ ਲੋਕਾਂ ਵਿੱਚ ਸੁੱਤੀਆਂ ਕਲਾਂ ਜਾਗੀਆਂ ਅਤੇ ਅੰਗੜਾਈਆਂ ਲੈਣ ਲਗੀਆਂ। ਉਹਨਾਂ ਨੇ ਜਥੇਦਾਰ ਨੂੰ ਆਪਣਾ ਨਾਮ ਸਭ ਤੋਂ ਉਪਰ ਲਿਖਣ ਦੀ ਤਕੀਦ ਕੀਤੀ। ਜਥੇਦਾਰ ਖ਼ੁਦ ਵੀ ਅਕਾਲੀ ਮੁਹਿੰਮਾਂ ਵਿੱਚ ਮੋਹਰਲੀਆਂ ਕਤਾਰਾਂ ਵਿੱਚ ਖੜਿਆ ਨਜ਼ਰ ਆਉਂਦਾ ਸੀ। ਟਹਿਲ ਸਿੰਘ ਸਦਕਾ ਹੀ ਸਾਰੀ ਬਰਾਦਰੀ ਆਪਣੇ ਆਪ ਨੂੰ ਪੰਥ ਦੇ ਲੇਖੇ ਲਾਉਣ ਲਈ ਤਤਪਰ ਹੋ ਗਈ ਸੀ। ਭਾਵੇਂ ਇਸ ਬਰਾਦਰੀ ਵਿੱਚ ਵੀ ਕਈ ਜ਼ੈਲਦਾਰ ਤੇ ਸਫੈਦ ਪੋਸ਼ ਬਣਕੇ ਲੋਕ ਲਹਿਰ ਨੂੰ ਕੁਚਲਣ ਲਈ ਟਹਿਲ ਸਿੰਘ ਵਰਗਿਆਂ ਦੀਆ ਸ਼ਿਕਾਇਤਾਂ ਕਰਦੇ ਰਹਿੰਦੇ ਸਨ ਪਰ ਟਹਿਲ ਸਿੰਘ ਅਜਿਹੇ ਗ਼ਦਾਰਾਂ ਦੀ ਪ੍ਰਵਾਹ ਨਹੀਂ ਕਰਦਾ ਸੀ। ਨਾ ਉਹ ਮੁੱਖਬਰਾਂ ਤੋਂ ਡਰਦਾ ਸੀ, ਨਾ ਗੋਰੀ ਸਰਕਾਰ ਤੇ ਨਾ ਹੀ ਮਹੰਤਾਂ ਤੋਂ। ਇਹੀ ਕਾਰਨ ਸੀ ਕਿ ਬਾਕੀ ਅਕਾਲੀ ਲੀਡਰਾਂ ਨਾਲੋਂ ਟਹਿਲ ਸਿੰਘ ਮਹੰਤਾਂ ਦੀ ਅੱਖ ਵਿੱਚ ਕੰਡੇ ਵਾਂਗ ਚੁੱਭਦਾ ਸੀ। ਉਸ ਦੀ ਆਦਤ ਸੀ ਕਿ ਉਹ ਸੱਚ ਨੂੰ ਮੂੰਹ ਤੇ ਕਹਿਣ ਦੀ ਜੁਰਅੱਤ ਰੱਖਦਾ ਸੀ ਭਾਵੇਂ ਉਸਦਾ ਕੁਝ ਵੀ ਅੰਜਾਮ ਭੁਗਤਣਾ ਪਵੇ। ਤਰਨ ਤਾਰਨ ਸਾਹਿਬ ਦੇ ਮੋਰਚੇ ਵਿੱਚ ਉਸਨੇ ਲਾਠੀਆਂ ਕੇਵਲ ਖਾਧੀਆਂ ਹੀ ਨਹੀਂ ਸਨ ਸਗੋਂ ਮਾਰੀਆਂ ਵੀ ਸਨ। ਇਕ ਵਾਰੀ ਨਨਕਾਣਾ ਸਾਹਿਬ ਦੇ ਮਹੰਤ ਨਾਲ ਜਦੋਂ ਕਿਸੇ ਗਲਬਾਤ ਵਿੱਚ ਤਕਰਾਰ ਹੋ ਗਿਆ ਤਾਂ ਮਹੰਤ ਨੇ ਉਸ ਨਾਲ ਅਪਸ਼ਬਦ ਬੋਲੇ ਤੇ ਉਸਨੂੰ ਸ਼ਰਾਰਤੀ ਤੇ ਚੁਗਲ ਖੋਰ ਆਖਿਆ ਸੀ। ਟਹਿਲ ਸਿੰਘ ਨੇ ਉਸਨੂੰ ਮੂੰਹ ਤੇ ਖਰੀਆਂ-ਖਰੀਆਂ ਸੁਣਾਈਆਂ ਸਨ ਤੇ ਧਮਕੀ ਭਰੇ ਲਹਿਜੇ ਵਿੱਚ ਆਖਿਆ ਸੀ, "ਮਹੰਤਾ ਚੁਗਲ ਖੋਰ ਤੇ ਤੂੰ ਏ, ਸ਼ਰਾਰਤੀ ਤਾਂ ਤੂੰ ਏਂ। ਤੂੰ ਏਂ ਅੰਗਰੇਜ਼ਾਂ ਦਾ ਪਾਲਤੂ ਕੁੱਤਾ। ਹਾਲੇ ਤੈਨੂੰ ਟੱਕਰਿਆਂ ਨਹੀਂ ਕੋਈ। ਜਿਸ ਦਿਨ ਅਸਾਂ ਧਾਰ ਲਿਆ ਤਾਂ ਤੈਨੂੰ ਭੱਜਣ ਲਈ ਰਾਹ ਨਹੀਂ ਲਭਣਾ।" ਚਲ ਉਏ ਸਰਦਾਰਾ ਦਫ਼ਾ ਹੋ ਜਾ ਏਥੋਂ। ਵੇਖ ਲੂੰਗਾ ਤੇਰੇ ਅਕਾਲੀਆਂ ਨੂੰ। ਮੇਰੇ ਵੀ ਤੁਸਾਂ ਹਾਲੇ ਹੱਥ ਨਹੀਂ ਵੇਖੇ। ਵੇਖਣੇ ਪਏ ਤਾਂ ਨਾਨੀ ਚੇਤੇ ਕਰਾਂਦੂ। ਮਹੰਤ ਦੀਆਂ ਅੱਖਾਂ ਵਿੱਚ ਖ਼ੂਨ ਉਤਰਿਆ

ਹੋਇਆ ਸੀ। ਉਧਰੋਂ ਟਹਿਲ ਸਿੰਘ ਵੀ ਮਹੰਤ ਨਾਲ ਦੋ ਹੱਥ ਕਰਨ ਲਈ ਤਿਆਰ ਸੀ। ਪਰ ਉੱਥੇ ਖੜੀ ਸੰਗਤ ਨੇ ਦੋਹਵਾਂ ਨੂੰ ਪਰੇ-ਪਰੇ ਕਰਕੇ, ਲੜਾਈ ਹੋਣ ਤੋਂ ਬਚਾ ਲਿਆ। ਟਹਿਲ ਸਿੰਘ ਨੂੰ ਜਥੇਦਾਰ ਲਛਮਣ ਸਿੰਘ ਦੀ ਹਦਾਇਤ ਯਾਦ ਆ ਗਈ— "ਆਪਾਂ ਕਿਸੇ ਤੇ ਹੱਥ ਨਹੀਂ ਚੁਕਣਾ। ਸ਼ਾਂਤਮਈ ਹੋਕੇ ਦੁਸ਼ਮਣ ਨਾਲ ਗਲ ਬਾਤ ਕਰਨੀ ਹੈ।" ਇਸ ਲਈ ਟਹਿਲ ਸਿੰਘ ਮਹੰਤ ਦੀਆਂ ਕੌੜੀਆਂ ਕੁਸੈਲੀਆਂ ਸੁਣਕੇ ਵੀ ਕੰਨ ਵਲੇਟਦਾ ਗੁਰਦੁਆਰੇ ਵਿਚੋਂ ਬਾਹਰ ਆ ਗਿਆ। ਰਸਤੇ ਵਿੱਚ ਉਸਨੇ ਵੇਖਿਆ ਕਿ ਗੁਰਦੁਆਰੇ ਵੱਲ ਪੁਲਿਸ ਦੀ ਇਕ ਟੋਲੀ ਭੱਜੀ ਜਾ ਰਹੀ ਸੀ। ਉਹਨਾਂ ਦੇ ਪਿੱਛੇ-ਪਿੱਛੇ ਕਿਰਪਾਨਾਂ ਫੜੀ ਕੁਝ ਲੋਕ ਵੀ ਜਾ ਰਹੇ ਸਨ। ਟਹਿਲ ਸਿੰਘ ਵੇਲੇ ਸਿਰ ਉਥੋਂ ਨਿਕਲ ਆਇਆ ਨਹੀਂ ਤਾਂ ਮਹੰਤ ਦੀ ਨੀਅਤ ਉਸ ਵੇਲੇ ਠੀਕ ਨਹੀਂ ਸੀ। ਟਹਿਲ ਸਿੰਘ ਨਾ ਕੇਵਲ ਉਸ ਵਕਤ ਦੋ ਆਦਮੀ ਸਨ, ਇਸ ਲਈ ਉਸਨੇ ਉਸ ਵਕਤ ਕਿਸੇ ਰਿਸ਼ਤੇਦਾਰ ਦੇ ਘਰ ਜਾਣਾ ਪਿਆ। ਇਸ ਵਿੱਚ ਹੀ ਸ਼ਾਇਦ ਪੰਥ਼ ਦਾ ਭਲਾ ਸੀ।

ਪਿੰਡ ਪਹੁੰਚ ਕੇ ਟਹਿਲ ਸਿੰਘ ਨੇ ਜਥੇਦਾਰ ਧਾਰੋਵਾਲੀ ਨਾਲ, ਨਨਕਾਣੇ ਮਹੰਤ ਨਾਲ ਹੋਏ ਤਕਰਾਰ ਬਾਰੇ ਗਲਬਾਤ ਕੀਤੀ ਤੇ ਜਲਦੀ ਮਹੰਤ ਨਾਲ ਨਜਿੱਠਣ ਦੀਆਂ ਸਕੀਮਾਂ ਬਣਾਉਣ ਲਗਾ ਟਹਿਲ ਸਿੰਘ ਦੀ ਦਲੀਲ ਸੀ ਕਿ ਸਿੰਘਾਂ ਨੂੰ ਮਹੰਤ ਵਿਰੁੱਧ ਫੌਜਦਾਰੀ ਕਾਰਵਾਈ ਕਰਨੀ ਚਾਹੀਦੀ ਹੈ ਪਰ ਇਸ ਨਾਲ ਜਥੇਦਾਰ ਲਛਮਣ ਸਹਿਮਤ ਨਹੀਂ ਸੀ। ਜਥੇਦਾਰ ਸ਼੍ਰੋਮਣੀ ਕਮੇਟੀ ਦੇ ਅਦੇਸ਼ਾਂ ਅਨੁਸਾਰ ਚਲਣਾ ਚਾਹੁੰਦੇ ਸਨ। ਉਹਨਾਂ ਦੀ ਇਸ ਪੱਖ ਵਿੱਚ ਸ਼੍ਰੋਮਣੀ ਕਮੇਟੀ ਨਾਲ ਪੂਰੀ ਸਹਿਮਤੀ ਸੀ। ਦੋਹਵਾਂ ਦੀ ਬੜਾ ਚਿਰ ਬਹਿਸ ਹੁੰਦੀ ਰਹੀ। ਦਲੀਲਾਂ ਦੋਹਵਾਂ ਦੀਆਂ ਮੰਨਣਯੋਗ ਸਨ ਪਰ ਫੈਸਲਾ ਨਾ ਹੁੰਦਾ ਵੇਖਕੇ ਇਸਦਾ ਫੈਸਲਾ ਜਥੇਦਾਰ ਭੁੱਚਰ ਉਪਰ ਸੁਟ ਦਿੱਤਾ। ਦੋਹਵਾਂ ਨੂੰ ਜਥੇਦਾਰ ਕਰਤਾਰ ਸਿੰਘ ਭੁੱਚਰ ਨੇ ਗੁਰਦੁਆਰੇ ਸਚੇ ਸੌਦੇ ਜਥੇ ਨਾਲ ਆਉਣ ਲਈ ਕਿਹਾ ਸੀ। ਦੋਹਵੇਂ ਜਾਣੇ 100ਕੁ ਸਿੰਘਾਂ ਦਾ ਜਥਾ ਲੈ ਕੇ ਖਰੇ ਸੌਦੇ ਪਹੁੰਚੇ ਤੇ ਜਥੇਦਾਰ ਭੁੱਚਰ ਨਾਲ ਸਲਾਹ ਮਸ਼ਵਰਾ ਕਰਨ ਲਗੇ।

ਇਸ ਵੇਲੇ ਜਥੇਦਾਰ ਭੁੱਚਰ ਕੋਲ ਮਹੰਤਾਂ ਬਾਰੇ ਇਕ ਖ਼ਬਰ ਲੈ ਕੇ ਇਕ ਸੂਹੀਆ ਆਇਆ ਤੇ ਕਹਿਣ ਲਗਾ, ਤੁਸੀਂ ਇਧਰ ਨਨਕਾਣੇ ਹੋਣ ਵਾਲੇ ਦੀਵਾਨ ਵਿੱਚ ਰੁੱਝੇ ਹੋ, ਉਧਰ ਮਹੰਤ ਸਿੰਘਾਂ ਨਾਲ ਟੱਕਰ ਲੈਣ ਦੀ ਜ਼ਬਰਦਸਤ ਤਿਆਰੀ ਕਰ ਰਿਹਾ ਹੈ। ਉਸਨੇ ਇਹ ਵੀ ਦਸਿਆ ਕਿ ਲਾਠੀਆਂ, ਬਰਛੇ, ਕਿਰਪਾਨਾ, ਬੰਦੂਕਾਂ ਤੇ ਪਸਤੌਲਾਂ, ਦਾ ਭੰਡਾਰ ਕੋਲ ਜਮਾਂ ਕਰ ਲਿਆ ਹੈ। ਇਸ ਲਈ ਸਾਨੂੰ ਫੌਰਨ ਨਨਕਾਣੇ ਵੱਲ ਕੂਚ ਕਰਨਾ ਚਾਹੀਦਾ ਹੈ। ਉਸਨੇ ਇਹ ਵੀ ਦਸਿਆ ਕਿ ਮਹੰਤ 19-20 ਫ਼ਰਵਰੀ ਦੀ ਰਾਤ ਲਾਹੌਰ ਕਾਨਫਰੰਸ ਵਿਚ ਭਾਗ ਲੈਣ ਜਾ ਰਿਹਾ ਹੈ। ਸਿੰਘਾਂ ਨੇ ਵਿਚਾਰਿਆਂ ਕਿ ਕਿਉਂ ਨਾ ਇਸੇ ਰਾਤ ਨਨਕਾਣੇ ਉਪਰ ਕਬਜ਼ਾ ਕਰ ਲਿਆ ਜਾਵੇ ਕਿਉਂਕਿ ਮਹੰਤ ਤਾਂ ਲਾਹੌਰ ਹੋਵੇਗਾ। ਇਸ ਸਕੀਮ ਨੂੰ ਸਰਬ ਸੰਮਤੀ ਨਾਲ ਪ੍ਰਵਾਨ ਕਰ ਲਿਆ

ਗਿਆ ਕਿ ਆਪੋ ਆਪਣੇ ਜਥੇ 19-20 ਫ਼ਰਵਰੀ ਨੂੰ ਨਨਕਾਣਾ ਸਾਹਿਬ ਜਨਮ ਅਸਥਾਨ ਗੁਰਦੁਆਰੇ ਪਹੁੰਚ ਕੇ ਕਬਜ਼ਾ ਕਰ ਲਿਆ ਜਾਵੇ। ਇਹ ਵੀ ਮਸ਼ਵਰਾ ਕੀਤਾ ਕਿ ਸ਼੍ਰੋਮਣੀ ਕਮੇਟੀ ਨੂੰ ਇਸ ਸਕੀਮ ਦੀ ਭਿਣਕ ਨਾ ਪਵੇ ਕਿਉਂਕਿ ਉਹ ਇਹ ਸਾਰਾ ਕਾਰਜ ਸ਼ਾਂਤਮਈ ਢੰਗ ਨਾਲ ਕਰਨ ਦੇ ਮੁਦੱਈ ਹਨ। ਇਸ ਸਕੀਮ ਨੂੰ ਗੁਪਤ ਰੱਖਕੇ ਪੰਥ ਦੇ ਆਗੂ ਆਪੋ-ਆਪਣੇ ਜਥੇ ਲੈਣ ਆਪਣੇ ਇਲਾਕਿਆਂ ਵਿੱਚ ਪਹੁੰਚ ਗਏ।

ਸ਼ਹੀਦੀ ਜੱਥੇ ਦਾ ਗਠਨ

ਧਾਰੋਵਾਲੀ ਕਾਨਫਰੰਸ ਵਿੱਚ ਜੱਥੇਦਾਰ ਟਹਿਲ ਸਿੰਘ ਦੀ ਖ਼ੂਹਬ ਤੂਤੀ ਵੱਜੀ ਸੀ ਤੇ ਉਹ ਇਲਾਕੇ ਦੇ ਸਿਰਲੱਥ ਆਗੂ ਵਜੋਂ ਉਭਰਿਆ ਸੀ। ਇਸ ਵਿੱਚ ਜਥੇਦਾਰ ਕਰਤਾਰ ਸਿੰਘ ਝੱਬਰ ਨੇ ਵੀ ਸ਼ਿਰਕਤ ਕੀਤੀ ਸੀ ਤੇ ਉਹ ਵੀ ਪੰਥ ਦੇ ਜਥੇਦਾਰ ਲਛਮਣ ਸਿੰਘ ਵਾਂਗ ਲੋਕਾਂ ਵਿੱਚ ਮਕਬੂਲ ਸੀ। ਸਟੇਜ ਉਪਰ ਜੱਥੇਦਾਰ 'ਝੱਬਰ' ਨੇ ਬੜੇ ਫ਼ਖ਼ਰ ਨਾਲ ਆਖਿਆ ਸੀ ਕਿ ਵਿਰਕ ਕੌਮ ਦਾ ਕੋਈ ਸਾਨੀ ਨਹੀਂ। ਉਹ ਬੜੇ ਬਹਾਦਰ ਤੇ ਸਿਰੜੀ ਹਨ। ਉਸਨੇ ਇਹ ਵੀ ਆਖਿਆ ਕਿ ਕੰਬੋਜਾਂ ਨੂੰ ਵਿਰਕਾਂ ਦੀ ਰੀਸ ਕਰਨੀ ਚਾਹੀਦੀ ਹੈ ਤਾਂ ਕਿ ਉਹ ਵੀ ਕੌਮ ਦੀ ਝੋਲੀ ਵਿੱਚ ਆਪਣਾ ਬਣਦਾ ਯੋਗਦਾਨ ਪਾ ਸਕਣ। ਇਸ ਗੱਲ ਉੱਤੇ ਜੱਥੇਦਾਰ ਧੱਕੇ ਨਾਲ ਸਟੇਜ਼ ਤੇ ਚੜ੍ਹ ਗਿਆ ਤੇ ਜੱਥੇਦਾਰ 'ਝੱਬਰ' ਨੂੰ ਸੰਬੋਧਨ ਕਰਕੇ ਆਖਣ ਲਗਾ, "ਪਿਆਰੀ ਸਾਧ ਸੰਗਤ ਮੈਂ ਜਥੇਦਾਰ ਝੱਬਰ ਸਾਹਿਬ ਦਾ ਦਿੱਲੀ ਸਤਿਕਾਰ ਕਰਦਾ ਹਾਂ ਅਤੇ ਉਹ ਸਾਡੀ ਕੌਮ ਦੇ ਨਿਧੱੜਕ ਆਗੂ ਹਨ। ਸਾਨੂੰ ਉਹਨਾਂ ਉਪਰ ਮਾਣ ਹੈ। ਪਰ ਜੱਥੇਦਾਰ ਝੱਬਰ ਨੂੰ ਸ਼ਾਇਦ ਇਹ ਪਤਾ ਨਹੀਂ ਕਿ ਕੰਬੋਜ਼ ਵੀ ਕਿਸੇ ਤਰ੍ਹਾਂ ਕਿਸੇ ਸਿੱਖ ਬਹਾਦਰੀ ਨਾਲੋਂ ਘੱਟ ਨਹੀਂ। ਆਪਣੀ ਨਫ਼ਰੀ ਦੇ ਹਿਸਾਬ ਨਾਲ ਇਹਨਾਂ ਸਿੱਖ ਪੰਥ ਵਿੱਚ ਆਪਣਾ ਸਲਾਘਾਯੋਗ ਹਿੱਸਾ ਪਾਇਆ ਹੈ। ਭਾਈ ਮਨੀ ਸਿੰਘ ਨੇ ਆਪਣੇ ਪਰਿਵਾਰ ਦੇ ਤੇਰਾਂ ਮੈਂਬਰਾਂ ਸਮੇਤ ਪੰਥ ਲਈ ਸ਼ਹੀਦੀਆਂ ਪਾਈਆਂ ਸਨ। ਇਸ ਤੋਂ ਬਾਅਦ ਮਹਾਰਾਜਾ ਰਣਜੀਤ ਸਿੰਘ ਵੇਲੇ ਅਕਾਲੀ ਫੂਲਾ ਸਿੰਘ ਇਸ ਬਹਾਦਰੀ ਦੇ ਸਿਰਲੱਥ ਸੂਰਮੇ ਸਨ, ਜਿਸ ਦੀ ਮਹਾਰਾਜਾ ਦਿਲੀ ਇੱਜ਼ਤ ਕਰਦਾ ਸੀ ਤੇ ਮੁਸ਼ਕਿਲ ਵੇਲੇ ਉਹਨਾਂ ਨੂੰ ਬੁਲਾ ਕੇ, ਬੜੀਆਂ ਖ਼ਤਰਨਾਕ ਮੁਹਿੰਮਾਂ ਤੇ ਭੇਜਦਾ ਸੀ। ਇਸ ਅਕਾਲੀ ਲਹਿਰ ਵਿੱਚ ਵੀ ਅਕਾਲੀ ਦਲ ਦੇ ਮੋਢੀ ਮਾਸਟਰ ਸੁੰਦਰ ਸਿੰਘ ਲਾਇਲਪੁਰੀ ਦਾ ਨਾਮ ਤੁਸੀਂ ਸਾਰੇ ਜ਼ਾਣਦੇ ਹੋ। ਅਸੀਂ ਜਥੇਦਾਰ ਝੱਬਰ ਜੀ ਨਾਲ ਵਾਅਦਾ ਕਰਦੇ ਹਾਂ ਕਿ ਸ਼ਹੀਦੀ ਜਥੇ ਦਾ ਜੋ ਗਠਨ ਅੱਜ ਹੋਇਆ ਹੈ, ਉਸ ਵਿੱਚ ਅਸੀਂ ਵਿਰਕਾਂ ਨਾਲੋਂ ਵਧੇਰੇ ਹਿੱਸਾ ਪਾਵਾਂਗੇ। ਮੇਰੇ ਪਿੰਡ ਦੇ ਲੋਕਾਂ ਦੀ ਗਿਣਤੀ ਬਾਕੀ ਪਿੰਡਾਂ ਨਾਲੋਂ ਵਧੇਰੇ ਹੋਵੇਗੀ। ਜੇਕਰ ਪੰਥ ਨੂੰ ਲੋੜ ਪਈ ਤਾਂ ਅਸੀਂ ਆਪਣੀਆਂ ਜਾਨਾਂ ਵਾਰਨ ਤੋਂ ਵੀ ਪਰਹੇਜ ਨਹੀਂ ਕਰਾਂਗੇ।

ਧਾਰੋਵਾਲੀ ਕਾਨਫਰੰਸ ਤੋਂ ਜਲਦੀ ਬਾਅਦ ਜੱਥੇਦਾਰ ਟਹਿਲ ਸਿੰਘ ਸ਼ਹੀਦੀ ਜੱਥੇ ਵਿੱਚ ਲੋਕਾਂ ਨੂੰ ਸ਼ਾਮਲ ਕਰਨ ਲਈ ਪਹਿਲਾਂ ਤਿੰਨਾਂ ਨਿਜ਼ਾਮਪੁਰਿਆਂ ਵਿੱਚ ਗਿਆ। ਉਸਨੇ ਪਿੰਡ ਦੇ ਲੋਕਾਂ ਨੂੰ ਆਪਣੇ ਜੋਸ਼ੀਲੇ ਵਿਚਾਰਾਂ ਨਾਲ ਕੀਲ ਲਿਆ

ਸੀ। ਉਹਨਾਂ ਨੇ ਬੜੇ ਉਤਸ਼ਾਹ ਨਾਲ ਸ਼ਹੀਦੀ ਜੱਥੇ ਵਿੱਚ ਨਾਮ ਲਿਖਾਏ। ਸ਼ਹੀਦੀ ਜੱਥੇ ਦਾ ਨਾਮ ਸੁਣਕੇ ਉਹ ਠਠੰਬਰ ਗਏ ਸਨ ਪਰ ਜਦੋਂ ਟਹਿਲ ਸਿੰਘ ਨੇ ਉਹਨਾਂ ਦੇ ਸ਼ਾਨਦਾਰ ਇਤਿਹਾਸ ਤੇ ਪਿਛੋਕੜ ਤੋਂ ਜਾਣੂ ਕਰਵਾਇਆ ਤਾਂ ਉਹ ਸ਼ੇਰ ਬਣ ਗਏ। ਇਹ ਟਹਿਲ ਸਿੰਘ ਦੀ ਅਦੱਤੀ ਸ਼ਖ਼ਸ਼ੀਅਤ ਦਾ ਪ੍ਰਭਾਵ ਸੀ। ਟਹਿਲ ਸਿੰਘ ਹੱਸ-ਹੱਸ ਕੇ ਗਲ ਬਾਤ ਕਰਦਾ ਸੀ। ਉਹ ਆਪਣੇ ਹਾਣੀਆਂ ਨਾਲ ਮਜ਼ਾਕ ਵੀ ਕਰ ਲੈਂਦਾ ਸੀ। ਉਸਦੀ ਇਕ ਦਲੀਲ ਇਹ ਵੀ ਹੁੰਦੀ ਸੀ। "ਬੰਦਾ ਜੀਵਨ ਵਿੱਚ ਕੇਵਲ ਆਟਾ ਖਾਣ ਹੀ ਨਹੀਂ ਆਉਂਦਾ। ਉਸ ਦੀ ਜ਼ਿੰਦਗੀ ਦਾ ਕੋਈ ਮਕਸਦ ਹੋਣਾ ਚਾਹੀਦਾ ਹੈ। ਜੇਕਰ ਕੋਈ ਮਕਸਦ ਨਹੀਂ ਤਾਂ ਉਸ ਵਿੱਚ ਤੇ ਜਾਨਵਰਾਂ ਵਿੱਚ ਕੀ ਫ਼ਰਕ ਹੋਵੇਗਾ। ਇਸ ਲਈ ਸਾਡਾ ਜੀਵਨ ਕਿਸੇ ਲੇਖੇ ਲਗਣਾ ਚਾਹੀਦਾ ਹੈ। ਵਧੇਰੇ ਸਮਾਂ ਜੀ ਕੇ ਕੋਈ ਰੱਜਦਾ ਨਹੀਂ। ਸੰਤੁਸ਼ਟ ਨਹੀਂ ਹੁੰਦਾ। ਇਸ ਲਈ ਜੇਕਰ ਸਾਡਾ ਜੀਵਨ ਕੌਮ ਦੇ ਲੇਖੇ ਲਗ ਜਾਵੇ ਤਾਂ ਇਸ ਤੋਂ ਵਧੀਆ ਸੌਦਾ ਕੋਈ ਹੋਰ ਨਹੀਂ ਹੋਵੇਗਾ। ਮੰਜਿਆਂ ਤੇ ਰੀਂਗ ਰੀਂਗ ਕੇ ਮਰਨ ਨਾਲੋਂ ਦੇਸ਼ ਤੇ ਕੌਮ ਲਈ ਮਰ ਮਿਟਣਾ ਸੌ ਦਰਜੇ ਬਿਹਤਰ ਹੈ। ਅਸੀਂ ਇਨਸਾਨ ਹਾਂ। ਸਾਨੂੰ ਇਨਸਾਨਾਂ ਵਾਂਗ ਜੀਣਾ ਚਾਹੀਦਾ ਏ। ਇਨਸਾਨਾਂ ਨੂੰ ਕੁਦਰਤ ਨੇ ਪੰਛੀਆਂ ਵਾਂਗ ਅਜ਼ਾਦ ਬਣਾਇਆ ਹੈ। ਜੇਕਰ ਅਸੀਂ ਪਿੰਜਰਿਆਂ ਵਿੱਚ ਜੀਣਾ ਹੈ ਜਾਂ ਕਿਲਿਆਂ ਨਾਲ ਬੱਝੇ ਰਹਿਣਾ ਹੈ ਤਾਂ ਇਸ ਨਾਲੋਂ ਬੇਹਤਰ ਹੋਵੇਗਾ ਕਿ ਅਸੀਂ ਆਪਣੀ ਅਜ਼ਾਦ ਹਸਤੀ ਲਈ ਜਦੋ-ਜਹਿਦ ਕਰੀਏ ਜਾਂ ਫਿਰ ਮਰ ਮੁਕ ਜਾਈਏ। ਇਸਦੇ ਦਰ ਮਿਆਨ ਕੋਈ ਹੋਰ ਰਸਤਾ ਨਹੀਂ ਬੱਚਦਾ। ਕੁਤਿਆਂ ਬਿਲਿਆਂ ਜਾਂ ਭੇਡਾਂ ਬਕਰੀਆਂ ਵਾਂਗ ਅਸੀਂ ਜੀਣਾ ਛੱਡ ਦਈਏ। ਆਪਣੇ ਪਿਛੋਕੜ ਤੇ ਇਤਿਹਾਸ ਨੂੰ ਯਾਦ ਰਖਾਂਗੇ ਤਾਂ ਅਸੀਂ ਹਮੇਸ਼ਾਂ ਚੜ੍ਹਦੀਆਂ ਕਲਾਂ ਵਿੱਚ ਰਹਾਂਗੇ। ਇਹੀ ਇਕ ਕਾਮਯਾਬ ਜੀਵਨ ਦਾ ਕਾਰਗਰ ਅਸੂਲ ਹੈ।"

ਜਦੋਂ ਲੋਕ ਉਸਦੇ ਵਿਚਾਰਾਂ ਤੋਂ ਜਾਣੂ ਹੁੰਦੇ ਤਾਂ ਉਹ ਬਿਲੀਆਂ ਤੋਂ ਸ਼ੇਰ ਬਣ ਜਾਂਦੇ ਸਨ। ਉਸਨੇ ਆਪਣੇ ਪਿੰਡ ਦੇ ਲੋਕਾਂ ਨੂੰ ਕਿਹਾ ਕਿ ਸ਼ਹੀਦੀ ਜਥੇ ਵਿੱਚ ਸਾਡੇ ਪਿੰਡ ਦਾ ਨਾਮ ਸਭ ਤੋਂ ਉਪਰ ਹੋਣਾ ਚਾਹੀਦਾ ਹੈ। ਇਹ ਸਾਡੇ ਵਕਾਰ ਦਾ ਸੁਆਲ ਹੈ। ਲੋਕਾਂ ਨੇ ਉਸ ਨਾਲ ਬਹੁਤ ਸਹਿਯੋਗ ਦਿੱਤਾ। ਲੋਕ ਉਸਨੂੰ ਪੁੱਛਦੇ ਰਹਿੰਦੇ ਸਨ, ਜਥੇਦਾਰ ਜੀ ਸ਼ਹੀਦੀ ਜੱਥੇ 'ਨੇ ਕਦੋਂ ਨਨਕਾਣੇ ਵਲ ਕੂਚ ਕਰਨਾ ਹੈ? ਉਹ ਬੜੇ ਵਿਸ਼ਵਾਸ ਨਾਲ ਕਹਿੰਦਾ, "ਤੁਹਾਡੀ ਖਾਹਸ਼ ਜਲਦੀ ਹੀ ਪੂਰੀ ਕਰਾਂਗੇ। ਬਸ ਸਬਰ ਕਰੋ। ਬਾਬਾ ਨਾਨਕ ਸਭ ਕੁਝ ਵੇਖ ਰਿਹਾ ਏ। ਨਰਾਇਣੇ ਮਹੰਤ ਦੀ ਜੁੰਡਲੀ ਹੁਣ ਬਹੁਤ ਚਿਰ ਨਹੀਂ ਟਿਕੂਗੀ।" ਇਕ ਮਹੀਨੇ ਦੀ ਭਜਦੌੜ ਬਾਅਦ ਟਹਿਲ ਸਿੰਘ ਨੇ ਸ਼ਹੀਦੀ ਜੱਥੇ ਲਈ 52 ਨਾਮਾਂ ਦੀ ਇਕ ਸੂਚੀ ਬਣਾਕੇ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਪਾਸ ਪੇਸ਼ ਕੀਤੀ। ਜੱਥੇਦਾਰ ਜੀ ਬਹੁਤ ਖ਼ੁਸ਼ ਹੋਏ ਤੇ ਟਹਿਲ ਸਿੰਘ ਨੂੰ ਗਲਵਕੜੀ ਵਿੱਚ ਲੈ ਲਿਆ ਤੇ ਕਹਿਣ ਲਗੇ, "ਟਹਿਲ ਸਿਆਂ ਤੇਰੇ ਵਰਗੇ ਸ਼ੇਰਾਂ ਉਪਰ ਮੈਨੂੰ ਬਹੁਤ ਮਾਣ ਹੈ। ਤੇਰੀ ਚੜ੍ਹਦੀ ਕਲਾ ਤੇ ਤਿਆਰੀ ਤੋਂ ਯਕੀਨ ਕਰਨਾ

ਪੈਂਦਾ ਹੈ ਕਿ ਮਹੰਤ ਬਹੁਤਾ ਚਿਰ ਨਨਕਾਣੇ ਨਹੀਂ ਟਿਕ ਸਕੇਗਾ।"

ਇਸ ਦੀਵਾਨ ਦੀ ਯਾਨੀ ਧਾਰੋਵਾਲੀ ਕਾਨਫਰੰਸ ਦੀ ਕਾਰਵਾਈ ਦੀ ਖ਼ਬਰ ਮਹੰਤ ਨਰਾਇਣ ਦਾਸ ਨੂੰ ਵੀ ਪੁੱਜ ਗਈ ਸੀ। ਉਸਨੇ ਆਪਣੇ ਆਪ ਨੂੰ ਸੁਧਾਰਨ ਦੀ ਜਗਾ ਨਵੰਬਰ 1920 ਨੂੰ 400 ਗੁੰਡੇ ਇਕੱਠੇ ਕਰ ਲਏ ਤੇ ਉਹਨਾਂ ਨੂੰ ਤਨਖ਼ਾਹ ਤੇ ਰੱਖ ਲਿਆ। ਬਦਮਾਸ਼ਾਂ ਦੇ ਬਦਮਾਸ਼ ਯਾਰ ਹੁੰਦੇ ਨੇ। ਮਹੰਤ ਨੇ ਰਾਂਝੇ ਤੇ ਰਿਹਾਨੇ ਵਰਗੇ ਖ਼ਤਰਨਾਕ ਬਦਮਾਸ਼ਾਂ ਨਾਲ ਆਪਣਾ ਮੇਲ ਜੋਲ ਸ਼ੁਰੂ ਕਰ ਦਿੱਤਾ। ਇਹਨਾਂ ਬਦਮਾਸ਼ਾਂ ਨਾਲ ਉਸਨੇ ਕਈ ਵਾਰੀ ਦਾਰੂ ਦੀਆਂ ਮਹਿਫਲਾਂ ਸਜਾਈਆਂ। ਉਹਨਾਂ ਨੂੰ ਕੰਜਰੀਆਂ ਦੇ ਮੁਜਰੇ ਵਖਾਏ ਤੇ ਉਹਨਾਂ ਨੂੰ ਮਾਸਿਕ ਤਨਖ਼ਾਹ ਦੇਣੀ ਵੀ ਮੰਨ ਲਈ। ਜਦੋਂ ਇਲਾਕੇ ਦੇ ਗ਼ੈਰ ਸਮਾਜਿਕ ਤੱਤਾਂ ਨੂੰ ਪਤਾ ਲਗਾ ਕਿ ਉਹਨਾਂ ਦੇ ਚਿਹਨ-ਚੱਕਰ ਮਹੰਤ ਨਾਲ ਰਲਦੇ ਮਿਲਦੇ ਹਨ ਤਾਂ ਉਹ ਮਹੰਤ ਕੋਲ ਵਹੀਰਾਂ ਘੱਤਣ ਲਗਾ। ਮਹੰਤ ਉਹਨਾਂ ਨੂੰ ਗੁਰਦੁਆਰੇ ਵਿੱਚ ਪੂਰੀ ਗੁੰਡਾ-ਗਰਦੀ ਦੀ ਖੁਲ੍ਹ ਦੇਣ ਲਗਾ। ਸਾਰਾ ਜਾਂਦਾ ਵੇਖੀਏ ਅੱਧਾ ਦਈਏ ਲੁੱਟਾ। ਮਹੰਤ ਨੇ ਆਪਣੀ ਸੋਨੇ ਦੀ ਲੰਕਾ ਲੁਟਦੀ ਵੇਖਕੇ ਗੁੰਡਿਆਂ ਤੇ ਬਦਮਾਸ਼ਾਂ ਦੀ ਓਟ ਲੈਣੀ ਸ਼ੁਰੂ ਕਰ ਦਿੱਤੀ।

ਮਹੰਤ ਨੇ ਆਪਣੀਆਂ ਤਿਆਰੀਆਂ ਜਾਰੀ ਰੱਖੀਆਂ। ਉਸਨੇ 12 ਨਵੰਬਰ ਨੂੰ ਅਖਾੜਾ ਸੰਗਲਾਂ ਵਾਲੇ ਅੰਮ੍ਰਿਤਸਰ ਵਿੱਚ ਸਾਰੇ ਪੰਜਾਬ ਦੇ ਮਹੰਤਾਂ ਦੀ ਇਕ ਮੀਟਿੰਗ ਬੁਲਾ ਲਈ। ਮਹੰਤ ਗੋਬਿੰਦ ਦਾਸ ਦੀ ਪ੍ਰਧਾਨਗੀ ਹੇਠ 54 ਮਹੰਤਾਂ ਦਾ ਇਕ ਭਾਰੀ ਇਕੱਠ ਹੋਇਆ। ਇਸ ਇਕੱਤਰਤਾ ਵਿੱਚ ਖ਼ਾਸ ਕਰੇਕ ਮਹੰਤ ਨਰਾਇਣ ਦਾਸ ਨੇ ਅਕਾਲੀ ਲੀਡਰਾਂ ਦੀ ਸ਼ਿਕਾਇਤਾਂ ਨੂੰ ਬੇਤੁਕਾ ਤੇ ਨਿਰਧਾਰ ਦੱਸਿਆ। ਉਸਦਾ ਵਿਚਾਰ ਸੀ ਕਿ ਕੁਝ ਸਰਾਰਤੀ ਸਿੱਖ ਆਗੂ ਆਪਦੀ ਫੋਕੀ ਸ਼ੋਹਰਤ ਵਾਸਤੇ ਫਜ਼ੂਲ ਰੌਲਾ ਰਪਾ ਪਾ ਰਹੇ ਹਨ ਤੇ ਮਨਘੜਤ ਵਾਰਦਾਤਾਂ ਘੜ ਕੇ ਸਿੱਖ ਪੰਥ ਨੂੰ ਗੁਮਰਾਹ ਕਰਨਾ ਚਾਹੁੰਦੇ ਹਨ। ਅਸਲ ਵਿੱਚ ਇਹ ਸ਼ਰਾਰਤੀ ਆਗੂ ਗੁਰਦੁਆਰਾ ਨਨਕਾਣਾ ਸਾਹਿਬ ਦਾ ਇੰਤਜ਼ਾਮ ਸਰਕਾਰ ਵਲੋਂ ਮੁਕੱਰਰ ਕੀਤੇ ਮਹੰਤ ਪਾਸੋਂ ਧੱਕੇ ਨਾਲ ਕਬਜ਼ਾ ਲੈਣਾ ਚਾਹੁੰਦੇ ਹਨ। ਸਰਕਾਰ ਮੇਰੇ ਨਾਲ ਹੈ। ਸਾਰੇ ਪੁਲਸ ਤੇ ਸਿਵਲ ਅਫ਼ਸਰ ਵੀ ਇਹਨਾਂ ਸ਼ਰਾਰਤੀ ਅਕਾਲੀ ਆਗੂਆਂ ਤੋਂ ਖਫ਼ਾ ਹਨ। ਪਿਆਰੇ ਦੋਸਤੋ ਸਾਡੀਆਂ ਗਦੀਆਂ ਜੱਦੀ ਹਨ ਤੇ ਵਕਤ ਦੀ ਹਕੂਮਤ ਨੇ ਸਾਨੂੰ ਆਪ ਸੌਂਪੀਆਂ ਹਨ। ਅਸੀਂ ਹਕੂਮਤ ਨੂੰ ਗੁਜਾਰਸ਼ ਕਰਦੇ ਹਾਂ ਕਿ ਇਹਨਾਂ ਸ਼ਰਾਰਤੀ ਤੇ ਭੂਤਰੇ ਹੋਏ ਅੰਸਰਾਂ ਨੂੰ ਜਲਦੀ ਤੋਂ ਜਲਦੀ ਠੱਲ ਪਾਈ ਜਾਵੇ ਤਾਂ ਕਿ ਨਨਕਾਣਾ ਸਾਹਿਬ ਦਾ ਮੁਕੱਦਸ ਨਾਮ ਸਾਰੇ ਜਗਤ ਵਿੱਚ ਬਦਨਾਮ ਨਾ ਹੋਵੇ।

ਇਸ ਇਕੱਤਰਤਾ ਵਿੱਚ ਹਰਨਾਂ ਤੋਂ ਇਲਾਵਾ ਇਕ ਰਈਸ ਤੇ ਜਗੀਰਦਾਰ ਸਿੰਘ ਕਰਤਾਰ ਸਿੰਘ ਬੇਦੀ ਵੀ ਸਰਕਾਰੀ ਏਜੰਟ ਹੋਣ ਕਾਰਨ ਮਹੰਤ ਨਰੈਣ ਦਾਸ ਦੀ ਪੂਰੀ ਪਿੱਠ ਠੋਕਦਾ ਸੀ। ਨਰਾਇਣ ਦਾਸ ਨੇ ਬੇਦੀ ਨਾਲ ਰੱਲਕੇ ਸੱਠ ਹਜ਼ਾਰ ਰੁਪੈ ਇਕੱਠੇ ਕੀਤੇ ਤਾਂ ਕਿ ਲਾਹੌਰ ਤੋਂ ਇਕ ਹਫ਼ਤਾਵਾਰੀ ਰਸਾਲਾ ਸੰਤ ਸੇਵਕ ਕੱਢਿਆ

ਜਾਵੇ। ਇਹ ਰਸਾਲਾ ਹਜ਼ਾਰਾਂ ਦੀ ਗਿਣਤੀ ਵਿੱਚ ਛਪਦਾ ਤੇ ਸਾਰੇ ਇਤਿਹਾਸਿਕ ਗੁਰਧਾਮਾਂ ਤੇ ਮੁਫ਼ਤ ਵੰਡਿਆ ਜਾਂਦਾ ਸੀ। ਇਸ ਵਿੱਚ ਅਕਾਲੀਆਂ ਵਿਰੁੱਧ ਕੂੜ ਪ੍ਰਚਾਰ ਕੀਤਾ ਜਾਂਦਾ ਸੀ। ਇਹ ਵੀ ਪ੍ਰਚਾਰਿਆ ਜਾਂਦਾ ਸੀ ਕਿ ਸਰਕਾਰ ਅਕਾਲੀਆਂ ਨੂੰ ਨੱਥ ਪਾਉਣ ਬਾਰੇ ਗੰਭੀਰਤਾ ਨਾਲ ਸੋਚ ਰਹੀ ਹੈ ਤੇ ਜਲਦੀ ਹੀ ਮਹੰਤਾਂ ਦੀ ਹਿਫ਼ਾਜ਼ਤ ਲਈ ਕੋਈ ਸਖ਼ਤ ਕਦਮ ਚੁੱਕਣ ਵਾਲੀ ਹੈ। ਜਦੋਂ ਸੰਤ ਸੇਵਕ ਦਾ ਇਕ ਪਰਚਾ ਜਥੇਦਾਰ ਟਹਿਲ ਸਿੰਘ ਪਾਸ ਪਹੁੰਚਾ ਤਾਂ ਉਸਨੇ ਥਾਂ-ਥਾਂ ਲੋਕਾਂ ਨੂੰ ਇਕੱਠੇ ਕਰਕੇ, ਮਹੰਤਾਂ ਦੀਆਂ ਕੁਚਾਲਾਂ ਤੇ ਸਾਜਿਸ਼ਾਂ ਨੂੰ ਨੰਗਿਆਂ ਕੀਤਾ। ਜਥੇਦਾਰ ਨੇ ਲੋਕਾਂ ਨੂੰ ਕਿਹਾ, "ਅਬਲ ਤਾਂ ਸਰਕਾਰ ਅਕਾਲੀਆਂ ਵਿਰੁੱਧ ਕੋਈ ਸਖ਼ਤ ਕਦਮ ਨਹੀਂ ਚੁਕੇਗੀ ਪਰ ਜੇ ਚੁੱਕੇਗੀ ਵੀ ਤਾਂ ਉਸਨੇ ਪਹਿਲਾਂ ਹੀ ਅਕਾਲੀਆਂ ਦੇ ਹੱਥ ਵੇਖ ਲਏ ਹਨ। ਸਾਨੂੰ ਤਾਂ ਸਰਕਾਰ ਇਹ ਕਹਿੰਦੀ ਹੈ ਕਿ ਇਹ ਸਿੱਖਾਂ ਦਾ ਜ਼ਾਤੀ ਮਾਮਲਾ ਹੈ। ਇਸ ਲਈ ਉਹ ਇਸ ਝਗੜੇ ਵਿੱਚ ਮੁਦਾਖ਼ਲਤ ਨਹੀਂ ਕਰੇਗੀ। ਇਸ ਲਈ ਮਹੰਤ ਦਾ ਇਹ ਸਰਾਸਰ ਪ੍ਰਾਪੇਗੰਡਾ ਹੈ। ਬਾਕੀ ਮਹੰਤਾਂ ਦੀ ਔਕਾਲ ਅਸੀਂ ਜਾਣਦੇ ਹਾਂ। ਪਰ ਸਾਨੂੰ ਪੂਰਾ ਸ਼ੱਕ ਹੈ ਕਿ ਸਰਕਾਰ ਮਹੰਤਾਂ ਨਾਲ ਵਿਚੋਂ ਵਿੱਚ ਮਿਲੀ ਹੋਈ ਹੈ ਤੇ ਮਹੰਤ ਕੇਵਲ ਸਰਕਾਰੀ ਸ਼ਹਿ ਤੇ ਹੀ ਇਹ ਦਮਗਜੇ ਮਾਰ ਰਹੇ ਨੇ।"

ਐਤਕੀ 26 ਨਵੰਬਰ ਵਿੱਚ ਜਦ ਨਨਕਾਣੇ ਦਾ ਮੇਲਾ ਆਇਆ ਤਾਂ ਮਹੰਤ ਨੇ ਦਹਿਸ਼ਤ ਵਿੱਚ ਹੀ ਤਕੀਰਬਨ ਚਾਰ ਸੌ ਤੋਂ ਵੱਧ ਬੰਦੇ ਇਕੱਠੇ ਕਰਕੇ ਗੁਰਦੁਆਰੇ ਦੇ ਇਰਦ-ਗਿਰਦ ਤਾਇਨਾਤ ਕਰ ਰੱਖੇ ਸਨ। ਮਹੰਤ ਵਲੋਂ ਹੁਕਮ ਸੀ ਕਿ ਕੋਈ ਬੰਦਾ ਕਿਰਪਾਨ ਲੈ ਕੇ ਗੁਰਦੁਆਰੇ ਵਿੱਚ ਪ੍ਰਵੇਸ਼ ਨਾ ਕਰੇ। ਮੇਲੇ ਵਾਲੇ ਦਿਨ ਭਾਈ ਲਛਮਣ ਸਿੰਘ ਤੇ ਟਹਿਲ ਸਿੰਘ, ਆਪਣੇ ਇਲਾਕੇ ਦੇ ਕੁਝ ਸਿੰਘਾਂ ਨੂੰ ਨਾਲ ਲੈ ਕੇ ਗੁਰਦੁਆਰਾ ਜਨਮ ਸਥਾਨ ਸਾਹਿਬ ਆਏ। ਅਜੇ ਉਹ ਡਿਉੜੀ ਲੰਘੇ ਹੀ ਸਨ ਕਿ ਮਹੰਤ ਦੇ ਗੁੰਡਿਆਂ ਨੇ ਬਰਛਿਆਂ ਤੇ ਕਿਰਪਾਨਾਂ ਨਾਲ ਉਹਨਾਂ ਨੂੰ ਘੇਰ ਲਿਆ। ਉਹਨਾਂ ਦੀ ਕਿਸਮਤ ਚੰਗੀ ਸੀ। ਉਸ ਵਕਤ ਸ਼ੇਖ਼ੂਪੁਰੇ ਦੇ ਡੀ.ਸੀ. ਤੇ ਖ਼ੁਫ਼ੀਆ ਪੁਲੀਸ ਦੇ ਮੁੱਖੀ ਪ੍ਰਕਰਮਾਂ ਵਿੱਚ ਹਾਜ਼ਿਰ ਸਨ। ਇਹ ਅਫ਼ਸਰ ਸਰਕਾਰ ਵਲੋਂ ਮੌਕੇ ਦਾ ਜਾਇਜ਼ਾ ਲੈਣ ਉੱਥੇ ਆਏ ਸਨ। ਮਹੰਤ ਨੂੰ ਸ਼ੱਕ ਸੀ ਕਿ ਮੇਲੇ ਦੇ ਦਿਨਾਂ ਵਿੱਚ ਅਕਾਲੀ ਸ਼ਾਇਦ ਗੁਰਦੁਆਰੇ ਉਪਰ ਕਬਜ਼ਾ ਕਰਨ ਦੀ ਤਜ਼ਵੀਜ਼ ਬਣਾਉਣ। ਉਹਨਾਂ ਦੀ ਅਜਿਹੀ ਕੋਈ ਸਲਾਹ ਨਹੀਂ ਸੀ। ਪਰ ਜੇਕਰ ਉਸ ਦਿਨ ਡੀ.ਸੀ. ਸਾਹਿਬ ਨਨਕਾਣੇ ਨਾ ਹੁੰਦੇ ਤਾਂ ਮਹੰਤ ਦੇ ਗੁੰਡਿਆਂ ਨੇ ਇਹਨਾਂ ਦੋਵਾਂ ਆਗੂਆਂ ਨੂੰ ਜ਼ਰੂਰ ਸੱਟਾਂ ਲਾਉਣੀਆਂ ਸਨ। ਪਰ ਉੱਚ ਅਫ਼ਸਰਾਂ ਦੀ ਹਾਜ਼ਰੀ ਕਾਰਨ ਮਹੰਤ ਇਹਨਾਂ ਸਿੰਘਾਂ ਦਾ ਕੁਝ ਨਾ ਵਗਾੜ ਸਕਿਆ।

ਗੁਰਪੁਰਬ ਉਪਰੰਤ ਮਹੰਤ ਨੇ ਕੁਝ ਭਾੜੇ ਦੇ ਟੱਟੂ ਵਾਪਿਸ ਭੇਜ ਦਿੱਤੇ ਸਨ। ਪਰ ਰਾਂਝੇ ਤੇ ਰਿਹਾਣੇ ਵਰਗੇ ਦਸ ਨੰਬਰੀਏ ਉਸ ਨੇ ਆਪਣੇ ਪਾਸ ਬਤੌਰ ਅੰਗ-ਰੱਖਿਅਕ ਰੱਖ ਲਏ ਸਨ। ਪਰ ਮਹੰਤ ਨੂੰ ਖ਼ਦਸ਼ਾ ਸੀ ਕਿ ਅਕਾਲੀ ਫਿਰ ਵੀ ਵੇਲੇ ਕੁਵੇਲੇ ਰਾਤ

ਬਰਾਤੇ ਉਸ ਉਪਰ ਹਮਲਾ ਕਰ ਸਕਦੇ ਹਨ। ਅਕਾਲੀਆਂ ਦੇ ਭੈ ਕਾਰਨ, ਮਹੰਤ ਰਾਤ ਸ਼ਰਾਬ ਤੋਂ ਬਿਨਾਂ ਸੌਂ ਨਹੀਂ ਸੀ ਸਕਦਾ। ਉਸਨੂੰ ਤਾਂ ਗੁਰਦੁਆਰੇ ਉਪਰ ਆਪਣਾ ਕਬਜ਼ਾ ਬਣਾਈ ਰੱਖਣ ਦੀ ਧੁੰਨ ਲਗੀ ਹੋਈ ਸੀ। ਉਸਨੇ ਕਦੇ ਨਹੀਂ ਸੀ ਸੋਚਿਆ ਕਿ ਇਹ ਸਿੱਧ ਧਰਮ ਦੇ ਪੈਗੰਬਰ ਗੁਰੂ ਨਾਨਕ ਦੇ ਜਨਮ ਅਸਥਾਨ ਨਾਲ ਸਬੰਧਤ ਗੁਰਦੁਆਰਾ ਹੈ। ਇਸ ਦੀ ਹਰਗਿਜ਼ ਬੇਹੁਰਮਤੀ ਨਹੀਂ ਹੋਣੀ ਚਾਹੀਦੀ। ਉਹ ਕੋਈ ਨਹੀਂ ਸੀ ਤੇ ਨਾ ਹੀ ਸਿੱਖ ਮਜ਼੍ਹਬ ਵਿੱਚ ਉਸਦੀ ਕੋਈ ਆਸਥਾ ਸੀ। ਉਸ ਲਈ ਤਾਂ ਇਹ ਜਗੀਰ ਸੀ, ਜਿਸ ਦੀ ਹਰ ਹੀਲੇ ਉਹ ਪੈਰ ਬੰਨ੍ਹ ਕੇ ਹਿਫਾਜ਼ਿਤ ਕਰਨੀ ਚਾਹੁੰਦਾ ਸੀ। ਇਸ ਲਈ ਉਸਨੇ ਲਕੜ ਦਾ ਗੇਟ ਲਾਹਕੇ ਲੋਹੇ ਦਾ ਗੇਟ ਲਗਵਾ ਲਿਆ ਤੇ ਸਾਰੀ ਈਮਾਰਤ ਦੀ ਕਿਲੇ ਬੰਦੀ ਕਰਨੀ ਸ਼ੁਰੂ ਕਰ ਦਿੱਤੀ। ਉਸਨੇ ਇਕ ਮਕਸਦ ਲਈ ਗੁਰਦੁਆਰੇ ਦੀ ਹਦੂਦ ਵਿੱਚ ਛੱਤਾਂ ਤੇ ਇੱਟਾਂ ਪੱਥਰ ਵੀ ਇਕੱਠੇ ਕਰ ਲਏ। ਉਸਨੇ ਸਰਕਾਰ ਦੀ ਮੱਦਦ ਨਾਲ ਗੁਰਦੁਆਰੇ ਵਿੱਚ ਬੰਦੂਕਾਂ, ਪਸਤੌਲ ਤੇ ਢੇਰ ਸਾਰਾ ਅਸਲਾ ਵੀ ਇਕੱਠਾ ਕਰ ਲਿਆ।

ਮਹੰਤ ਦੀਆਂ ਇਸ ਤਿਆਰੀਆਂ ਦੀ ਸਰਕਾਰ ਨੂੰ ਪੂਰੀ ਖ਼ਬਰ ਸੀ ਪਰ ਸਿੰਘਾਂ ਨੂੰ ਤਫ਼ਸੀਲ ਵਿੱਚ ਤਿਆਰੀ ਦੀ ਜਾਣਕਾਰੀ ਨਹੀਂ ਸੀ। ਪਰ ਸਰਕਾਰ ਨੇ ਤਾਂ ਇਕ ਸਾਜਿਸ਼ ਅਧੀਨ ਚੁੱਪ ਵੱਟੀ ਹੋਈ ਸੀ ਪਰ ਅਕਾਲੀ ਆਗੂ ਤਾਂ ਇਸ ਤਿਆਰੀ ਬਾਰੇ ਚਾਰ ਚੁਫੇਰੇ ਪੂਰਾ ਰੌਲਾ ਰੱਪਾ ਪਾ ਰਹੇ ਸਨ। ਪੂਰੇ ਸਿੱਖ ਜਗਤ ਨੂੰ ਮਹੰਤ ਦੀਆਂ ਕਰਤੂਤਾਂ ਦੀ ਖ਼ਬਰ ਪਹੁੰਚ ਚੁੱਕੀ ਸੀ। ਸੰਗਤ ਗੁਰਦੁਆਰੇ ਦਾ ਕਬਜ਼ਾ ਲੈਣ ਲਈ ਪੂਰਾ ਦਬਾਅ ਪਾ ਰਹੀ ਸੀ ਪਰ ਸ਼੍ਰੋਮਣੀ ਕਮੇਟੀ ਵਿੱਚ ਕੁਰਬਾਨੀ ਵਾਲੇ ਸਿੱਖਾਂ ਦੀ ਕੁਝ ਘਾਟ ਸੀ। ਉਹ ਗਲਬਾਤ ਨਾਲ ਇਹ ਮਸਲਾ ਹੱਲ ਕਰਨਾ ਚਾਹੁੰਦੇ ਸਨ। ਇਲਾਕੇ ਦੇ ਇਕ ਪ੍ਰਸਿੱਧ ਆਗੂ ਕਰਤਾਰ ਸਿੰਘ ਝੱਬਰ ਨੇ 12 ਜਨਵਰੀ 1921 ਨੂੰ ਸ਼੍ਰੋਮਣੀ ਕਮੇਟੀ ਅੰਮ੍ਰਿਤਸਰ ਨੂੰ ਇੱਕ ਪੱਤਰ ਭੇਜਿਆ ਕਿ ਕਮੇਟੀ ਨੂੰ ਨਨਕਾਣਾ ਸਾਹਿਬ ਦੇ ਮਹੰਤ ਨੂੰ ਸੁਧਾਰਨ ਜਾਂ ਹਟਾਉਣ ਦੀ ਪੁਰਜ਼ੋਰ ਤੇ ਤੁਰੰਤ ਕੋਸ਼ਿਸ਼ ਕਰਨੀ ਚਾਹੀਦੀ ਹੈ। ਅਜਿਹਾ ਨਾ ਹੋਵੇ ਕਿ ਸੰਗਤ ਨਿਰਾਜ਼ ਹੋਕੇ ਆਪ ਹੀ ਨਨਕਾਣੇ ਵੱਲ ਵਹੀਰਾਂ ਘਤ ਦੇਵੇ। ਇਸ ਗਲ ਤੋਂ ਪਹਿਲਾਂ ਸ਼੍ਰੋਮਣੀ ਕਮੇਟੀ ਨੂੰ ਸੰਗਤ ਦੇ ਭਾਰੀ ਰੋਸ ਨੂੰ ਦੂਰ ਕਰਨਾ ਚਾਹੀਦਾ ਹੈ।

21 ਜਨਵਰੀ 1921 ਨੂੰ ਸ੍ਰੀ ਅਕਾਲ ਤਖ਼ਤ ਉਪਰ ਸ਼੍ਰੋਮਣੀ ਕਮੇਟੀ ਦੀ ਜਥੇਦਾਰ ਝੱਬਰ ਦੀ ਆਈ ਚਿੱਠੀ ਤੇ ਵਿਚਾਰਾਂ ਹੋਈਆਂ। ਸਭ ਨੇ ਸਰਬ ਸੰਮਤੀ ਨਾਲ ਫੈਸਲਾ ਕੀਤਾ ਕਿ 4-5-6 ਮਾਰਚ 1921 ਨੂੰ ਨਨਕਾਣਾ ਸਾਹਿਬ ਵਿੱਚ ਇਕ ਭਾਰੀ ਦੀਵਾਨ ਕੀਤਾ ਜਾਵੇ ਤੇ ਮਹੰਤ ਨੂੰ ਸੁਧਰਨ ਵਾਸਤੇ ਆਖਿਆ ਜਾਵੇ। ਇਸ ਫੈਸਲੇ ਸੰਬੰਧੀ ਇਕ ਖੁਲ੍ਹਾ ਚਿੱਠਾ ਛਾਪ ਕੇ ਸੰਗਤ ਵਿੱਚ ਵੰਡਿਆ ਗਿਆ। ਇਸ ਪੱਤਰ ਵਿੱਚ ਸ਼੍ਰੋਮਣੀ ਕਮੇਟੀ ਨੂੰ ਸਰਕਾਰ ਦਾ ਅਕਾਲੀ ਆਗੂਆਂ ਨੂੰ ਪੁਰਜ਼ੋਰ ਅਪੀਲ ਕੀਤੀ ਗਈ ਸੀ ਕਿ ਆਪਣੇ ਅਸਰ ਰਸੂਖ ਨਾਲ ਮਹੰਤ ਨੂੰ ਸਮਝਾਉਣ ਬੁਝਾਉਣ

ਕਿ ਉਹ ਗੁਰਦੁਆਰਾ ਸਾਹਿਬ ਬਿਨ੍ਹਾਂ ਕਿਸੇ ਦੇਰ ਦੇ ਸਿੱਖ ਪੰਥ ਦੇ ਹਵਾਲੇ ਕਰਕੇ ਆਪ ਲਾਂਭੇ ਹੋ ਜਾਵੇ। ਇਹ ਚਿੱਠੀ ਅੰਗਰੇਜ਼ੀ ਹਕੂਮਤ ਦੇ ਸਾਰੇ ਵੱਡੇ ਅਫ਼ਸਰਾਂ ਤੇ ਖ਼ਾਸ ਕਰਕੇ ਗਵਰਨਰ ਪੰਜਾਬ ਪਾਸ ਭੇਜੀ ਗਈ। 6 ਫ਼ਰਵਰੀ 1921 ਨੂੰ ਸ਼੍ਰੋਮਣੀ ਕਮੇਟੀ ਨੇ ਲਛਮਣ ਸਿੰਘ ਧਾਰੋਵਾਲੀ, ਕਰਤਾਰ ਸਿੰਘ ਝੱਬਰ, ਜਥੇਦਾਰ ਟਹਿਲ ਸਿੰਘ, ਦਲੀਪ ਸਿੰਘ ਸਾਂਗਲਾ, ਤੇਜਾ ਸਿੰਘ ਸਮੁੰਦਰੀ ਤੇ ਬਖ਼ਸ਼ੀਸ਼ ਸਿੰਘ ਦੀ ਇਕ ਕਮੇਟੀ ਗਠਤ ਕੀਤੀ ਗਈ, ਜਿਸਦਾ ਕੰਮ ਨਨਕਾਣਾ ਸਾਹਿਬ ਹੋਣ ਵਾਲੀ ਕਾਨਫਰੰਸ ਵਿੱਚ ਸੰਗਤ ਦੇ ਲੰਗਰ ਦਾ ਖੁਲ੍ਹਾ ਪ੍ਰਬੰਧ ਕਰਨਾ ਸੀ। ਇਸ ਲੰਗਰ ਵਿੱਚ, ਸੰਗਤਾਂ ਵਿਚੋਂ ਵਧ ਤੋਂ ਵਧ 501 ਰੁਪੈ ਦਾਨ ਕੀਤੇ ਪਰ ਜਥੇਦਾਰ ਟਹਿਲ ਸਿੰਘ ਇਕੱਲੇ ਨੇ 4000 ਰੁਪੈ ਦਾਨ ਵਜੋਂ ਲੰਗਰ ਲਈ ਜਮ੍ਹਾਂ ਕਰਵਾਏ। ਇਸ ਸਿਲਸਿਲੇ ਵਿੱਚ ਲੰਗਰ ਲਈ ਮਾਇਆ ਇਕੱਠੀ ਕਰਨ ਲਈ ਪਿੰਡੋ-ਪਿੰਡ ਗਿਆ। ਉਸਨੇ 21000 ਰੁਪੈ ਇਕੱਤਰ ਕਰਕੇ ਜਥੇਦਾਰ ਧਾਰੋਵਾਲੀ ਕੋਲ ਜਮ੍ਹਾਂ ਕਰਵਾ ਦਿੱਤੇ। ਉਧਰ ਸਿੰਘਾਂ ਵਲੋਂ ਤਿਆਰੀਆਂ ਹੋ ਰਹੀਆਂ ਸਨ ਕਿ ਨਨਕਾਣੇ ਇਕੱਠੇ ਹੋਕੇ ਗੁਰਦੁਆਰਾ ਸਾਹਿਬ ਤੇ ਕਬਜ਼ਾ ਕਰ ਲਿਆ ਜਾਵੇ, ਉਧਰ ਮਹੰਤ ਸਿੰਘਾਂ ਨੂੰ ਗਲਬਾਤ ਵਿੱਚ ਉਲਝਾ ਕੇ ਸਿੰਘਾਂ ਦਾ ਟਾਕਰਾ ਕਰਨ ਲਈ ਬਦਮਾਸ਼ ਤੇ ਹਥਿਆਰ ਇਕੱਠੇ ਕਰ ਰਿਹਾ ਸੀ।

ਮਹੰਤ ਨਰਾਇਣ ਦਾਸ ਦੀਆਂ ਕਲਾਬਾਜ਼ੀਆਂ

ਕਹਿੰਦੇ ਹਨ ਕਿ ਨਨਕਾਣਾ ਸਾਹਿਬ ਵਾਲੇ ਦੀਵਾਨ ਨਾਲ ਮਹੰਤ ਡਰ ਗਿਆ ਸੀ। ਉਸਨੇ ਜਥੇਦਾਰ ਝੱਬਰ ਨਾਲ ਗਲਬਾਤ ਕਰਨ ਲਈ ਵਿਚੋਲੇ ਪਾਏ। ਮਹੰਤ ਨੇ ਆਪਣੇ ਵਲੋਂ ਇਹ ਸੁਰਤ ਰੱਖੀ ਕਿ ਉਹ ਨਨਕਾਣਾ ਸਾਹਿਬ ਬਾਰੇ ਨਵੀਂ ਕਮੇਟੀ ਨੂੰ ਮੰਨਣ ਲਈ ਤਿਆਰ ਹੈ। ਪਰ ਉਸਨੇ ਕੁਝ ਸ਼ਰਤਾਂ ਵੀ ਰੱਖੀਆਂ ਸਨ। ਪਹਿਲੀ ਸ਼ਰਤ ਸੀ ਕਿ ਉਸਨੂੰ ਕੱਢਿਆ ਨਾ ਜਾਵੇ। ਦੂਜਾ-ਉਹ ਵੀ ਇਸ ਕਮੇਟੀ ਦਾ ਮੈਂਬਰ ਹੋਵੇ। ਤੀਜਾ ਉਸਨੂੰ ਤਨਖ਼ਾਹ ਦੀ ਬਜਾਏ, ਆਮਦਨ ਦਾ ਕੁੱਝ ਹਿੱਸਾ ਦਿੱਤਾ ਜਾਵੇ। ਝੱਬਰ ਸਾਹਿਬ ਨੇ ਕਹਿੰਦੇ ਹਨ, ਪਹਿਲੀ ਤੇ ਤੀਜੀ ਸ਼ਰਤ ਤੁਰੰਤ ਮੰਨਣ ਦਾ ਵਾਅਦਾ ਕੀਤਾ ਪਰ ਦੂਜੀ ਸ਼ਰਤ ਬਾਰੇ ਮਹੰਤ ਨੂੰ ਕਿਹਾ ਗਿਆ ਕਿ ਇਸਦਾ ਅੰਤਿਮ ਫੈਸਲਾ ਸ਼੍ਰੋਮਣੀ ਕਮੇਟੀ ਖ਼ੁਦ ਕਰੇਗੀ। ਜਦੋਂ ਇਸ ਪੇਸ਼ਕਸ਼ ਦੀ ਖ਼ਬਰ ਸ਼੍ਰੋਮਣੀ ਕਮੇਟੀ ਨੂੰ ਦਿੱਤੀ ਗਈ ਤਾਂ ਉਸਨੇ ਅਗਲੇਰੀ ਕਾਰਵਾਈ ਕਰਦਿਆਂ ਇਸ ਬਾਰੇ ਇਕ ਸਬ-ਕਮੇਟੀ ਬਣਾ ਦਿੱਤੀ। ਇਸ ਸਬ-ਕਮੇਟੀ ਵਿੱਚ ਭਾਈ ਕਰਤਾਰ ਸਿੰਘ ਝੱਬਰ, ਭਾਈ ਜੋਧ ਸਿੰਘ, ਤੇਜਾ ਸਿੰਘ ਸਮੁੰਦਰੀ, ਬੂਟਾ ਸਿੰਘ ਸ਼ੇਖ਼ੂਪੁਰਾ ਵਕੀਲ ਤੇ ਕੇਹਰ ਸਿੰਘ ਪੱਟੀ ਸ਼ਾਮਿਲ ਕੀਤੇ ਗਏ ਸਨ। ਇਸਦੇ ਫਲਸਰੂਪ ਮਹੰਤ ਨੂੰ 7-8 ਫ਼ਰਵਰੀ ਨੂੰ ਗੁਰਦੁਆਰਾ ਖਰਾ ਸੌਦਾ ਬੁਲਾਇਆ ਗਿਆ।

ਮਹੰਤ ਬੜਾ ਮਕਾਰ ਸੀ। ਉਸਨੇ ਸਿੰਘਾਂ ਨੂੰ ਗਲਬਾਤ ਦਾ ਝਾਂਸਾ ਦੇ ਕੇ ਹੋਰ ਪਾਸੇ ਲਗਾ ਦਿੱਤਾ ਤੇ ਆਪ ਰਾਤ ਦਿਨ ਜੰਗੀ ਤਿਆਰੀਆਂ ਕਰਨ ਲਗਾ। ਉਸਨੇ ਦੋ ਦਰਜਨ ਪਠਾਣ ਤਨਖ਼ਾਹ ਤੇ ਪੱਕੇ ਤੌਰ ਤੇ ਰੱਖ ਲਏ। ਜਿਹੜੇ ਗੁੰਡੇ ਤੇ ਬਦਮਾਸ਼ ਗੁਰਪੁਰਬ ਦੇ ਵੇਲੇ ਨਨਕਾਣੇ ਬੁਲਾਏ ਸਨ, ਉਹਨਾਂ ਨੂੰ ਵਾਪਿਸ ਸੱਦੇ ਭੇਜ ਦਿੱਤੇ ਰਾਂਝਾ ਤੇ ਰੇਹਾਣਾਂ ਤਾਂ ਪਹਿਲਾਂ ਹੀ ਰਾਤ ਦਿਨ ਉਸ ਕੋਲ ਹੀ ਡੇਰੇ ਲਾਏ ਬੈਠੇ ਸਨ। ਮਹੰਤ ਨੇ ਸਾਰੀ ਇਮਾਰਤ ਦੇ ਕਮਰਿਆਂ ਵਿੱਚ ਮੋਰੀਆਂ ਰਖਵਾ ਲਈਆਂ ਤਾਂ ਕਿ ਜ਼ਰੂਰਤ ਵੇਲੇ ਇਹਨਾਂ ਵਿਚੋਂ ਫਾਇਰ ਕੀਤੇ ਜਾਣ। ਮਹੰਤ ਨੇ ਆਪਣੇ ਗੁਮਾਸ਼ਤਿਆਂ ਨਾਲ ਰਾਬਤਾ ਕਾਇਮ ਕਰਦਿਆਂ ਹੋਇਆਂ ਸਰਬਤ ਮਹੰਤਾਂ, ਕੂਕਿਆਂ ਤੇ ਬੇਦੀ ਬਾਬਿਆਂ ਨੂੰ ਤੁਰੰਤ ਨਨਕਾਣਾ ਸਾਹਿਬ ਆਉਣ ਦਾ ਨਿਉਤਾ ਦਿੱਤਾ। ਉਸਨੇ ਵੀ ਆਪਣੇ ਸਰਬਤ ਹਮਾਇਤੀਆਂ ਤੇ ਯਾਰਾਂ ਬਾਸ਼ਿਆਂ ਦਾ ਇਕ ਇਕੱਠ ਗੁਰਦੁਆਰੇ ਦੀ ਹਦਦ ਵਿੱਚ ਬੁਲਾ ਲਿਆ। ਇਹਨਾਂ ਸਭਨਾਂ ਦੁਸ਼ਟਾਂ ਨੇ ਸੁਗੰਧ ਖਾਧੀ ਤੇ ਮਹੰਤ ਨੂੰ ਵਿਸ਼ਵਾਸ ਦਿਵਾਇਆ ਕਿ ਉਹ ਭੀੜ ਵੇਲੇ ਮਹੰਤ ਦਾ ਆਖ਼ਰੀ ਦਮ ਤੱਕ ਸਾਥ ਦੇਣਗੇ।

7 ਫ਼ਰਵਰੀ ਨੂੰ ਸੱਚੇ ਸੌਦੇ ਜੋ ਮਹੰਤ ਨੂੰ ਬੁਲਾਇਆ ਗਿਆ ਸੀ, ਉਸ ਦਿਨ ਉਹ ਖੁਦ ਤਾਂ ਨਾ ਗਿਆ ਪਰ ਉਸਨੇ ਚਹੇਤੇ ਸਾਥੀਆਂ ਮਹੰਤ ਸੁੰਦਰ ਦਾਸ ਤੇ ਹੀਰ ਦਾਸ ਨੂੰ ਭੇਜਿਆ। ਇਹਨਾਂ ਮਹੰਤਾਂ ਨੇ ਸੱਚੇ ਸੌਦੇ ਜਾ ਕੇ ਜਥੇਦਾਰ ਝੱਬਰ ਨਾਲ ਮੁਲਾਕਾਤ ਕੀਤੀ ਅਤੇ ਮਹੰਤ ਨਰਾਇਣ ਦਾਸ ਦਾ ਸੁਨੇਹਾ ਭੇਜਿਆ ਕਿ ਉਹ 15 ਫ਼ਰਵਰੀ ਨੂੰ ਸ਼ੇਖ਼ੂਪੁਰੇ ਮਿਲੇਗਾ। ਪਰ ਉਹ ਸ਼ੇਖ਼ੂਪੁਰੇ ਵੀ ਨਾ ਗਿਆ ਤੇ ਆਪਣੇ ਸਾਥੀ ਮਹੰਤ ਜੀਵਨ ਦਾਸ ਨੂੰ ਪੈਗਾਮ ਦੇ ਕੇ ਭੇਜਿਆ ਕਿ ਉਹ ਬੂਟਾ ਸਿੰਘ ਤੇ ਕਮੇਟੀ ਨੂੰ ਲਾਹੌਰ ਮਿਲੇਗਾ। ਬਾਅਦ ਵਿੱਚ ਪਤਾ ਲਗਾ ਕਿ ਉਹ ਇਸ ਤਰੀਕ ਨੂੰ ਵੀ ਲਾਹੌਰ ਨਹੀਂ ਪਹੁੰਚਿਆ। ਅਸਲ ਵਿੱਚ ਮਹੰਤ ਸਿੰਘਾਂ ਨੂੰ ਖਬੇ ਸਜੇ ਉਲਝਾ ਰਿਹਾ ਸੀ ਤੇ ਆਪ ਰਾਤ ਦਿਨ ਸਿੰਘਾਂ ਉਪਰ ਹਮਲੇ ਦੀ ਤਿਆਰੀ ਕਰ ਰਿਹਾ ਸੀ। 5 ਮਾਰਚ ਨੂੰ ਹੋਣ ਵਾਲੇ ਦੀਵਾਨ ਵਿੱਚ ਸਿੰਘਾਂ ਦੇ ਉੱਘੇ ਆਗੂਆਂ ਨੂੰ ਮਾਰਨ ਦੀ ਪੂਰੀ ਤਿਆਰੀ ਕਰੀ ਬੈਠਾ ਸੀ। ਅਕਾਲੀਆਂ ਨੇ ਆਪਣੇ ਜਸੂਸ ਮਹੰਤ ਦੀਆਂ ਕਾਰਵਾਈਆਂ ਜਾਨਣ ਲਈ ਰੱਖੇ ਹੋਏ ਸਨ। ਦੋਹਵੇਂ ਪਾਸੇ ਜਸੂਸ ਕੰਮ ਕਰ ਰਹੇ ਸਨ। ਮਹੰਤ ਦੀ ਸਿੰਘਾਂ ਨੂੰ ਮਾਰਨ ਦੀ ਸਾਜਿਸ਼ ਬਾਰੇ ਇਕ ਜਸੂਸ ਨੇ ਜੱਥੇਦਾਰ ਝੱਬਰ ਨੂੰ ਪੂਰੀ ਖ਼ਬਰ ਆਣ ਸੁਣਾਈ।

ਜੱਥੇਦਾਰ ਝੱਬਰ ਨੇ ਤੁਰੰਤ ਜੱਥੇਦਾਰ ਲਛਮਣ ਸਿੰਘ, ਜਥੇਦਾਰ ਟਹਿਲ ਸਿੰਘ ਤੇ ਬੂਟਾ ਸਿੰਘ ਨੂੰ ਸੱਚੇ ਸੌਦੇ ਆਉਣ ਲਈ ਸੱਦੇ ਭੇਜੇ। ਇਹ ਸਾਰੇ ਆਗੂ 17 ਫ਼ਰਵਰੀ ਨੂੰ ਮਿਲੇ ਅਤੇ ਲੰਮੀ ਸੋਚ ਵਿਚਾਰ ਉਪਰੰਤ ਫੈਸਲਾ ਹੋਇਆ ਕਿ ਮਹੰਤ ਨਰੈਣ ਦਾਸ ਦੀ ਘਿਣੌਣੀ ਸਾਜਿਸ਼ ਦਾ ਮੂੰਹ ਤੋੜਵਾਂ ਜਵਾਬ ਦਿੱਤਾ ਜਾਵੇ। ਇਹ ਵੀ ਤਹਿ ਕੀਤਾ ਗਿਆ ਕਿ 19 ਅਤੇ 20 ਫ਼ਰਵਰੀ ਵਾਲੀ ਰਾਤ ਨੂੰ ਲਾਇਲਪੁਰੋਂ, ਸੱਚੇ ਸੌਦਿਓਂ ਤੇ ਧਾਰੋਵਾਲੀ ਤੋਂ ਤਿੰਨ ਜੱਥੇ ਨਨਕਾਣੇ ਵਲ ਤੁਰਨ ਅਤੇ ਵੀਹ ਫ਼ਰਵਰੀ ਵਾਲੇ ਦਿਨ ਗੁਰਦੁਵਾਰੇ ਉਪਰ ਕਬਜ਼ਾ ਕਰ ਲਿਆ ਜਾਵੇ। ਇਸ ਗਲ ਬਾਰੇ ਸ਼੍ਰੋਮਣੀ ਕਮੇਟੀ ਨੂੰ ਕੋਈ ਇਤਲਾਹ ਨਾ ਦਿੱਤੀ ਜਾਵੇ, ਕਿਉਂਕਿ ਸ਼੍ਰੋਮਣੀ ਕਮੇਟੀ ਗਲਬਾਤ ਨਾਲ ਮਹੰਤ ਨੂੰ ਫਾਰਗ ਕਰਨ ਵਾਸਤੇ ਸੋਚ ਰਹੀ ਸੀ।

ਸ਼ਹੀਦੀ ਜੱਥੇ ਦੀ ਰਵਾਨਗੀ

ਜੱਥੇਦਾਰ ਟਹਿਲ ਸਿੰਘ ਨੇ ਜਾਂਦਿਆਂ ਹੀ ਆਪਣੇ ਸ਼ਹੀਦੀ ਜੱਥੇ ਦੇ ਬੰਦਿਆਂ ਨਾਲ ਤਾਲਮੇਲ ਕਰਨਾ ਸ਼ੁਰੂ ਕਰ ਦਿੱਤਾ। ਕੁਝ ਤਾਂ ਉਸਦੇ ਨਾਲ ਹੀ ਖ਼ਰੇ ਸੌਂਦੇ ਗਏ ਸਨ ਤੇ ਬਾਕੀਆਂ ਨੂੰ ਸੁਨੇਹੇ ਭੇਜੇ ਦਿੱਤੇ ਕਿ ਉਹ 19-20 ਫ਼ਰਵਰੀ ਦੀ ਰਾਤ ਬਾਬਾ ਚੇਤਨ ਦਾਸ ਦੀ ਕੁਟੀਆ ਵਿਖੇ ਇਕੱਤਰ ਹੋ ਜਾਣਾ ਜੱਥੇਦਾਰ ਵਲੋਂ ਇਹ ਵੀ ਹੁਕਮ ਹੋਇਆ ਕਿ ਸ਼ਹੀਦੀ ਜੱਥੇ ਵਿੱਚ ਜਾਣ ਵਾਲੇ ਸਾਰੇ ਸਿੰਘ ਕੇਸਰੀ ਪਗਾਂ ਤੇ ਨੀਲੇ ਬਾਣੇ ਪਹਿਨ ਕੇ ਆਉਣਾ। ਜੱਥੇਦਾਰ ਦੀ ਬੇਨਤੀ ਨੂੰ ਹੁਕਮ ਸਮਝ ਸਾਰੇ ਜਾਣੇ ਨੌਂ ਵਜੇ ਹੀ ਕੁਟੀਆ ਵਿਖੇ ਇਕੱਤਰ ਹੋ ਗਏ। ਦੋ ਜਾਣੇ ਅਜੇ ਹਾਜਿਰ ਨਹੀਂ ਹੋਏ ਸਨ। ਉਹਨਾਂ ਵਿੱਚ ਇਕ ਲੇਖਕ ਦਾ ਦਾਦਾ ਗੁਰਦਿੱਤ ਸਿੰਘ ਸੀ। ਜਦੋਂ ਉਸਦੇ ਚਚੇਰੇ ਭਾਈ ਚੰਦਾ ਸਿੰਘ ਤੇ ਗੰਗਾ ਸਿੰਘ ਉਸਦੇ ਘਰ ਪਤਾ ਕਰਨ ਗਏ ਤਾਂ ਉਹ ਜਾਂਦਿਆਂ ਨਰਮਾਂ ਤਕੜੀ ਨਾਲ ਤੋਲ ਰਿਹਾ ਸੀ। ਭਾਈਆਂ ਦੇ ਆਉਣ ਕਰਕੇ, ਉਹ ਤਕੜੀ ਸੁਟਕੇ ਤਿਆਰ ਹੋਣ ਲਗਾ ਤਾਂ ਇਕ ਜਿੰਮੀਦਾਰ ਪੰਜਾਬ ਸਿੰਘ ਚੇਲੇ ਨੇ ਉਸਨੂੰ ਮਜ਼ਬੂਰ ਕੀਤਾ ਕਿ ਉਹ ਪਹਿਲਾਂ ਉਸਦਾ ਨਰਮਾਂ ਤੋਲੇ ਤੇ ਫਿਰ ਜੱਥੇ ਨਾਲ ਜਾਵੇ। ਦੋਹਵੇਂ ਭਾਈ ਉਸਨੂੰ ਇਕ ਪਾਸੇ ਖਿੱਚ ਰਹੇ ਸਨ ਤੇ ਦੂਜੇ ਪਾਸੇ ਪੰਜਾਬ ਸਿੰਘ ਚੇਲਾ। ਚੇਲਾ ਬਹੁਤ ਜਿਦੀਆ ਤੇ ਅੜਬ ਸੀ। ਉਸਨੇ ਗੁਰਦਿੱਤ ਸਿੰਘ ਨੂੰ ਮਜ਼ਬੂਰ ਕੀਤਾ ਕਿ ਉਹ ਪਹਿਲਾਂ ਰਹਿੰਦਾ ਨਰਮਾਂ ਤੋਲੇ ਤੇ ਫਿਰ ਕਿੱਧਰੇ ਹੋਰ ਜਾਵੇ। ਦੋਹਵੇਂ ਭਾਈ ਚੰਦਾ ਸਿੰਘ ਤੇ ਗੰਗਾ ਸਿੰਘ ਨੂੰ ਪੰਜਾਬ ਸਿੰਘ ਨੇ ਭਰੋਸਾ ਦਿਵਾਇਆ ਕਿ ਉਹ ਦਸ ਵਜੇ ਤਕ ਖ਼ੁਦ ਭਾਈ ਗੁਰਦਿੱਤ ਸਿੰਘ ਨੂੰ ਨਾਲ ਲੈ ਕੇ ਆਵੇਗਾ। ਦੋਹਵੇਂ ਭਾਈ ਵਾਪਿਸ ਕੁਟੀਆ ਵਲ ਚੱਲ ਪਏ।

ਇੱਧਰ ਬਾਪੂ ਗੁਰਦਿੱਤ ਨਰਮਾ ਤੋਲ ਰਿਹਾ ਸੀ। ਉਸਨੇ ਅੰਦਾਜੇ ਨਾਲ ਹੀ ਕਿਹਾ, "ਚੇਲਾ ਸਾਹਿਬ, ਹੁਣ ਮੈਂ ਜੱਥੇ ਨਾਲ ਜਾਣਾ ਹੈ, ਮੈਂ ਉੱਥੇ ਭਾਈ ਟਹਿਲ ਸਿੰਘ ਕੋਲ ਨਾਮ ਲਿਖਾਇਆ ਏ। ਮੇਰਾ ਜਾਣਾ ਜ਼ਰੂਰੀ ਏ ਨਹੀਂ ਤਾਂ ਜੱਥੇ ਨੇ ਰਵਾਨਾ ਹੋ ਜਾਣਾ ਏ। ਪਰ ਚੇਲਾ ਲੋਹੇ ਦੀ ਲੱਠ ਬਣ ਗਿਆ। ਉਹ ਜਾਣ ਲਗਾ ਤਾਂ ਉਸਨੇ ਅਗੋਂ ਹਵੇਲੀ ਦਾ ਦਰਵਾਜ਼ਾ ਬੰਦ ਕਰ ਦਿੱਤਾ ਤੇ ਆਖਣ ਲਗਾ," ਠੇਕੇਦਾਰ ਜੀ। ਮੇਰਾ ਬਾਪੂ ਮਰੱਬਿਆਂ ਦੇ ਠੇਕੇ ਲੈਂਦਾ ਸੀ, ਇਸ ਕਰਕੇ ਉਸਨੂੰ ਲੋਕ ਠੇਕੇਦਾਰ ਕਹਿੰਦੇ ਸਨ। ਮੇਰਾ ਅਧੇ ਪਹਿਰ ਦਾ ਕੰਮ ਏ, ਇਹ ਮੁਕਾ ਦਿਓ, ਮੈਂ ਵੀ ਤੁਹਾਡੇ ਨਾਲ ਜੱਥੇ ਨਾਲ ਜਾਣਾ ਹੈ। ਆਪਾਂ ਘੋੜੀ ਤੇ ਜਾਵਾਂਗੇ। ਜੇਕਰ ਜੱਥਾ ਰਵਾਨਾ ਵੀ ਹੋ ਗਿਆ ਤਾਂ ਕੋਈ ਗਲ ਨਹੀਂ। ਆਪਾਂ ਘੋੜੀ ਦੁੜਾਕੇ ਉਹਨਾਂ ਦੇ ਨਾਲ ਮਿਲ ਜਾਣਾਏ।"

ਬਾਪੂ ਗੁਰਦਿੱਤ ਸਿੰਘ ਫਿਰ ਨਰਮਾਂ ਜੋਖਣ ਲੱਗ ਪਿਆ। ਇਹ ਕੰਮ ਰਾਤ ਦੇ ਬਾਰਾਂ ਵਜੇ ਖ਼ਤਮ ਹੋਇਆ। ਜਦੋਂ ਬਾਪੂ ਗੁਰਦਿੱਤ ਸਿੰਘ ਨੇ ਚੇਲੇ ਪੰਜਾਬ ਸਿੰਘ ਨੂੰ ਜਾਣ ਲਈ ਕਿਹਾ ਤਾਂ ਉਹ ਕਹਿਣ ਲਗਾ, ਮੈਨੂੰ ਠੇਕੇਦਾਰ ਬੜੀ ਨੀਂਦ ਆਈ ਏ। ਮੈਂ ਨਰਮੇ ਦੀ ਰਾਖੀ ਪਿਛਲੀ ਰਾਤ ਵੀ ਸੁਤਾ ਨਹੀਂ, ਤੂੰ ਇਕੱਲਾ ਈ ਚਲਾ ਜਾ।" ਬਾਪੂ ਗੁਰਦਿੱਤ ਸਿੰਘ ਨਾਲ ਧੋਖਾ ਹੋਇਆ ਸੀ। ਉਹ ਆਪਣੀ ਘੋੜੀ ਤੇ ਕੁਟੀਆ ਗਿਆ ਤਾਂ ਅਗੋਂ ਜੱਥਾ ਕਦੇ ਦਾ ਰਵਾਨਾ ਹੋ ਚੁੱਕਾ ਸੀ। ਉੱਥੇ ਦੋ ਜਾਣੇ ਹੋਰ ਵੀ ਉਸ ਵਾਂਗ ਲੇਟ ਲਤੀਫ਼ ਸਨ। ਉਹ ਤਿੰਨੇ ਜਾਣੇ ਨਨਕਾਣੇ ਪੁੱਜੇ ਤਾਂ ਉਥੇ ਕਰਫਿਊ ਲਗਾ ਹੋਇਆ ਸੀ। ਇਸ ਲਈ ਉਹ ਸ਼ਹਿਰ ਦੇ ਬਾਹਰ ਹੀ ਰੁਕ ਗਏ ਤੇ ਸ਼ਹਿਰ ਤੋਂ ਆਉਣਾ ਵਾਲਿਆਂ ਨੂੰ ਸ਼ਹਿਰ ਦੀਆਂ ਖ਼ਬਰਾਂ ਪੁੱਛਣ ਲਗੇ।

ਇੱਧਰ ਜਦ ਠੀਕ ਦਸ ਵੱਜਣ ਵਿੱਚ ਪੰਜ ਮਿੰਟ ਰਹਿੰਦੇ ਸਨ ਕਿ ਜੱਥੇਦਾਰ ਲਛਮਣ ਸਿੰਘ ਧਾਰੋਵਾਲੀ ਵੀ ਆਪਣਾ ਜੱਥਾ ਲੈ ਕੇ ਨਿਜ਼ਾਮਪੁਰੇ ਦੇਵਾ ਸਿੰਘ ਵਾਲੇ ਗੁਰਦੁਆਰੇ ਪਹੁੰਚ ਗਏ। ਕਾਫ਼ੀ ਲਾਲਟੇਣਾਂ ਜਗ ਰਹੀਆਂ ਸਨ। ਧਾਰੋਵਾਲੀ ਦੇ ਜੱਥੇ ਦਾ ਭਰਵਾਂ ਸਵਾਗਤ ਬੋਲੇ ਸੋ ਨਿਹਾਲ ਦੇ ਜੈਕਾਰਿਆਂ ਨਾਲ ਕੀਤਾ ਗਿਆ। ਦਸ ਕੁ ਮਿੰਟ ਬਾਅਦ ਪੱਚੀ ਤੀਹ ਹੋਰ ਸਿੰਘ ਵੀ ਜੱਥੇ ਨਾਲ ਜੁੜ ਗਏ। ਇਸ ਤਰ੍ਹਾਂ ਜੱਥੇ ਦਾ ਜੱਥੇ ਵਿੱਚ ਸੌ ਤੋਂ ਉੱਪਰ ਸਿੰਘ ਜੁੜ ਗਏ। ਜਦੋਂ ਜਾਣ ਵਾਲੇ ਸਾਰੇ ਸਿੰਘ ਆਣ ਪਹੁੰਚੇ ਤਾਂ ਭਾਈ ਟਹਿਲ ਸਿੰਘ ਨੇ ਸਭਨਾਂ ਨੂੰ ਮੁਖਾਤਿਬ ਕਰਦਿਆਂ ਆਖਿਆ, "ਖ਼ਾਲਸਾ ਜੀ ਅਸੀਂ ਇਕ ਖ਼ਾਸ ਮਿਸ਼ਨ ਤੇ ਜਾ ਰਹੇ ਹਾਂ। ਪਹਿਲਾਂ ਤਾਂ ਅਸੀਂ ਢਾਣੀਆਂ ਬਣਾਕੇ ਨਨਕਾਣੇ ਸਾਹਿਬ ਦਾ ਮੇਲਾ ਵੇਖਣ ਜਾਂਦੇ ਰਹੇ ਹਾਂ। ਅੱਜ ਅਸੀਂ ਆਪਣੇ ਪਿਆਰੇ ਗੁਰੂ ਤੇ ਰਹਿਬਰ ਦੀ ਅਜ਼ਮਤ ਬਹਾਲ ਕਰਨ ਜਾ ਰਹੇ ਹਾਂ। ਤੁਹਾਨੂੰ ਸਭਨਾਂ ਨੂੰ ਪਤਾ ਹੈ ਕਿ ਮਹੰਤ ਨਰੈਣਾਂ ਹਲਕਾਇਆ ਹੋ ਗਿਆ ਹੈ। ਉਸਨੇ ਤੇ ਉਸਦੇ ਗੁਮਾਸ਼ਤਿਆਂ ਨੇ ਸਿੱਖ ਬੀਬੀਆਂ ਨੂੰ ਜ਼ਬਰ ਜਨਾਹ ਕਰਕੇ ਸਾਡੀ ਅਣਖ ਨੂੰ ਵੰਗਾਰਿਆ ਹੈ। ਉਸਨੇ ਉਹਨਾਂ ਭੋਲੀਆਂ ਭਾਲੀਆਂ ਦੀ ਇੱਜ਼ਤ ਨੂੰ ਹੱਥ ਨਹੀਂ ਪਾਇਆ ਸਗੋਂ ਸਾਡੀ ਇੱਜ਼ਤ ਨੂੰ ਹੱਥ ਪਾਇਆ ਹੈ। ਇਸ ਲਈ ਅੱਜ ਅਸਾਂ ਸਭ ਆਪਣੀ ਇੱਜ਼ਤ ਬਹਾਲ ਕਰਨ ਚੱਲੇ ਆਂ। ਜਦੋਂ ਅਸੀਂ ਇਸ ਕੁਲੈਣੇ ਮਹੰਤਾਂ ਦ।ਆਂ ਕਰਤੂਤਾਂ ਲੋਕਾਂ ਕੋਲੋਂ ਸੁਣਦੇ ਹਾਂ ਅਸੀਂ ਸ਼ਰਮ ਨਾਲ ਪਾਣੀ-ਪਾਣੀ ਹੋ ਜਾਂਦੇ ਹਾਂ। ਅਸੀਂ ਇਸ ਮਹੰਤ ਦੀਆਂ ਜ਼ਿਆਦਤੀਆਂ ਤੇ ਬਦਤਮੀਜੀਆਂ ਕਈ ਵਰ੍ਹਿਆਂ ਤੋਂ ਬਰਦਾਸ਼ਤ ਕਰਦੇ ਆ ਰਹੇ ਹਾਂ। ਪਰ ਹੁਣ ਖ਼ਾਲਸਾ ਜੀ ਸਾਡੇ ਸਬਰ ਦਾ ਪਿਆਲਾ ਉਛਲ ਗਿਆ ਹੈ। ਖ਼ਾਲਸਾ ਜੀ ਤੁਸੀਂ ਚਾਹੁੰਦੇ ਜੇ ਕਿ ਅਸੀਂ ਇਸ ਤਰ੍ਹਾਂ ਇਸ ਦੁਸ਼ਟ ਮਹੰਤ ਕੋਲੋਂ ਛਿੱਤਰ ਖਾਂਦੇ ਰਹੀਏ? ਤੁਸੀਂ ਚਾਹੁੰਦੇ ਹੋ ਜੋ ਕਿ ਅੱਗੇ ਤੋਂ ਇਹ ਮਹੰਤ ਦੇ ਗੁੰਡੇ ਸਾਡੀਆਂ ਬੀਵੀਆਂ ਤੇ ਬੇਟੀਆਂ ਦੀ ਇੱਜ਼ਤ ਨਾਲ ਖੇਲਦੇ ਰਹਿਣ? ਤੁਸੀਂ ਕਿੰਨਾ ਚਿਰ ਇਹ ਧਕੇਸ਼ਾਹੀਆਂ ਬਰਦਾਸ਼ਤ ਕਰਦੇ ਰਹੋਗੇ। ਸਾਡੀ ਕੌਮ ਤਾਂ ਅਣਖ ਲਈ ਮਰਨਾ ਮਿਟਣਾ ਜਾਣਦੀ ਹੈ। ਅਸੀਂ ਤਾਂ ਵੱਡੇ-ਵੱਡੇ ਲਾਟੀਖਾਨਾਂ ਤੇ ਖਬੀ ਖਾਨਾਂ ਦੀ ਧੌਣ ਮਰੋੜਨਾ

ਜਾਣਦੇ ਹਾਂ। ਇਹ ਮਹੰਤ ਨਰੈਣਾ ਕਿਹੜੇ ਬਾਗ਼ ਦੀ ਮੂਲੀ ਏ।" ਜੈਕਾਰੇ ਛੱਡ ਕੇ ਸੰਗਤਾਂ ਨੇ ਜੱਥੇਦਾਰ ਟਹਿਲ ਸਿੰਘ ਦੀ ਹਾਂ ਨਾਲ ਹਾਂ ਮਿਲਾਈ। ਇਕ ਤੋਂ ਬਾਅਦ ਇਕ ਕਰਕੇ ਪੂਰੇ ਪੰਜ ਜੈਕਾਰੇ ਛੱਡੇ ਗਏ। ਕੁਝ ਸਿੰਘ ਉਸ ਵਕਤ ਹੋਰ ਵੀ ਜੱਥੇ ਵਿੱਚ ਆ ਸ਼ਾਮਲ ਹੋਏ। ਉਹਨਾਂ ਦੀ ਆਮਦ ਵਿੱਚ ਵੀ ਜੈਕਾਰੇ ਛੱਡੇ ਗਏ। ਅਸਮਾਨ ਜੈਕਾਰਿਆਂ ਨਾਲ ਗੂੰਜ ਰਿਹਾ ਸੀ। ਸ਼ਾਇਦ ਇਹ ਗੂੰਜ ਨਨਕਾਣੇ ਵੀ ਪਹੁੰਚੀ ਹੋਵੇ।

ਮੀਤ ਜੱਥੇਦਾਰ ਟਹਿਲ ਸਿੰਘ ਜੱਥੇ ਨੂੰ ਉਤਸ਼ਾਹਤ ਕਰਦਿਆਂ ਆਖਿਆ, "ਵੀਰੋ ਨਨਕਾਣਾ ਤੁਹਾਨੂੰ ਉਡੀਕ ਰਿਹਾ ਏ। ਅਸੀਂ ਇਹਨੇ ਹੀ ਗਏ ਗੁਜਰੇ ਹਾਂ ਕਿ ਆਪਣੇ ਸਤਿਗੁਰੂ ਦੀ ਸਾਰ ਵੀ ਨਾ ਲਈਏ। ਜਾਂ ਤਾਂ ਕਹਿ ਦਿਓ ਕਿ ਬਾਬਾ ਨਾਨਕ ਸਾਡਾ ਗੁਰੂ ਨਹੀਂ ਤੇ ਅਸੀਂ ਉਸਦੇ ਸਿੱਖ ਨਹੀਂ। ਆਨੰਦਪੁਰ ਦੇ ਸਿੱਖਾਂ ਵਾਂਗ ਬੇਦਾਵਾਂ ਲਿਖਕੇ ਦੇ ਦਿਓ। ਜੇ ਨਹੀਂ ਤਾਂ ਤੁਹਾਨੂੰ ਆਪਣੇ ਗੁਰੂ ਦੇ ਜਨਮ ਅਸਥਾਨ ਨੂੰ ਕਮੀਨੇ ਮਹੰਤਾਂ ਦੀ ਪਕੜ ਵਿਚੋਂ ਛੁਡਾਉਣਾ ਚਾਹੀਦਾ ਹੈ।" ਇਸ ਵੇਲੇ ਬਹੁਤ ਸਾਰੇ ਸਿੰਘ ਨੇ ਇਕੋ ਅਵਾਜ਼ ਵਿੱਚ ਆਖਿਆ, "ਜਥੇਦਾਰ ਜੀ ਅਸੀਂ ਤੁਹਾਡੇ ਨਾਲ ਹਾਂ। ਅਸੀਂ ਆਪਣੇ ਗੁਰੂ ਦੀ ਖਾਤਿਰ ਸਿਰ ਧੜ ਦੀ ਬਾਜੀ ਲਾਉਣ ਲਈ ਤਿਆਰ ਹਾਂ।" ਇਸ ਸਹਿਮਤੀ ਨਾਲ ਇਕ ਜੈਕਾਰਾ ਵੀ ਛੱਡਿਆ ਗਿਆ। ਇਸ ਤੋਂ ਬਾਅਦ, ਜੱਥੇਦਾਰ ਟਹਿਲ ਸਿੰਘ ਨੇ ਕਿਹਾ, ਹੁਣ ਅਸੀਂ ਆਪਣੇ ਜੱਥੇ ਦੇ ਸਰਬ ਰਾਹ ਲ਼ਛਮਣ ਸਿੰਘ ਧਾਰੋਵਾਲੀ ਦੇ ਵਿੱਚਾਰ ਸੁਣਾਂਗੇ। ਸਾਰੇ ਬੈਠਕੇ ਅਰਾਮ ਨਾਲ ਸੁਣਨ। ਜਥੇਦਾਰ ਧਾਰੋਵਾਲੀ ਨੇ ਪਹਿਲਾਂ ਸਭਨਾ ਨਾਲ ਫਤਹਿ ਸਾਂਝੀ ਕੀਤੀ ਤੇ ਉੱਚੀ ਅਵਾਜ਼ ਵਿੱਚ ਬੋਲਣਾ ਸ਼ੁਰੂ ਕੀਤਾ, "ਖ਼ਾਲਸਾ ਆਪ ਜੀ ਨੂੰ ਜੱਥੇਦਾਰ ਟਹਿਲ ਸਿੰਘ ਨੇ ਨਨਕਾਣਾ ਸਾਹਿਬ ਜਾਣ ਦਾ ਸੱਬਬ ਦੱਸਿਆ ਹੈ। ਅਸੀਂ ਉੱਥੇ ਕੋਈ ਮੇਲਾ ਵੇਖਣ ਲਈ ਨਹੀਂ ਜਾ ਰਹੇ ਹਾਂ। ਇਕ ਜਾਲਮ ਮਹੰਤ ਨੇ ਸਾਡੀ ਅਣਖ ਨੂੰ ਵੰਗਾਰਿਆ ਹੈ। ਇਹ ਮਹੰਤ ਸਿੱਖਾਂ ਨੂੰ ਟਿੱਚ ਸਮਝਦਾ ਹੈ। ਇਸ ਨੂੰ ਅੰਗਰੇਜ਼ੀ ਸਰਕਾਰ ਤੇ ਬਾਕੀ ਮਹੰਤਾਂ ਦੀ ਸ਼ਹਿ ਤੇ ਹਮਾਇਤ ਹਾਸਿਲ ਹੈ। ਅਸਾਂ ਇਸ ਨੂੰ ਬਹੁਤ ਸਮਝਾਇਆ ਹੈ। ਇਸ ਨਾਲ ਮੁਲਾਕਾਤਾਂ ਕਰਕੇ ਇਸ ਨੇ ਬੰਦਾ ਬਣਨ ਦੀਆਂ ਬੇਨਤੀਆਂ ਕੀਤੀਆਂ ਹਨ। ਪਰ ਇਹ ਕੁੱਤੇ ਦੀ ਪੂਛ ਹੈ। ਇਸ ਨੂੰ ਸਿੱਧੇ ਨਹੀਂ ਹੋਣਾ। ਇਹ ਮਹੰਤ ਸਮਝਦਾ ਹੈ ਕਿ ਸਿੱਖ ਕਦੀ ਇਕੱਠੇ ਹੋਕੇ ਉਸਨੂੰ ਗੁਰਦੁਆਰੇ ਵਿਚੋਂ ਬਾਹਰ ਨਹੀਂ ਕੱਢ ਸਕਦੇ। ਇਹ ਸਮਝਦਾ ਹੈ ਗੁਰੂ ਘਰ ਦਾ ਫਰਜੰਦ ਕਰਤਾਰ ਸਿੰਘ ਬੇਦੀ (ਬਾਬਾ) ਉਸਦੇ ਨਾਲ ਹੈ। ਇਸ ਲਈ ਹੋਰ ਕਿਸੇ ਸਿੱਖ ਤੋਂ ਨਹੀਂ ਡਰਦਾ। ਖ਼ਾਲਸਾ ਜੀ ਇਹ ਬੇਦੀ ਗੁਰੂ ਦਾ ਸਿੱਖ ਨਹੀਂ। ਬਾਬਾ ਸ੍ਰੀ ਚੰਦ ਵੀ ਬੇਦੀ ਸੀ ਪਰ ਉਹ ਗੁਰੂ ਦਾ ਸਿੱਖ ਨਹੀਂ ਸੀ। ਉਹ ਤਾਂ ਉਦਾਸੀ ਸੀ। ਇਸਤਰ੍ਹਾਂ ਇਹ ਕਰਤਾਰ ਸਿੰਘ ਬੇਦੀ ਵੀ ਉਦਾਸੀ ਹੈ ਪਰ ਗੁਰੂ ਦਾ ਸਿੱਖ ਨਹੀਂ। ਇਸਦੀ ਸ਼ਕਲ ਜ਼ਰੂਰ ਸਿੱਖਾਂ ਵਾਲੀ ਹੈ ਪਰ ਇਸ ਦੀਆਂ ਹਰਕਤਾਂ ਗ਼ੈਰ ਪੰਥਿਕ ਹਨ। ਇਹ ਮਹੰਤ ਵੀ ਭਾਵੇਂ ਦਾਹੜੀ ਮੁੱਛਾਂ ਰੱਖਦਾ ਹੈ ਪਰ ਇਹ ਹਿੰਦੂ ਹੈ, ਗੁਰੂ ਦਾ ਸਿੱਖ ਨਹੀਂ। ਗੁਰੂ ਦੇ ਸਿੱਖਾਂ ਵਾਲੇ ਇਸਦੇ ਚਾਲੇ ਨਹੀਂ। ਇਸ ਲਈ ਅਸੀਂ ਸਵੇਰੇ

ਪਹੁੰਚ ਕੇ ਉਸਨੂੰ ਦਸਣਾ ਹੈ ਕਿ ਤੇਰੇ ਦਿਨ ਹੁਣ ਪੁਗ ਗਏ ਹਨ। ਤੂੰ ਛੁੱਟੀ ਕਰ ਤੇ ਪੰਥ ਦਾ ਖਹਿੜਾ ਛੱਡ। ਇਸ ਲਈ ਮੇਰੇ ਭਰਾਓ, ਇਹ ਪੁੰਨ ਵਾਲਾ ਕਾਰਜ ਹੈ। ਇਸ ਵਿੱਚ ਸਾਨੂੰ ਸਾਰੇ ਕੰਮ ਵਿਸਾਰ ਕੇ ਗੁਰੂ ਘਰ ਹਾਜ਼ਰੀਆਂ ਭਰਨੀਆਂ ਚਾਹੀਦੀਆਂ ਹਨ।

ਇਸ ਤੋਂ ਬਾਅਦ ਸੁਰਮਈ ਬਾਣੇ ਵਾਲੇ ਜਥੇਦਾਰ ਧਾਰੋਵਾਲੀ ਜੀ ਨੂੰ ਜਾਣ ਤੋਂ ਪਹਿਲਾਂ ਅਰਦਾਸ ਸੋਧਣ ਲਈ ਕਿਹਾ ਗਿਆ। ਸਾਰੇ ਸਿੰਘ ਖੜੇ ਹੋ ਗਏ ਤੇ ਅਰਦਾਸ ਆਰੰਭ ਹੋਈ। ਹੇ ਅਕਾਲ ਪੁਰਖ ! ਅੱਜ ਅਸੀਂ ਨਨਕਾਣਾ ਸਾਹਿਬ ਜਨਮ ਅਸਥਾਨ ਨੂੰ ਇਕ ਪਾਪੀ ਮਹੰਤ ਕੋਲੋਂ ਛੁਡਾਉਣ ਤੇ ਮੁਕਤ ਕਰਾਉਣ ਲਈ ਸ਼ਹੀਦੀ ਜੱਥਾ ਲੈ ਕੇ ਜਾਣ ਲਈ ਤਿਆਰ ਹੋਏ ਹਾਂ। ਸਾਡੇ ਅੰਗ-ਸੰਗ ਰਹਿਣਾ। ਸਾਨੂੰ ਬਲ ਬਖ਼ਸ਼ਣਾ ਕਿ ਅਸੀਂ ਜਨਮ ਅਸਥਾਨ ਗੁਰਦੁਆਰਾ ਸਾਹਿਬ ਨੂੰ ਮਹੰਤਾਂ ਤੋਂ ਮੁਕਤ ਕਰਵਾ ਕੇ ਘਰ ਮੁੜੀਏ। ਜੇਕਰ ਅਸੀਂ ਇਸ ਪਾਕਿ ਅਸਥਾਨ ਨੂੰ ਮੁਕਤ ਨਾ ਕਰਵਾ ਸਕੇ ਤਾਂ ਸਹੀਦੀਆਂ ਪ੍ਰਾਪਤ ਕਰਾਂਗੇ, ਜਿਉਂਦੇ ਘਰ ਨਹੀਂ ਪਰਤਾਂਗੇ। ਹੇ ਅਕਾਲ ਪੁਰਖ ਸਾਨੂੰ ਹਰ ਤਰ੍ਹਾਂ ਦੇ ਕਸ਼ਟ ਸਹਾਰਨ ਦਾ ਬਲ ਬਖ਼ਸ਼ਣਾ।

ਜੱਥੇਦਾਰ ਟਹਿਲ ਸਿੰਘ ਦੇ ਪਿੰਡੋਂ ਜਦ ਜੱਥਾ ਤੁਰਨ ਲੱਗਾ ਤਾਂ ਉਸ ਦਿਨ ਰੱਬ ਸੱਬਬੀ ਇਸੇ ਪਿੰਡ ਦੇ ਭਾਈ ਸੁਰੈਣ ਸਿੰਘ ਤੇ ਭਾਈ ਟਹਿਲ ਸਿੰਘ ਹੁਰਾਂ ਦੇ ਭਰਾ ਭਾਈ ਬਾਜ ਸਿੰਘ ਲਾਹੌਰ ਮਹੰਤ ਨੂੰ ਮਿਲਕੇ ਆਏ ਸਨ। ਇਹਨਾਂ ਨੇ ਜੱਥੇ ਨੂੰ ਦੱਸਿਆ ਕਿ ਉਹ ਕਲ੍ਹ ਮਹੰਤ ਨੂੰ ਲਾਹੌਰ ਮਿਲੇ ਸਨ। ਮਹੰਤ ਨੇ ਉਹਨਾਂ ਨੂੰ ਆਖਿਆ ਸੀ, "ਜਿਹੜੇ ਵੀ ਸਿੰਘ ਭਲਕੇ ਨਨਕਾਣਾ ਆਉਣਗੇ ਮੈਂ ਉਹਨਾਂ ਵਿੱਚੋਂ ਇਕ ਵੀ ਨਹੀਂ ਜਿੰਦਾ ਵਾਪਿਸ ਜਾਣ ਦੇਵਾਂਗਾ। ਭਾਈ ਟਹਿਲ ਸਿੰਘ ਆਪਣੇ ਭਾਈ ਨੂੰ ਖੂੰਡਾ ਲੈ ਕੇ ਪਏ ਕਿ ਤੂੰ ਰਵਾਨਾ ਹੋਣ ਵੇਲੇ ਐਸੀਆਂ ਕਮਜ਼ੋਰੀ ਦੀਆਂ ਗਲਾਂ ਕਿਉਂ ਕਰਦਾ ਏਂ? ਇਸ ਤਰ੍ਹਾਂ ਤਾਂ ਸਿੰਘਾਂ ਦੇ ਹੌਸਲੇ ਪਸਤ ਹੋ ਜਾਣਗੇ। ਟਹਿਲ ਸਿੰਘ ਭਰਾ ਨੂੰ ਕਹਿਣ ਲਗਾ," ਜੱਥੇ ਨੇ ਹੁਣ ਰਵਾਨਾ ਹੋਣਾ ਹੈ। ਜੇਕਰ ਉਸਦੇ ਰਵਾਨਾ ਹੋਣ ਤੋਂ ਪਹਿਲਾਂ ਮੈਂ ਤੈਨੂੰ ਘਰੋਂ ਬਾਹਰ ਵੇਖ ਲਿਆ ਤਾਂ ਤੇਰਾ ਸਿਰ ਪਾੜ ਦੇਵਾਂਗਾ। ਭਾਈ ਬਾਜ ਸਿੰਘ ਭਾਈ ਟਹਿਲ ਸਿੰਘ ਦੇ ਦਬਕੇ ਤੋਂ ਇਤਨਾ ਡਰਿਆ ਕਿ ਅਗਲੇ ਦਿਨ ਸਾਕੇ ਦੀ ਖ਼ਬਰ ਸੁਣਕੇ ਬਾਹਰ ਨਿਕਲਿਆ ਤੇ ਸੁਣਦਿਆਂ ਸਾਰ ਨਨਕਾਣੇ ਵੱਲ ਤੁਰ ਪਿਆ।

ਉਸ ਵਕਤ ਮਾਹੌਲ ਇਹ ਸੀ ਕਿ ਜਿੰਨਾਂ ਸਿੰਘਾਂ ਨੇ ਸ਼ਹੀਦੀ ਜੱਥੇ ਵਿੱਚ ਨਾਮ ਲਿਖਾਏ ਸਨ, ਉਹ ਇੰਜ ਮਹਿਸੂਸ ਕਰਦੇ ਸਨ ਜਿਵੇਂ ਸ਼ਹੀਦੀ ਲਾੜੀ ਨੂੰ ਵਿਆਹੁਣ ਜਾ ਰਹੇ ਹੋਣ। ਉਹਨਾਂ ਦੇ ਚਿਹਰਿਆਂ ਤੇ ਲਾਲੀਆਂ ਚੜੀਆਂ ਹੋਈਆਂ ਸਨ। ਉਸ ਵਕਤ ਦਸ ਵੱਜਣ ਵਾਲੇ ਸਨ। ਭਾਈ ਟਹਿਲ ਸਿੰਘ ਨੇ ਤੁਰਨ ਤੋਂ ਪਹਿਲਾਂ ਸਿੰਘਾਂ ਨੂੰ ਆਖਿਆ, "ਪਿਆਰੇ ਖ਼ਾਲਸਾ ਜੀ ! ਇਹ ਨਾ ਸਮਝਿਓ ਕਿ ਟਹਿਲ ਸਿੰਘ ਨੇ ਸਾਨੂੰ ਮਜਬੂਰ ਕੀਤਾ ਏ ਤੇ ਅਸੀਂ ਜਜ਼ਬਾਤੀ ਹੋਕੇ ਆਪਣਾ ਨਾਮ ਲਿਖਾ ਬੈਠੇ ਆਂ।

ਅਜਿਹੇ ਸਿੰਘਾਂ ਅਗੇ ਹੁਣ ਵੀ ਗੁਜਾਰਿਸ਼ ਹੈ ਕਿ ਉਹ ਚੁਪ ਕਰਕੇ ਦੁੰਮ ਦਬਾਕੇ ਆਪਣੇ ਘਰਾਂ ਨੂੰ ਪਰਤ ਜਾਣ। ਰਸਤੇ ਵਿੱਚ ਅਸਾਂ ਉਹਨਾਂ ਨੂੰ ਮੁੜਨ ਨਹੀਂ ਦੇਣਾਂ।" ਕਹਿੰਦੇ ਹਨ ਕਿ ਕੋਈ ਵੀ ਸਿੰਘ ਪਿਛੇ ਨਾ ਮੁੜਿਆ। ਸਾਰੇ ਹੀ ਜੱਥੇਦਾਰ ਟਹਿਲ ਸਿੰਘ ਦੇ ਇਰਦ ਗਿਰਦ ਹੋ ਕੇ ਬੋਲੇ ਸੋ ਨਿਹਾਲ ਦੇ ਜੈਕਾਰੇ ਛੱਡਣ ਲਗੇ। ਸਾਰੇ ਖ਼ੁਸ਼ ਸਨ ਤੇ ਜਾਣ ਲਈ ਤਿਆਰ-ਬਰ-ਤਿਆਰ ਸਨ। ਬਸ ਜੱਥੇਦਾਰ ਦੇ ਹੁਕਮ ਦੀ ਹੀ ਉਡੀਕ ਸੀ।

ਉਸ ਦਿਨ ਭਾਈ ਈਸ਼ਰ ਸਿੰਘ ਬਹੋੜੂ ਵਾਲੇ ਮਹਾਰਾਜ ਦੀ ਤਾਬਿਆ ਬੈਠੇ ਸਨ। ਜਦ ਵਾਕ ਲਿਆ ਤਾਂ ਆਇਆ, "ਕੋਈ ਆਨਿ ਮਿਲਾਵੇ, ਮੇਰਾ ਪ੍ਰੀਤਮ ਪਿਆਰਾ।" ਇਹ ਵਾਕ ਸੁਣਕੇ ਸਾਰੇ ਗਦਗਦ ਹੋ ਉੱਠੇ। ਇਸ ਸਮੇਂ ਪੂਰੇ ਦਸ ਵੱਜ ਚੁੱਕੇ ਸਨ। ਭਾਈ ਟਹਿਲ ਸਿੰਘ ਨੇ ਰਵਾਨਗੀ ਦਾ ਜੈਕਾਰਾ ਬੁਲਾਇਆ ਤੇ ਜੱਥਾ ਆਪਣੀ ਮੰਜ਼ਿਲ ਵਲ ਤੁਰ ਪਿਆ। ਤੁਰਨ ਵੇਲੇ ਪਿੰਡ ਦੇ ਇਕ ਕੁਤੇ ਦੇ ਰੋਣ ਦੀ ਅਵਾਜ਼ ਸੁਣਾਈ ਦਿੱਤੀ। ਕੁਝ ਸਿੰਘਾਂ ਨੇ ਇਸ ਨੂੰ ਬਦਸ਼ਗਨੀ ਸਮਝਿਆ ਪਰ ਭਾਈ ਟਹਿਲ ਕਹਿਣ ਲਗੇ, ਸਿੱਖ ਕਿਸੇ ਸ਼ੁਭ ਤੇ ਬਦਸ਼ਗਨੀ ਨੂੰ ਨਹੀਂ ਮੰਨਦੇ। ਇਹ ਸਭ ਵਹਿਮ ਭਰਮ ਹਨ। ਇਸ ਲਈ ਜੱਥਾ ਬੇਰੋਕ ਅੱਗੇ ਨੂੰ ਤੁਰ ਪਿਆ। ਜੱਥੇ ਦੇ ਸਾਰੇ ਮੈਂਬਰ ਪੈਦਲ ਸਨ। ਜੱਥੇ ਵਿੱਚ ਦੋ ਬੀਬੀਆਂ ਸਨ। ਇਕ ਬੀਬੀ ਇੰਦਰ ਕੌਰ ਸੁਪਤਨੀ ਜਥੇਦਾਰ ਲਛਮਣ ਸਿੰਘ ਧਾਰੋਵਾਲੀ ਤੇ ਬੀਬੀ ਰਣਜੀਤ ਕੌਰ ਸਨ ਜੋ ਧਾਰੋਵਾਲੀ ਵਿਖੇ ਅਧਿਆਪਕ ਸਨ। ਇਹ ਬੀਬੀਆਂ ਘੋੜੀਆਂ ਤੇ ਸਵਾਰ ਸਨ। ਇਹ ਬੀਬੀਆਂ ਕੁਝ ਵਾਟ ਜੱਥੇ ਦੇ ਅੱਗੇ-ਅੱਗੇ ਸ਼ਬਦ ਪੜ੍ਹ ਰਹੀਆਂ ਸਨ ਤੇ ਸੰਗਤ ਉਹਨਾਂ ਦੇ ਮਗਰ ਬੋਲ ਰਹੀ ਸੀ। ਇਹਨਾਂ ਦੀ ਅਵਾਜ਼ ਦੂਰ-ਦੂਰ ਪਿੰਡਾ ਵੱਲ ਜਾ ਰਹੀ ਸੀ। ਜਦੋਂ ਬੀਬੀਆਂ ਥੱਕ ਜਾਂਦੀਆਂ, ਸਿੰਘ ਸ਼ਬਦ ਪੜ੍ਹਨ ਲਗਦੇ। ਇਸ ਤਰ੍ਹਾਂ ਹੱਸਦੇ ਖੇਡਦੇ, ਗਲਾਂ ਬਾਤਾਂ ਕਰਦੇ ਸਿੰਘ ਨਨਕਾਣਾ ਸਾਹਿਬ ਵੱਲ ਟੁਰ ਪਏ। ਪੈਂਡਾ ਕਾਫ਼ੀ ਲੰਮਾ ਸੀ ਪਰ ਸਿੰਘਾਂ ਦੇ ਹੌਂਸਲੇ ਉਸ ਤੋਂ ਲੰਮੇ ਸਨ।

ਜਦੋਂ ਜੱਥਾ ਭਾਂਡੇ ਮੀਡੇ ਪਿੰਡਾ ਵਿੱਚ ਦੀ ਜਾ ਰਿਹਾ ਸੀ ਤਾਂ ਰਾਹ ਦੇ ਪਿੰਡਾਂ ਦੇ ਕਈ ਲੋਕ ਵੀ ਇਸ ਜੱਥੇ ਵਿੱਚ ਰਲਦੇ ਗਏ। ਜਦੋਂ ਵੀ ਕੋਈ ਸਿੰਘ ਜੱਥੇ ਵਿੱਚ ਰਲਦਾ ਤਾਂ ਜੱਥੇ ਨੂੰ ਚਾਅ ਚੜ੍ਹ ਜਾਂਦਾ ਸੀ। ਉਹ ਖ਼ੁਸ਼ੀ ਵਿੱਚ ਜੈਕਾਰਾ ਛੱਡਦੇ ਸਨ। ਕਿਸੇ ਮੈਂਬਰ ਨੂੰ ਥਕਾਵਟ ਨਹੀਂ ਸੀ। ਉਸ ਵਕਤ ਉਹ ਜਿਸਮਾਨੀ ਤੇ ਮਾਨਸਿਕ ਤੌਰ ਤੇ ਬਹੁਤ ਬਲਵਾਨ ਹੋ ਗਏ ਸਨ। ਕਿਸੇ ਦੇ ਚੇਹਰੇ ਤੇ ਕੋਈ ਪਰੇਸ਼ਾਨੀ ਜਾਂ ਮਾਯੂਸੀ ਦੇ ਚਿੰਨ ਨਜ਼ਰ ਨਹੀਂ ਆ ਰਹੇ ਸਨ। ਟਹਿਲ ਸਿੰਘ ਕੋਲ ਸ਼ਬਦਾਂ ਦਾ ਬੜਾ ਭੰਡਾਰ ਸੀ। ਉਹ ਉੱਚੀ-ਉੱਚੀ ਗਾਕੇ ਬੜੀ ਸੁਰੀਲੀ ਵਿੱਚ ਬੋਲਦਾ ਤੇ ਬਾਕੀ ਸਿੰਘ ਉਸਦੇ ਮਗਰ-ਮਗਰ ਬੋਲਦੇ ਸਨ। ਕਈ ਵਾਰੀ ਟਹਿਲ ਸਿੰਘ ਆਖਦਾ, "ਉਹ ਨੂੰ ਬਾਬੇ ਨਾਨਕ ਦੀ ਸੌਂਹ ਜਿਹੜਾ ਨਾ ਬੋਲੇ।" ਸੰਗਤਾਂ ਵਿੱਚ ਜੋਸ਼ ਭਰਨ ਲਈ ਉਹ ਗਾਏ ਬਗਾਏ ਜੋਸ਼ ਭਰੇ ਜੈਕਾਰੇ ਛੱਡਦਾ ਤੇ ਆਖਦਾ, ਸਿੰਘੋ ਤੁਹਾਡੀ ਅਵਾਜ਼ ਮਹੰਤ ਤੱਕ

ਪਹੁੰਚਣੀ ਚਾਹੀਦੀ ਆ। ਸਾਡੇ ਬੁਲੰਦ ਜੈਕਾਰੇ ਸੁਣਕੇ ਈ ਮਹੰਤਾਂ ਦੀ ਮਾਂ ਮਰ ਜਾਣੀ ਏ। ਇਸ ਲਈ ਸਾਰੇ ਬੋਲੋ, ਗਜਕੇ ਬੋਲੋ। ਉਸ ਤੋਂ ਬੀਬੀਆਂ ਉਸਦੀ ਥਾਂ ਲੈ ਲੈਂਦੀਆਂ ਤੇ ਹੋਰ ਕਈ ਸਿੰਘ ਵੀ ਆਪੋ ਆਪਣੇ ਮਨ ਭਾਉਂਦੇ ਸ਼ਬਦ ਬੋਲਣ ਲਗ ਪੈਂਦੇ। ਇਸ ਤਰ੍ਹਾਂ ਹਸਦਿਆਂ, ਗਾਉਂਦਿਆਂ ਤੇ ਆਪਸ ਵਿੱਚ ਇਕ ਦੂਜੇ ਨਾਲ ਠੱਠਾ ਮਾਖੌਲ ਕਰਦਾ ਇਹ ਜੱਥਾ, ਮਿੱਥੀ ਸਕੀਮ ਅਨੁਸਾਰ ਅਗੇ ਵਧ ਰਿਹਾ ਸੀ।

ਧੰਨੂਆਣੇ ਦਾ ਪੁਲ ਲੰਘਕੇ ਹੁਣ ਇਹ ਜੱਥਾ ਧੰਨੂਆਣੇ ਪਿੰਡ ਵਿੱਚ ਦਾਖ਼ਲ ਹੋ ਗਿਆ। ਪਿੰਡ ਵੜਦਿਆਂ ਹੀ ਇਹਨਾਂ ਜੈਕਾਰੇ ਛੱਡੇ। ਪਰ ਲੋਕ ਘੂਕ ਸੁੱਤੇ ਪਏ ਸਨ। ਅਖ਼ੀਰ ਭਾਈ ਗੰਗਾ ਸਿੰਘ ਨੂੰ ਸੁਤਿਆ ਜਗਾਕੇ ਪਤਾ ਕੀਤਾ। ਉਹਨਾਂ ਦੱਸਿਆ ਕਿ ਇਥੋਂ ਕਦੇ ਦਾ ਜੱਥਾ ਨਕੋਦਰ ਗਈਆਂ ਨੂੰ ਚਲਾ ਗਿਆ ਹੈ। ਸਿੰਘ ਕਈਆਂ ਪਿੰਡਾਂ ਵਿਚੋਂ ਹਨ੍ਹੇਰੇ ਵਿੱਚ ਟਕਰਾਂ ਮਾਰਦੇ ਚੰਦਰ ਕੋਟ ਦੀ ਝਾਲ ਵੱਲ ਤੁਰ ਪਏ। ਸਿੰਘ ਥੱਕੇ ਟੁੱਟੇ ਸਨ। ਨਾਲ ਭੁੱਜੇ ਛੋਲੇ ਵੀ ਲਿਆਂਦੇ ਹੋਏ ਸਨ ਜਿਹੜੇ ਦੋ ਸਿੰਘਾਂ ਨੇ ਪਿੱਠਾਂ ਤੇ ਚੁੱਕੇ ਹੋਏ ਸਨ। ਸਾਰਿਆਂ ਨੂੰ ਭੁੱਖ ਲਗੀ ਹੋਈ ਸੀ। ਮੁੱਠ-ਮੁੱਠ ਸਾਰਿਆਂ ਨੂੰ ਦਿੱਤੇ ਗਏ। ਨਾਲ ਪਿਆਸ ਵੀ ਲਗੀ ਹੋਈ ਸੀ। ਪਾਣੀ ਪੀਣ ਦਾ ਕੋਈ ਵਸੀਲਾ ਨਹੀਂ ਬਣ ਰਿਹਾ ਸੀ। ਖਾਲ ਤੇ ਸੂਆ ਵੀ ਸੁੱਕੇ ਪਏ ਸਨ। ਕੁਝ ਕੁ ਸਿੰਘਾਂ ਨੇ ਲਾਗੋਂ ਥੋਹੜਾ ਕੁ ਡੰਗਰਾਂ ਦੇ ਪੀਣ ਵਾਲਾ ਪਾਣੀ ਪੀਕੇ ਬੁਲ੍ਹ ਗਿਲੇ ਕੀਤੇ। ਅਖ਼ੀਰ ਜੱਥਾ ਚੰਦਰ ਕੋਟ ਦੀ ਝਾਲ ਤੇ ਪਹੁੰਚ ਕੇ ਪਿਆਸ ਮਿਟਾਈ। ਇੱਥੇ ਉਹਨਾਂ ਮਿੱਥੇ ਪ੍ਰੋਗਰਾਮ ਅਨੁਸਾਰ ਜੱਥੇਦਾਰ ਝੱਬਰ ਦੇ ਜੱਥੇ ਨੂੰ ਮਿਲਣਾ ਸੀ। ਉੱਥੇ ਉਹਨਾਂ ਨੂੰ ਕੋਈ ਜੱਥਾ ਨਾ ਮਿਲਿਆ। ਸਿੰਘਾਂ ਨੇ ਪੰਦਰਾਂ ਵੀਹ ਮਿੰਟ ਬਹਿਕੇ ਜੱਥੇਦਾਰ ਕਰਤਾਰ ਸਿੰਘ ਝੱਬਰ ਦੇ ਜੱਥੇ ਦਾ ਇੰਤਜ਼ਾਰ ਕੀਤੀ। ਇਸ ਵੇਲੇ ਭਾਈ ਟਹਿਲ ਸਿੰਘ ਕਾਹਲਾ ਪੈ ਗਿਆ ਤੇ ਸਭ ਨੂੰ ਸੰਬੋਧਨ ਕਰਕੇ ਆਖਣ ਲਗਾ, ਖ਼ਾਲਸਾ ਜੀ ਸਾਨੂੰ ਹੋਰ ਉਡੀਕਣ ਦੀ ਜਗਾ, ਅਗੇ ਨਨਕਾਣੇ ਵਲ ਕੂਚਜ ਕਰਨਾ ਚਾਹੀਦਾ ਹੈ। ਇਥੇ ਦੋ ਸਿੰਘ ਛੱਡ ਚਲਦੇ ਹਾਂ, ਜਿਹੜੇ ਜਥੇਦਾਰ ਝੱਬਰ ਦੇ ਜੱਥੇ ਨਾਲ ਆ ਜਾਣਗੇ।" ਪਰ ਲਛਮਣ ਸਿੰਘ ਧਾਰੋਵਾਲੀ ਨੇ ਟਹਿਲ ਸਿੰਘ (ਜੋ ਉਸ ਵਕਤ ਜੱਥੇ ਦਾ ਮੀਤ ਜਥੇਦਾਰ ਵੀ ਸੀ) ਨੂੰ ਵਿਚੋਂ ਟੋਕਦਿਆਂ ਆਖਿਆ, ਜਥੇਦਾਰ ਜੀ ਅਸੀਂ ਜਥੇਦਾਰ ਝੱਬਰ ਨਾਲ ਵਾਅਦਾ ਕੀਤਾ ਹੈ ਤੇ ਤੁਹਾਡੇ ਸਾਹਮਣੇ ਕੀਤਾ ਸੀ ਕਿ ਅਸੀਂ ਤਿੰਨੇ ਜੱਥੇ ਇੱਕ ਦੂਜੇ ਨੂੰ ਚੰਦਰ ਕੋਟ ਦੀ ਝਾਲ ਤੇ ਉਡੀਕਾਂਗੇ। ਸਤਿਗੁਰ ਦਾ ਹੁਕਮ ਹੈ। "ਬਚਨ ਕਰੇ ਤੇ ਖਿਸਕ ਜਾਇ, ਬੋਲੇ ਸਭ ਕੱਚਾ।" ਇਸ ਤੋਂ ਪਹਿਲਾਂ ਸੰਤ ਪਾਲ ਸਿੰਘ ਨਿਰਮਲੇ ਵੀ ਇਸੇ ਜੱਥੇ ਨੂੰ ਸ਼ਾਹਕੋਟ ਮਿਲੇ ਸਨ। ਉਹਨਾਂ ਨੇ ਵੀ ਮਹੰਤ ਦੀਆਂ ਤਿਆਰੀਆਂ ਬਾਰੇ ਜੱਥੇ ਦੇ ਸਿੰਘਾਂ ਨੂੰ ਵਿਸਥਾਰ ਨਾਲ ਦੱਸਿਆ ਸੀ। ਉਸ ਨੇ ਦੱਸਿਆ ਕਿ ਮਹੰਤ ਨੇ ਇਲਾਕੇ ਦੇ ਬਦਮਾਸ਼ ਗੁਰਦੁਆਰੇ ਵਿੱਚ ਹਥਿਆਰਾਂ ਸਮੇਤ ਇਕੱਠੇ ਕੀਤੇ ਹੋਏ ਹਨ। ਇਹ ਸੰਤ ਮਹੰਤ ਨੂੰ ਹੀ ਮਿਲਕੇ ਨਨਕਾਣੇ ਤੋਂ ਆ ਰਿਹਾ ਸੀ। ਉਸਨੇ ਸਿੰਘਾਂ ਨੂੰ ਆਉਣ ਵਾਲੀ ਬਿਪਤਾ ਤੋਂ ਜਾਣੂ ਕਰਵਾਇਆ ਸੀ। ਪਰ ਉਸ ਵਕਤ ਵੀ ਭਾਈ ਟਹਿਲ ਸਿੰਘ ਨੇ

ਬਿਨਾ ਕਿਸੇ ਖੌਫ ਦੇ ਬੇਖੌਫ ਹੋਕੇ ਜੱਥੇ ਨੂੰ ਅੱਗੇ ਵਧਣ ਲਈ ਪ੍ਰੇਰਿਆ ਸੀ। ਜਥੇਦਾਰ ਧਾਰੋਵਾਲੀ ਨੇ ਉਸਦੀ ਪ੍ਰੋੜਤਾ ਕੀਤੀ। ਏਥੇ ਚੰਦਰ ਕੋਟ ਦੀ ਝਾਲ ਤੇ ਪਹੁੰਚਿਆਂ ਵੀ ਹੁਣ ਅੱਧਾ ਘੰਟਾ ਹੋ ਚੁੱਕਾ ਸੀ। ਜਥੇਦਾਰ ਟਹਿਲ ਸਿੰਘ ਫਿਰ ਉਠਿਆ ਤੇ ਹੱਥ ਜੋੜ ਕੇ ਬੈਠੇ ਹੋਏ ਜੱਥੇ ਨੂੰ ਕਹਿਣ ਲਗਾ, "ਹੋ ਸਕਦਾ ਏ ਜਥੇਦਾਰ ਝੱਬਰ ਦਾ ਜੱਥਾ ਸਾਨੂੰ ਉਡੀਕਦਿਆਂ ਅਗੇ ਲੰਘ ਗਿਆ ਹੋਵੇ। ਹਨ੍ਹੇਰੇ ਵਿੱਚ ਕੀ ਪਤਾ ਲਗਦਾ ਹੈ। ਜੇਕਰ ਬਿਲ ਫਰਜ਼ ਉਸਦਾ ਜੱਥੇ ਅਜੇ ਨਹੀਂ ਆਇਆ ਹੋਵੇਗਾ ਤਾਂ ਉਸ ਲਈ ਅਸੀਂ ਦੋ ਸਿੰਘ ਏਥੇ ਛੱਡ ਚਲਦੇ ਹਾਂ, ਤਾਂ ਕਿ ਉਹ ਉਹ ਝੱਬਰ ਦੇ ਜੱਥੇ ਨਾਲ ਨਨਕਾਣੇ ਲਾਗੇ ਭਠਿਆਂ ਕੋਲ ਆ ਜਾਣ।" ਜਥੇਦਾਰ ਧਾਰੋਵਾਲੀ ਏਥੋਂ ਇਕੱਲੇ ਜਾਣ ਦੇ ਹੱਕ ਵਿੱਚ ਨਹੀਂ ਸੀ। ਉਹਨਾਂ ਨੇ ਕਿਹਾ, ਜੇ ਸੰਗਤ ਚਾਹੁੰਦੀ ਹੈ ਕਿ ਸਿੰਘਾਂ ਨੂੰ ਰਵਾਨਾ ਹੋਣਾ ਚਾਹੀਦਾ ਹੈ ਤਾਂ ਮੈਂ ਇਸ ਨਾਲ ਰਾਜੀ ਹਾਂ ਪਰ ਇਸ ਤੋਂ ਅੱਗੇ ਜੱਥੇ ਦੀ ਅਗਵਾਈ ਜੱਥੇਦਾਰ ਟਹਿਲ ਸਿੰਘ ਕਰਨ। ਸਿੰਘ ਵੀ ਜਾਣ ਲਈ ਕਾਹਲੇ ਪਏ ਸਨ। ਇਕ ਦੂਜੇ ਦੀ ਵੇਖਾ-ਵੇਖੀ ਉਹ ਨਨਕਾਣਾ ਸਾਹਿਬ ਵਲ ਤੁਰ ਪਏ। ਜਥੇਦਾਰ ਟਹਿਲ ਸਿੰਘ ਸਭਨਾਂ ਤੋਂ ਅੱਗੇ ਹੋਕੇ ਚੱਲਣ ਲੱਗਾ। ਜਥੇਦਾਰ ਲਛਮਣ ਸਿੰਘ ਵੀ ਉਸਦੇ ਨਾਲ-ਨਾਲ ਸਨ।

ਇਸ ਤਰ੍ਹਾਂ ਜੱਥਾ ਜੈਕਾਰੇ ਛੱਡਦਾ ਨਨਕਾਣੇ ਲਾਗੇ ਭਠਿਆਂ ਕੋਲ ਪਹੁੰਚ ਕਿ ਰੁਕ ਗਿਆ। ਇਥੋਂ ਦੋ ਸਿੰਘਾਂ ਭਾਈ ਦਿਆਲ ਸਿੰਘ ਤੇ ਗੰਡਾ ਸਿੰਘ ਨੂੰ ਚੰਦਰ ਕੋਟ ਦੀ ਝਾਲ ਵਲ ਕਰਤਾਰ ਸਿੰਘ ਝੱਬਰ ਦੇ ਜੱਥੇ ਦਾ ਪਤਾ ਲਾਉਣ ਲਈ ਭੇਜਿਆ। ਅਜੇ ਉਹ ਥੋਹੜੀ ਦੂਰ ਹੀ ਗਏ ਸਨ ਕਿ ਕੁਝ ਸਿੰਘ ਉਹਨਾਂ ਮਗਰ ਹੋਰ ਤੁਰ ਪਏ। ਫਿਰ ਕੁਝ ਸਿੰਘਾਂ ਨੇ ਕਿਹਾ ਚਲੋ ਸਾਰਾ ਜੱਥਾ ਹੀ ਚੰਦਰ ਕੋਟ ਦੀ ਝਾਲ ਤੇ ਵਾਪਿਸ ਚਲਦੇ ਹਾਂ। ਸਾਰਾ ਜੱਥਾ ਝਾਲ ਵੱਲ ਠਿਲ ਪਿਆ। ਅਜੇ ਮਸਾਂ ਦੋ ਪੈਲੀਆਂ ਦੂਰ ਹੀ ਗਿਆ ਹੋਵੇਗਾ ਤਾਂ ਭਾਈ ਟਹਿਲ ਸਿੰਘ ਨੇ ਲਲਕਾਰਾ ਮਾਰਿਆ ਤੇ ਸਭਨਾਂ ਦੇ ਅਗੇ ਜਾਕੇ ਖਲੋ ਗਿਆ ਤੇ ਉੱਚੀ ਸੁਰ ਵਿੱਚ ਆਖਣ ਲਗਾ, "ਸਿੰਘੋ, ਮੇਰੇ ਪਿਆਰੇ ਸਿੰਘੋ, ਇਹ ਸਿੰਘਾਂ ਵਾਲਾ ਕੰਮ ਨਹੀਂ। ਜਦੋਂ ਅਸੀਂ ਘਰੋ ਫੈਸਲਾ ਕਰਕੇ ਹੀ ਆਏ ਹਾਂ ਕਿ ਅਸੀਂ ਜਾਂ ਤਾ ਜਨਮ ਅਸਥਾਨ ਨੂੰ ਅਜ਼ਾਦ ਕਰਾਂਵਾਗੇ, ਜਾਂ ਫਿਰ ਉੱਥੇ ਹੀ ਸ਼ਹੀਦੀਆਂ ਪਾਵਾਂਗੇ। ਖਾਲੀ ਹੱਥ ਅਸੀਂ ਵਾਪਿਸ ਹਰਗਿਜ਼ ਨਹੀਂ ਮੁੜਾਂਗੇ। ਹੁਣ ਅਸੀਂ ਆਸਰੇ ਭਾਲ ਰਹੇ ਹਾਂ। ਮੈਂ ਵੇਖਿਆ ਸੀ ਕਿ ਕੁਝ ਸਿੰਘਾਂ ਤਾਂ ਸੰਤ ਪਾਲ ਸਿੰਘ ਦੀਆਂ ਗਲਾਬਾਤਾਂ ਸੁਣਕੇ ਵਾਪਿਸ ਜਾਣ ਲਈ ਤਿਆਰ ਸਨ। ਹੁਣ ਵੀ ਅਸੀਂ ਅਗੇ ਜਾਣ ਦੀ ਜਗ੍ਹਾ ਪਿਛਾਂਹ ਜਾ ਰਹੇ ਹਾਂ। ਜਿਸਦੇ ਦਿਲ ਵਿੱਚ ਗੁਰੂ ਦੇ ਬਚਨਾਂ ਦੀ ਕੋਈ ਕਦਰ ਨਹੀਂ, ਉਹ ਬੇਸ਼ਕ ਘਰ ਨੂੰ ਮੁੜ ਜਾਵੇ, ਏਥੇ ਕਿਸੇ ਦੀ ਬਦੋਗਿਰੀ ਥੋੜ੍ਹੀ ਹੈ। ਦਿਲ ਮੰਨੇ ਦਾ ਮੇਲਾ ਹੈ। ਇਹ ਸੁਣਕੇ ਸਾਰੇ ਸਿੰਘ ਫਿਰ ਨਨਕਾਣੇ ਵਲ ਨੂੰ ਤੁਰ ਪਏ। ਏਥੇ ਭਾਈ ਲਛਮਣ ਸਿੰਘ ਨੇ ਜੱਥੇ ਦੀ ਅਗਵਾਈ ਭਾਈ ਟਹਿਲ ਸਿੰਘ ਨੂੰ ਸੌਂਪ ਦਿੱਤੀ ਕਿਉਂਕਿ ਭਾਈ ਟਹਿਲ ਸਿੰਘ ਨਾਲ ਉਸਦੀ ਖਿਆਲੀ ਮਤਭੇਦ ਸੀ। ਜਥੇਦਾਰ

ਧਾਰੋਵਾਲੀ ਸ਼ਾਂਤਮਈ ਢੰਗ ਨਾਲ ਗੁਰਦੁਆਰੇ ਉਪਰ ਕਬਜ਼ਾ ਕਰਨਾ ਚਾਹੁੰਦੇ ਸਨ, ਜਦੋਂ ਕਿ ਭਾਈ ਟਹਿਲ ਸਿੰਘ ਗਰਮ ਦਲੀਆ ਸੀ। ਉਹ ਮਹੰਤ ਨਾਲ ਟੱਕਰ ਲੈਣ ਦੇ ਹੱਕ ਵਿੱਚ ਸੀ ਭਾਵੇਂ ਜਾਨ ਦੀ ਬਾਜ਼ੀ ਲਾਉਣੀ ਪਵੇ।

ਅਜੇ ਜਥਾ ਮਸਾਂ ਭਠਿਆਂ ਲਾਗੇ ਫਿਰ ਪਜਾ ਸੀ ਤਾਂ ਚੌਧਰੀ ਪਾਲ ਸਿੰਘ ਭੱਜੇ-ਭੱਜੇ ਜੱਥੇ ਦੇ ਅਗੇ ਆਕੇ ਖਲ੍ਹੋ ਗਏ। ਉਹਨਾਂ ਦੇ ਨਾਲ ਭਾਈ ਦਲੀਪ ਸਿੰਘ ਦਾ ਭੇਜਿਆ ਭਾਈ ਵਰਿਆਮ ਸਿੰਘ ਵੀ ਸੀ। ਸੰਤ ਨੇ ਸ਼੍ਰੋਮਣੀ ਕਮੇਟੀ ਵਲੋਂ ਭੇਜਿਆ ਇਕ ਰੁਕਾ, ਭਾਈ ਧਾਰੋਵਾਲੀ ਨੂੰ ਦਿੱਤਾ। ਰੁਕੇ ਵਿੱਚ ਲਿਖਿਆ ਸੀ, "ਪਿਆਰੇ ਖ਼ਾਲਸਾ ਜੀ, ਸ਼੍ਰੋਮਣੀ ਕਮੇਟੀ ਵਲੋਂ ਹੁਕਮ ਹੈ ਕਿ ਜੱਥੇ ਸਮੇਤ ਵਾਪਿਸ ਮੁੜ ਜਾਓ! ਮਹੰਤ ਨੇ ਸੈਂਕੜੇ ਬਦਮਾਸ਼ ਤੇ ਪਠਾਣ, ਹਰ ਤਰ੍ਹਾਂ ਦੇ ਹਥਿਆਰਾਂ ਸਮੇਤ ਗੁਰਦੁਆਰੇ ਵਿੱਚ ਲੁਕਾਏ ਹੋਏ ਹਨ। ਇਸ ਲਈ ਨਿਹੱਥੇ ਸਿੰਘਾਂ ਨੂੰ ਸਖ਼ਤ ਖ਼ਤਰਾ ਹੈ। ਸਾਰੇ ਜ਼ੱਥਿਆਂ ਨੂੰ ਵਾਪਿਸ ਜਾਣ ਦਾ ਹੁਕਮ ਦਿੱਤਾ ਜਾਂਦਾ ਹੈ।" ਜੱਥੇਦਾਰ ਧਾਰੋਵਾਲੀ ਨੇ ਜਦੋਂ ਇਹ ਸੁਨੇਹਾ ਪੜ੍ਹਿਆ ਤਾਂ ਉਹ ਲਗਭਗ ਵਾਪਿਸ ਜਾਣ ਲਈ ਤਿਆਰ ਹੋ ਗਿਆ। ਸਿੰਘਾਂ ਨੇ ਜਦ ਇਹ ਸੁਣਿਆ ਤਾਂ ਉਹ ਵੀ ਭੈਭੀਤ ਹੋਕੇ ਵਾਪਿਸ ਜਾਣ ਵਾਸਤੇ ਸੋਚਣ ਲਗੇ। ਇਸ ਵਕਤ, ਭਾਈ ਟਹਿਲ ਸਿੰਘ ਜੱਥੇ ਦਾ ਰੁਝਾਣ ਵੇਖਕੇ, ਸਭ ਦੇ ਅਗੇ ਆਕੇ ਖੜੋ ਗਿਆ ਤੇ ਕਹਿਣ ਲਗਾ, ਪਿਆਰੇ ਵੀਰੋ, ਇਹਨਾਂ ਭੁਲੋ ਕਿ ਅਸੀਂ ਕਿਸ ਕਾਰਜ ਲਈ ਸਾਰੀ ਰਾਤ ਦਾ ਵਾਟ ਝਾਕ ਕੇ ਇਥੇ ਪੁੱਜੇ ਹਾਂ। ਅਸਾਂ ਸਾਰਿਆਂ ਨੇ ਰਵਾਨਾ ਹੋਣ ਵੇਲੇ ਇਹ ਅਰਦਾਸਾ ਸੋਧਿਆ ਸੀ ਕਿ 'ਹੇ ਅਕਾਲ ਪੁਰਖ ਅਸੀਂ ਤੇਰੇ ਨਿਮਾਣੇ ਸਿੱਖ, ਆਪਣੇ ਪਿਆਰੇ ਗੁਰੂ ਦੇ ਜਨਮ ਅਸਥਾਨ ਨੂੰ ਇਕ ਜਾਲਿਮ ਮਹੰਤ ਦੇ ਸ਼ਿਕੰਜੇ ਤੋਂ ਛੁਡਾਉਣ ਲਈ ਚਲੇ ਹਾਂ। ਵਾਹਿਗੁਰੂ ਜੀ ਇਸ ਪਵਿੱਤਰ ਕਾਰਜ ਲਈ ਜੇਕਰ ਸਾਨੂੰ ਸਾਡਾ ਸੀਸ ਵੀ ਅਰਪਨ ਕਰਨਾ ਪਿਆ ਤਾਂ ਅਸੀਂ ਪਿੱਛੇ ਨਹੀਂ ਹਟਾਂਗੇ। ਮੈਂ ਵੇਖ ਰਿਹਾ ਹਾਂ ਕਿ ਸਾਡੇ ਵਿਚੋਂ ਕਈ ਸਿੰਘਾਂ ਨੂੰ ਰਾਤ ਵੇਲੇ ਕੀਤਾ ਅਰਦਾਸਾ ਵਿਸਰ ਗਿਆ ਹੈ। ਮੈਨੂੰ ਅਫਸੋਸ ਹੈ ਕਿ ਜਿਹੜਾ ਸਾਡਾ ਬਜ਼ੁਰਗ ਸਾਡੇ ਜੱਥੇ ਨੂੰ ਏਥੋਂ ਤੱਕ ਲੈਕੇ ਆਇਆ ਹੈ, ਉਹ ਵੀ ਕਦਮ ਪਿੱਛੇ ਪੁੱਟਣ ਲਈ ਤਿਆਰ ਹੈ। ਸਾਨੂੰ ਆਪਣੇ ਕੀਤੇ ਬਚਨਾਂ ਤੋਂ ਫਿਰਨਾ ਨਹੀਂ ਚਾਹੀਦਾ। ਇਹੀ ਦੇਹ ਜਿਸਨੂੰ ਕਾਵਾਂ ਕੁਤਿਆਂ ਨਹੀਂ ਖਾਣਾ, ਤੁਹਾਨੂੰ ਖ਼ਾਲਸਾ ਜੀ ਅੱਜ ਪਿਆਰੀ ਲਗ ਰਹੀ ਹੈ। ਜੇਕਰ ਅਸੀਂ ਅੱਜ ਵਾਪਿਸ ਪਰਤ ਗਏ ਤਾਂ ਸਾਡੇ ਪਰਿਵਾਰ ਤਾਂ ਖ਼ੁਸ਼ ਹੋ ਜਾਣ ਪਰ ਆਉਣ ਵਾਲੀਆਂ ਨਸਲਾਂ ਸਾਡੀ ਇਸ ਬੁਜ਼ਦਿਲੀ ਤੇ ਪਾਜੀ ਪੁਣੇ ਦਾ ਮਜ਼ਾਕ ਉਡਾਉਣਗੀਆਂ।

ਜੱਥੇਦਾਰ ਟਹਿਲ ਸਿੰਘ ਨੇ ਵੇਖਿਆ ਕਿ ਸਿੰਘ ਸੋਚੀ ਪੈ ਗਏ ਹਨ ਪਰ ਅਜੇ ਪੂਰੀ ਤਰ੍ਹਾਂ ਅੱਗੇ ਵੱਧਣ ਤਿਆਰ ਨਹੀਂ ਹੋਏ। ਉਸਨੇ ਸਾਰੇ ਜੱਥੇ ਮੋਹਰੇ ਆਪਣੀ ਖੂੰਡੀ ਨਾਲ ਇਕ ਲਕੀਰ ਵਾਹੀ ਤੇ ਕਹਿਣ ਲਗਾ, ਮੈਂ ਟਹਿਲ ਸਿੰਘ ਇਸ ਜੱਥੇ ਦਾ ਜੱਥੇਦਾਰ ਆਪ ਸਭ ਨੂੰ ਹੱਥ ਜੋੜ ਕੇ ਬੇਨਤੀ ਕਰਦਾ ਹਾਂ ਕਿ ਤੁਸੀਂ ਦਿਲ ਨਾ ਛੱਡੋ ਤੇ

ਅਗੇ ਵਧਕੇ ਗੁਰੂ ਘਰ ਦਾ ਰਸਤਾ ਫੜੋ।" ਇਸਦਾ ਵੀ ਬਹੁਤਾ ਅਸਰ ਨਾ ਹੋਇਆ ਤਾਂ ਜੱਥੇਦਾਰ ਟਹਿਲ ਸਿੰਘ ਕਹਿਣ ਲਗਾ, ਖ਼ਾਲਸਾ ਜੀ ਜਰਾ ਕੰਨ ਖੋਹਲਕੇ ਸੁਣੋ, ਤੁਹਾਡੇ ਵਿਚੋਂ ਜਿੰਨਾਂ ਨੇ ਆਪਣੀ ਮਾਂ ਦਾ ਦੁਧ ਪੀਤਾ ਹੈ, ਉਹ ਲਕੀਰ ਟੱਪਕੇ ਮੇਰੇ ਪਾਸ ਆ ਜਾਣ। ਐ ਪਰ ਜਿੰਨਾਂ ਕਿਸੇ ਕੁੱਤੀ ਦਾ ਦੁਧ ਪੀਤਾ ਹੈ, ਉਹ ਬੇਸ਼ਕ ਪਾਸਾਂ ਨੂੰ ਚਾਲੇ ਪਾ ਜਾਣਾ। ਇਹ ਵੰਗਾਰ ਬੜੀ ਸਖ਼ਤ ਸੀ। ਇਸ ਦਾ ਬਿਜਲਈ ਅਸਰ ਹੋਇਆ। ਸਾਰੇ ਜਾਣੇ ਇਕ ਦੂਜੇ ਨਾਲ ਇਹ ਲਕੀਰ ਟੱਪ ਕੇ ਟਹਿਲ ਸਿੰਘ ਵਾਲੇ ਪਾਸੇ ਆਣ ਖਲੋਤੇ। ਇਸ ਵੇਲੇ ਦੋ ਕੁ ਸਿੰਘ ਲਾਗੇ ਪੈਲੀਆਂ ਵਿੱਚ ਲੁਕਕੇ ਪਿਛੇ ਹਟ ਗਏ ਅਤੇ ਵਾਪਿਸ ਚਲੇ ਗਏ। ਬਾਕੀ ਸਭ ਟਹਿਲ ਸਿੰਘ ਨਾਲ ਜਾ ਖਲੋਤੇ। ਜੱਥੇਦਾਰ ਨੇ ਕਿਹਾ, "ਖ਼ਾਲਸਾ ਜੀ ਅੱਜ ਗੁਰੂ ਹਰਿ ਰਾਏ ਜੀ ਦਾ ਪੁਰਬ ਹੈ। ਅੱਜ ਦੇ ਪਵਿੱਤਰ ਦਿਹਾੜੇ ਜਨਮ ਅਸਥਾਨ ਤੇ ਆਪਾਂ ਮਥਾ ਟੇਕ ਕੇ ਆਪਾਂ ਵਾਪਿਸ ਮੁੜ ਆਵਾਂਗੇ।" ਇਸ ਨਾਲ ਜੱਥੇ ਨੂੰ ਬਹੁਤ ਸਕੂਨ ਮਿਲਿਆ। ਇਸ ਵੇਲੇ ਜੱਥੇਦਾਰ ਲਛਮਣ ਸਿੰਘ ਨੇ ਜੱਥੇ ਦੇ ਸਿੰਘਾਂ ਨੂੰ ਕਿਹਾ, ਗੁਰਦੁਆਰੇ ਜਾਕੇ ਸਿੰਘ ਕਿਸੇ ਤੇ ਹੱਥ ਨਾ ਉਠਾਉਣ। ਸ਼ਾਂਤ ਰਹਿੰਦੇ ਹੋਏ ਸ਼ਹੀਦੀ ਪ੍ਰਾਪਤ ਕਰਨ। ਇਸ ਵੇਲੇ ਜੱਥੇਦਾਰ ਧਾਰੋਵਾਰੀ ਨੇ ਜਥੇ ਨਾਲ ਦੋ ਬੀਬੀਆਂ ਆਈਆਂ ਸਨ, ਉਹਨਾਂ ਨੂੰ ਗੁਰਦੁਆਰਾ ਤੰਬੂ ਸਾਹਿਬ ਵਲ ਘੋੜੀ ਦੇ ਕੇ ਭੇਜ ਦਿੱਤਾ। ਇਕ ਬੀਬੀ ਜਥੇਦਾਰ ਧਾਰੋਵਾਲੀ ਦੀ ਸਿੰਘਣੀ ਬੀਬੀ ਇੰਦਰ ਕੌਰ ਸੀ ਤੇ ਦੂਜੀ ਬੀਬੀ ਇੰਦਰ ਕੌਰ ਦੀ ਸਹੇਲੀ ਬੀਬੀ ਰਣਜੀਤ ਕੌਰ ਜੋ ਧਾਰੋਵਾਲੀ ਸਕੂਲ ਵਿੱਚ ਅਧਿਆਪਕਾ ਸੀ। ਬੀਬੀਆਂ ਨਾਲ ਭਾਈ ਹਾਕਮ ਸਿੰਘ ਨੂੰ ਭੇਜਿਆ ਗਿਆ। ਇਸ ਵੇਲੇ ਭਾਈ ਟਹਿਲ ਸਿੰਘ ਨੇ ਆਪਣੀ ਜੇਬ੍ਹ ਵਿੱਚੋਂ 18 ਰੁਪੈ ਕੱਢਕੇ ਬੀਬੀ ਇੰਦਰ ਕੌਰ ਨੂੰ ਦਿੰਦੇ ਆਖਿਆ, ਤੁਹਾਡੇ ਵਰਗੀਆਂ ਭੈਣਾਂ ਸ਼ਹੀਦੀ ਪਿਛੋਂ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਕਰਵਾ ਦੇਣਗੀਆਂ। ਇਸ ਵਕਤ ਭਾਈ ਟਹਿਲ ਸਿੰਘ ਸਭ ਤੋਂ ਅੱਗੇ ਹੋਕੇ ਜਨਮ ਅਸਥਾਨ ਗੁਰਦੁਆਰੇ ਵਲ ਤੁਰ ਪਿਆ। ਸਾਰਾ ਜੱਥਾ ਉਸਦੇ ਪਿੱਛੇ-ਪਿੱਛੇ ਤੁਰ ਪਿਆ। ਚੌਧਰੀ ਪਾਠ ਸਿੰਘ ਨੇ ਜਥੇਦਾਰ ਧਾਰੋਵਾਲੀ ਨੂੰ ਪਿਛੋਂ ਜਫਾ ਪਾਕੇ ਰੋਕਣ ਦੀ ਕੋਸ਼ਿਸ ਕੀਤੀ ਪਰ ਜਥੇਦਾਰ ਨੇ ਉਸਦਾ ਜਫਾ ਛੁਡਾਕੇ ਅਗੇ ਵੱਧਣ ਲਈ ਤੇਜ਼-ਤੇਜ਼ ਕਦਮ ਚੁੱਕੇ।

ਮਹੰਤ ਨਰਾਇਣ ਦਾਸ ਜੋ ਲਾਹੌਰ ਸਨਾਤਨ ਸਿੱਖ ਕਾਨਫਰੰਸ ਵਿੱਚ ਸ਼ਿਰਕਤ ਕਰਨ ਲਈ 19 ਫ਼ਰਵਰੀ ਨੂੰ ਸ਼ਾਮ 4 ਵਜੇ ਜਾਣਵਾਲੀ ਗੱਡੀ ਵਿੱਚ ਸਵਾਰ ਸੀ। ਗਡੀ ਚਲਣ ਤੋਂ ਕੁਝ ਮਿੰਟ ਪਹਿਲਾਂ ਕਿਸੇ ਮੁਸਲਮਾਨ ਔਰਤ ਨੇ ਉਸਨੂੰ ਜਾਕੇ ਖ਼ਬਰ ਦਿੱਤੀ ਕਿ ਸਿਖੜਿਆਂ ਦਾ ਜੱਥਾ ਬੁਚਿਆਵੇਂ ਪੁੱਜ ਗਿਆ ਹੈ। ਮਹੰਤ ਤੇ ਉਸਦੇ ਸਾਥੀ ਗੱਡੀ ਤੋਂ ਉੱਤਰਕੇ ਗੁਰਦੁਆਰੇ ਵਾਪਿਸ ਆ ਗਏ। ਕਹਿੰਦੇ ਹਨ ਮਹੰਤ ਨੇ ਸਾਰੀ ਰਾਤ ਆਪਣੇ ਖ੍ਰੀਦੇ ਗੁੰਡਿਆਂ, ਬਦਮਾਸ਼ਾਂ ਤੇ ਪਠਾਣਾਂ ਨੂੰ ਸਿੱਖਾਂ ਨਾਲ ਟੱਕਰ ਲੈਣ ਦੀ ਕਵਾਇਦ ਕਰਵਾਈ। ਉਸਨੇ ਇਤਿਆਹਤ ਦੇ ਤੌਰ ਤੇ ਆਪਣੇ ਪਰਿਵਾਰ ਨੂੰ ਲਾਹੌਰ ਕੁਝ ਦਿਨ ਪਹਿਲਾਂ ਹੀ ਭੇਜ ਦਿੱਤਾ ਸੀ। ਉਸਨੇ ਆਪਣੇ ਗਹਿਣੇ ਗਟੇ ਤੇ

ਨਕਦੀ ਪਹਿਲਾਂ ਹੀ ਸੰਭਾਲ ਲਈ ਸੀ। ਇਥੋਂ ਤਕ ਪ੍ਰਬੰਧ ਕੀਤਾ ਗਿਆ ਕਿ ਉਸਨੇ ਕਸੂਰ ਦੇ ਠਾਣੇਦਾਰ ਨਾਲ ਗੰਢ ਤਰੁਪ ਕਰਕੇ ਦਸ ਨੰਬਰੀਏ ਬਦਮਾਸ਼ਾਂ ਨੂੰ (ਰਾਂਝਾ, ਰਿਹਾਣਾ, ਅਮਲੀ, ਕੁੰਦੀ ਤੇ ਵਸਾਖੇ) ਦੀਆਂ ਠਾਣੇ ਵਿੱਚ ਹਾਜ਼ਰੀਆਂ ਲਵਾਉਣ ਦਾ ਵੀ ਪ੍ਰਬੰਧ ਕਰ ਲਿਆ ਸੀ। ਉਸਦੀ ਮਨਸ਼ਾ ਇਹ ਸੀ ਕਿ ਜੇਕਰ ਇਹਨਾਂ ਖੂੰਖਾਰ ਬਦਮਾਸ਼ਾਂ ਦਾ ਜੇਕਰ ਜ਼ਿਕਰ ਵੀ ਹੋਵੇ ਤਾਂ ਠਾਣੇ ਵਿੱਚ ਉਹਨਾਂ ਦਾ ਬਕਾਇਦਾ ਹਾਜ਼ਰੀ ਲਗੀ ਹੋਵੇ। ਇਹ ਸਬੂਤ ਹੀ ਨਾ ਮਿਲੇ ਕਿ ਉਹ ਨਨਕਾਣੇ ਵਿੱਚ ਹਾਜ਼ਿਰ ਸਨ।

ਇਸ ਜੱਥੇ ਨੇ ਗੁਰਦੁਆਰੇ ਦੇ ਬਾਹਰ ਸਭ ਨੇ ਇਸ਼ਨਾਨ ਕੀਤਾ ਅਤੇ ਤਕਰੀਬਨ ਛੇ ਵਜੇ ਜੈਕਾਰੇ ਮਾਰਦੇ ਗੁਰਦੁਆਰੇ ਵਿੱਚ ਦਾਖ਼ਲ ਹੋ ਗਏ। ਜੱਥੇਦਾਰ ਟਹਿਲ ਸਿੰਘ ਨੇ ਪ੍ਰਵੇਸ਼ ਕਰਨ ਵੇਲੇ ਉੱਚੀ ਸਾਰੀ ਜੈਕਾਰਾ ਛੱਡਿਆ ਤੇ ਸਾਰੇ ਸਿੰਘ ਸਤਿ ਸ੍ਰੀ ਅਕਾਲ ਕਰਦੇ, ਗੁਰਦੁਆਰੇ ਅੰਦਰ ਪ੍ਰਵੇਸ਼ ਕਰ ਗਏ। ਮਹੰਤ ਜਾਂ ਉਸਦੇ ਜੋਟੀਦਾਰ ਲੁਕ-ਲੁਕ ਕੇ ਇਹ ਸਭ ਕੁਝ ਵੇਖ ਰਹੇ ਸਨ। ਮਹੰਤ ਨੇ ਵੇਖਿਆ ਕਿ ਉਹੀ ਸਰਦਾਰ ਸਭ ਤੋਂ ਅਗੇ ਹੈ ਜੋ ਕੁਝ ਦਿਨ ਪਹਿਲਾਂ ਉਸ ਨਾਲ ਤਕਰਾਰ ਕਰਕੇ ਗਿਆ ਸੀ। ਉਸਨੂੰ ਫੜਨ ਲਈ ਮਹੰਤ ਨੇ ਪੁਲੀਸ ਬੁਲਾਈ ਸੀ ਪਰ ਟਹਿਲ ਸਿੰਘ ਤੇ ਉਸਦੇ ਨਾਲ ਚਾਰ ਸਾਥੀ, ਪੁਲਸ ਨੂੰ ਚਕਮਾਂ ਦੇ ਕੇ ਉੱਥੋਂ ਚਲੇ ਗਏ। ਮਹੰਤ ਤੇ ਉਸਦੇ ਸਾਥੀ ਮਸਤ ਰਹੇ ਤੇ ਪਹਿਲਾਂ ਸਿੰਘਾਂ ਦੀਆਂ ਹਰਕਤਾਂ ਵੇਖਦੇ ਰਹੇ। ਹੁਣ ਸਾਰਾ ਜੱਥਾ ਗੁਰਦੁਆਰੇ ਦੀ ਪ੍ਰਕਰਮਾਂ ਵਿੱਚ ਸੀ। ਜੱਥੇਦਾਰ ਟਹਿਲ ਸਿੰਘ ਸਿੱਧੇ ਜਾ ਕੇ ਮਹਾਰਾਜ ਦੀ ਤਾਬਿਆ ਬੈਠ ਗਏ ਤੇ ਜਥੇਦਾਰ ਧਾਰੋਵਾਲੀ ਨੇ ਰਾਗੀ ਸਿੰਘਾਂ ਨੂੰ ਕੀਰਤਨ ਕਰਨ ਲਈ ਆਖਿਆ। ਇਹ ਸਿੰਘ ਕਿਤੇ ਵਜੋਂ ਰਾਗੀ ਨਹੀਂ ਸਨ। ਇਹ ਤਾਂ ਸ਼ਹੀਦੀਆਂ ਪਾਉਣ ਆਏ ਸਿੰਘ ਸਨ, ਇਨ੍ਹਾਂ ਨੂੰ ਕੀਰਤਨ ਕਰਨ ਦਾ ਸ਼ੌਂਕ ਸੀ। ਇਥੇ ਪਹਿਲਾਂ ਬੈਠੇ ਮਹੰਤ ਦੇ ਪਾਠੀਆਂ ਨਾਲ ਜੱਥੇ ਦੇ ਸਿੰਘਾਂ ਦਾ ਤਕਰਾਰ ਹੋਇਆ ਪਰ ਜੱਥੇਦਾਰ ਨੇ ਇਹ ਕਹਿਕੇ ਸਿੰਘਾਂ ਨੂੰ ਪਿੱਛੇ ਹਟਾ ਦਿੱਤਾ ਕਿ ਤੁਸਾਂ ਸ਼ਾਂਤਮਈ ਰਹਿਣਾ ਹੈ। ਕਿਸੇ ਤੇ ਹੱਥ ਨਹੀਂ ਉਠਾਉਣਾ। ਗੁਰਦੁਆਰੇ ਵਿੱਚ ਪੰਜ ਸੱਤ ਸਿੰਘ ਤੇ ਕੁਝ ਸਾਧ ਸੰਤ ਪਹਿਲਾਂ ਹੀ ਗੁਰਦੁਆਰੇ ਬੈਠੇ ਸਨ। ਉਹਨਾਂ ਨੇ ਜਦ ਵੇਖਿਆ ਕਿ ਹਾਲਾਤ ਨਾਜ਼ੁਕ ਹਨ, ਉਹ ਡਿਉੜੀ ਰਾਹੀ ਭੱਜਕੇ ਬਾਹਰ ਚੱਲੇ ਗਏ। ਭਾਈ ਲਛਮਣ ਸਿੰਘ ਨੇ ਬਾਹਰ ਆਕੇ ਡਿਉੜੀ ਦਾ ਦਰਵਾਜਾ ਅੰਦਰੋਂ ਬੰਦ ਕਰ ਦਿੱਤਾ। ਪੰਜ ਪੰਜ ਸਿੰਘ ਸਾਰੇ ਗੁਰਦੁਆਰੇ ਦੁਆਲੇ ਪਹਿਰੇਦਾਰ ਦੇ ਤੌਰ ਤੇ ਖੜੇ ਕਰ ਦਿੱਤੇ।

ਜੱਥੇ ਦੇ ਅੰਦਰ ਆਉਣ ਸਮੇਂ ਪੰਝੀ ਮਹੰਤ ਦੇ 25 ਬੰਦੇ ਗੁਰਦਿੱਤ ਸਿੰਘ ਦੀ ਕਮਾਨ ਹੇਠਾਂ ਦਰਸ਼ਨੀ ਡਿਉੜੀ ਦੀ ਇਕ ਬਾਰੀ ਤੇ ਡਾਂਗਾਂ ਛਵੀਆਂ ਲੈ ਕੇ ਖੜੇ ਸਨ। ਇਹਨਾਂ ਵਿਚੋਂ ਅੱਧੇ ਤਾਂ ਸਿੰਘਾਂ ਕੋਲੋਂ ਡਰਦੇ ਹੀ ਡਿਉੜੀ ਥਾਣੀ ਬਾਹਰ ਨਿਕਲ ਗਏ। ਬਾਕੀ ਬਾਰਾ ਬੰਦੇ ਦੋਚਿੱਤੀ ਵਿੱਚ ਅਜੇ ਉੱਥੇ ਹੀ ਖੜ੍ਹੇ ਸਨ। ਇਹਨਾਂ ਵਿਚੋਂ ਦੋ ਤਿੰਨਾਂ ਦੀਆਂ ਧੰਨੂਆਂਵੇ ਪਿੰਡ ਵਿਖੇ ਰਿਸ਼ਤੇਦਾਰੀਆਂ ਸਨ। ਧੰਨੂਆਣੇ ਦੇ

ਸਿੰਘ ਜੋ ਜੱਥੇ ਵਿੱਚ ਆਏ ਸਨ, ਉਹਨਾਂ ਨੇ ਇਕ ਨੂੰ ਸਿਆਣਕੇ ਹੋਏ ਆਖਿਆ, ਹੁਣ ਤੁਸੀਂ ਆਪਣੇ ਰਿਸ਼ਤੇਦਾਰਾ ਨੂੰ ਈ ਵੱਡਣ ਆਏ ਜੇ? ਉਹਨਾਂ ਆਖਿਆ, "ਅਸੀਂ ਤਾਂ ਬਸ ਮਾਰੀਦੇ ਹੀ ਫਾਂਟਾਂ ਭਨਾਉਣ ਆਏ ਹਾਂ।" ਜੱਥੇ ਦੇ ਸਿੰਘਾਂ ਨੇ ਆਖਿਆ, "ਫਿਰ ਤੁਸੀਂ ਡਾਗਾਂ ਛਵੀਆਂ ਏਥੇ ਰੱਖ ਦਿਓ। ਉਹਨਾਂ ਨੇ ਆਪਣੇ ਹਥਿਆਰ ਖ਼ੁਸ਼ੀ ਨਾਲ ਉੱਥੇ ਰੱਖ ਦਿੱਤੇ ਅਤੇ ਆਖਣ ਲਗੇ," ਅਸੀਂ ਆਪਣੇ ਰਿਸ਼ਤੇਦਾਰਾਂ ਨਾਲ ਵੱਡੇ ਹਾਂ, ਸਾਧਾਂ ਸੰਤਾਂ ਨਾਲ ਨਹੀਂ। ਸਿੰਘਾਂ ਨੇ ਉਹਨਾਂ ਦੇ ਸਾਰੇ ਹੱਥਿਆਰ ਫੜਕੇ ਬਉਲੀ ਵਿੱਚ ਸੁੱਟ ਦਿੱਤੇ।

ਇਸ ਵਕਤ ਚਿੱਟਾ ਦਿਨ ਚੜ੍ਹ ਚੁੱਕਾ ਸੀ। ਇਸ ਵੇਲੇ ਮਹੰਤ ਦੀ ਬੈਠਕ ਵਲੋਂ ਹਵਾ ਵਿੱਚ ਇਕ ਗੋਲੀ ਚਲੀ। ਖੜਾਕ ਸੁਣਕੇ ਕਬੂਤਰ ਅਸਮਾਨ ਵੱਲ ਉਡ ਗਏ। ਜੱਥੇਦਾਰ ਧਾਰੋਵਾਲੀ ਨੇ ਪੁੱਛਿਆ ਕਿ ਗੋਲੀ ਕਿਧਰੋਂ ਆਈ ਹੈ, ਪਤਾ ਕਰੋ। ਕੁਝ ਸਿੰਘ ਪਤਾ ਕਰਨ ਡਿਉੜੀ ਵਲ ਗਏ ਤਾਂ ਮਹੰਤ ਨੇ ਗੁਰਦੁਆਰੇ ਦੇ ਬਾਹਰਲੇ ਦਰਵਾਜੇ ਸਾਰੇ ਬੰਦ ਕਰਵਾ ਦਿੱਤੇ ਤਾਂ ਕਿ ਹੋਰ ਸਿੰਘ ਨਾ ਆਉਣ। ਮਹੰਤ ਦੇ ਬਦਮਾਸ਼ ਤੇ ਗੁੰਡੇ ਕਮਰਿਆਂ ਵਿਚੋਂ ਨਿਕਲ ਕੇ ਡਿਉੜੀ ਦੀ ਛੱਤ ਤੇ ਪਹੁੰਚ ਗਏ। ਉਹਨਾਂ ਨੇ ਅੰਧਾ ਧੁੰਦ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਕੁਝ ਹੀ ਮਿੰਟਾਂ ਵਿੱਚ ਤੀਹ ਕੁ ਸਿੰਘ ਸ਼ਹੀਦੀਆਂ ਪਾ ਗਏ। ਮਹੰਤ ਦੇ ਇਕੱਠੇ ਕੀਤੇ ਗੁੰਡੇ ਤੇ ਸਾਧੂ ਸਿੱਖਾਂ ਉਪਰ ਇੱਟਾਂ ਤੇ ਪੱਥਰ ਵਰਾਕੇ ਉਹਨਾਂ ਨੂੰ ਜ਼ਖ਼ਮੀ ਕਰ ਰਹੇ ਸਨ। ਰਾਂਝਾ ਰਿਹਾਣਾ ਤੇ ਮਹੰਤ ਦੇ ਪਠਾਣ ਬਦਮਾਸ਼ ਧੜਾ-ਧੜ ਬਰਾਂਡੇ ਦੀ ਛੱਤ ਤੋਂ ਗੋਲੀਆਂ ਚਲਾ ਰਹੇ ਸਨ। ਜੱਥੇ ਦੇ ਅੱਧੇ ਕੁ ਸਿੱਖ ਸ਼ਹੀਦੀਆਂ ਪਾ ਗਏ ਸਨ। ਬਾਕੀ ਕੁਝ ਤਾਂ ਲਾਗੇ ਕਮਰਿਆਂ ਵਿੱਚ ਜਾ ਲੁੱਕੇ ਤੇ ਬਹੁਤ ਸਾਰੇ ਜਨਮ ਅਸਥਾਨ ਵਾਲੇ ਕਮਰੇ ਤੇ ਚੌਖੰਡੀ ਵਿੱਚ ਆ ਲੁਕੇ। ਉਹਨਾਂ ਨੇ ਅੰਦਰੋਂ ਕੁੰਡੇ ਮਾਰ ਲਏ।

ਇਧਰੋ ਗੋਲੀਆਂ ਦੀ ਅਵਾਜ਼ ਸੁਣਕੇ ਭਾਈ ਦਲੀਪ ਸਿੰਘ ਸਾਹੋਵਾਲ, ਜੋ ਉਤਮ ਸਿੰਘ ਦੇ ਕਾਰਖਾਨੇਦਾਰ ਦੇ ਗ੍ਰਹਿ ਵਿਖੇ ਬੈਠੇ ਭਾਈ ਲਛਮਣ ਸਿੰਘ ਧਾਰੋਵਾਲੀ ਦੇ ਜੱਥੇ ਦੀ ਉਡੀਕ ਕਰ ਰਹੇ ਸਨ। ਜਦੋਂ ਉਹਨਾਂ ਗੁਰਦੁਆਰੇ ਗੋਲੀਆਂ ਦੀ ਅਵਾਜ਼ ਸੁਣੀ ਤਾਂ ਉਹ ਭਾਈ ਵਰਿਆਮ ਸਿੰਘ ਨੂੰ ਨਾਲ ਲੈ ਕੇ ਗੁਰਦੁਆਰੇ ਪੁੱਜੇ। ਉਸ ਵਕਤ ਮਹੰਤ ਨਰਾਇਣ ਦਾਸ ਪਛੜਕੇ ਬਾਹਰੋ ਆਈ ਸਿੰਘਾਂ ਨੂੰ ਗੋਲੀ ਮਾਰਨ ਦਾ ਹੁਕਮ ਦੇ ਰਿਹਾ ਸੀ। ਉਸ ਵਕਤ ਭਾਈ ਦਲੀਪ ਸਿੰਘ ਹੁਰੀ ਆ ਗਏ। ਉਹਨਾਂ ਮਹੰਤ ਨੂੰ ਵੇਖਕੇ ਆਖਿਆ, ਮਹੰਤ ਜੀ ਗੋਲੀ ਨਾ ਚਲਾਓ, ਅਸੀਂ ਹੁਣ ਵੀ ਤੁਹਾਡੀ ਅਕਾਲੀਆਂ ਨਾਲ ਗਲਬਾਤ ਕਰਵਾ ਕੇ ਗਲ ਮੁਕਾ ਦੇਨੇ ਆਂ। ਪਰ ਮਹੰਤ ਨੇ ਭਾਈ ਦਲੀਪ ਸਿੰਘ ਦੀ ਗਲ ਸੁਣਨ ਦੀ ਬਜਾਏ ਉਸਨੂੰ ਆਪਣੇ ਪਸਤੌਲ ਦੀ ਗੋਲੀ ਮਾਰਕੇ ਭੁੰਜੇ ਸੁੱਟ ਦਿੱਤਾ। ਉਸਦੇ ਬੰਦਿਆਂ ਨੇ ਭਾਈ ਵਰਿਆਮ ਸਿੰਘ ਨੂੰ ਵੀ ਛਵੀਆਂ ਨਾਲ ਉਸੇ ਵਕਤ ਕਤਲ ਕਰ

ਦਿੱਤਾ। ਦਲੀਪ ਸਿੰਘ ਤੇ ਹੋਰਾਂ ਨੂੰ ਲਾਗੇ ਘੁਮਿਆਰਾਂ ਦੀਆਂ ਭੱਠੀਆਂ ਵਿਚ ਸੁੱਟ ਕੇ ਸਾੜ ਦਿੱਤਾ ਗਿਆ। ਪੰਥ ਦਾ ਮਹਾਨ ਯੋਧਾ ਮਹੰਤ ਦੇ ਜ਼ੁਲਮ ਦਾ ਸ਼ਿਕਾਰ ਹੋ ਗਿਆ। ਸ਼ਹੀਦ ਹੋਣ ਤੋਂ ਪਹਿਲਾਂ ਇਸ ਯੋਧੇ ਨੇ ਮਹੰਤ ਕੋਲੋਂ ਦੋ ਦਿਨ ਪਹਿਲਾਂ ਲਈ ਤਿੰਨ ਹਜ਼ਾਰ ਰੁਪਏ ਦੀ ਉਗਰਾਹੀ ਉਸ ਦੇ ਮੱਥੇ ਮਾਰੀ ਸੀ।

ਉਧਰ ਜਦੋਂ ਮਹੰਤ ਦੇ ਬਦਮਾਸ਼ ਗੋਲੀਆਂ ਦਾ ਮੀਂਹ ਵਰ੍ਹਾ ਰਹੇ ਸਨ ਤਾਂ ਇਕ ਸਿੰਘ ਜੋ ਕਿ ਫੌਜੀ ਸੀ, ਉਸਨੇ ਪਿਛਲੇ ਪਾਸਿਓ ਇਕ ਬਦਮਾਸ਼ ਨੂੰ ਜਫਾ ਮਾਰਕੇ ਉਸ ਪਾਸੋਂ ਬੰਦੂਕ ਖੋਹ ਲਈ ਤੇ ਸਕਿੰਟਾਂ ਵਿੱਚ ਉਸਦਾ ਗਲ ਘੁਟ ਕੇ ਉਸਨੂੰ ਮਾਰ ਦਿੱਤਾ। ਇਹ ਬੰਦੂਕ ਚੁਕਕੇ ਉਹ ਚਰਖੰਡੀ ਵਲ ਦੌੜਿਆ, ਜਿਥੇ ਕਾਫੀ ਸਿੰਘ ਲੁਕੇ ਹੋਏ ਸਨ। ਉਸ ਵਕਤ ਭਾਈ ਟਹਿਲ ਸਿੰਘ ਜੋ ਗੁਰੂ ਗ੍ਰੰਥ ਸਾਹਿਬ ਦੀ ਤਾਬਿਆ ਬੈਠੇ ਹੋਏ ਸਨ, ਵਲ ਇਕ ਸਿੰਘ ਨੇ ਇਸ਼ਾਰਾ ਕਰਕੇ ਬੁਲਾਇਆ। ਭਾਈ ਟਹਿਲ ਸਿੰਘ, ਵੱਡੇ ਜਥੇਦਾਰ ਭਾਈ ਲਛਮਣ ਸਿੰਘ ਨੂੰ ਬੇਨਤੀ ਕਰਕੇ ਗੁਰੂ ਦੀ ਤਾਬਿਆ ਬਿਠਾ ਦਿੱਤਾ। ਆਪ ਉਹ ਚਰਖੰਡੀ ਵਿੱਚ ਸਿੰਘਾਂ ਕੋਲ ਚਲਾ ਗਿਆ। ਜਿਸ ਸਿੰਘ ਨੇ ਬੰਦੂਕ ਕਿਸੇ ਬਦਮਾਸ਼ ਕੋਲੋਂ ਖੋਹਕੇ ਲਿਆਂਦੀ ਸੀ ਉਹ ਟਹਿਲ ਸਿੰਘ ਨੂੰ ਆਖਣ ਲਗਾ, ਜਥੇਦਾਰ ਜੀ, ਜੇ ਹੁਕਮ ਹੋਵੇ ਤਾਂ ਮੈਂ ਮਹੰਤ ਨੂੰ ਮਾਰਕੇ ਉਸਦਾ ਸਿਰ ਆਪਣੀ ਪ੍ਰੇਸ਼ ਕਰਾਂ। ਮੇਰੇ ਨਾਲ ਕੁਝ ਸਿੰਘ ਭੇਜੋ, ਮੈਨੂੰ ਪਤਾ ਹੈ ਕਿ ਮਹੰਤ ਹੁਣ ਕਿੱਥੇ ਖੜਾ ਹੈ।" ਭਾਈ ਟਹਿਲ ਸਿੰਘ ਹਾਲੇ, ਉਹਦਾ ਜਵਾਬ ਦੇਣ ਲਈ ਸੋਚ ਹੀ ਰਿਹਾ ਸੀ ਕਿ ਇਕ ਹੋਰ ਸਿੰਘ ਨੇ ਕਿਹਾ, ਜਥੇਦਾਰ ਜੀ ਅਸੀਂ ਐਵੇਂ ਭੰਗ ਦੇ ਭਾੜੇ ਮਰ ਰਹੇ ਆਂ। ਅਸੀਂ ਪੰਜ ਸਤ ਜਾਣੇ ਪੱਛਮੀ ਬਾਹੀ ਦੀ ਕੰਧ ਟੱਪ ਕੇ ਬਾਹਰ ਚਲੇ ਜਾਨੇ ਆਂ ਤੇ ਬਾਹਰੋਂ ਜੱਥੇਦਾਰ ਝੱਬਰ ਨੂੰ ਇਹ ਖ਼ਬਰ ਕਰਦੇ ਆਂ। ਉਹ ਵੀ ਕਿੱਧਰੇ ਲਾਗੇ ਹੀ ਹੋਵੇਗਾ। ਜੱਥੇਦਾਰ ਝੱਬਰ ਨੂੰ ਕਹਾਂਗੇ ਕਿ ਉਹ ਹਥਿਆਰ ਲੈ ਕੇ ਆਵੇ। ਉਹ ਇਕ ਵਾਰ ਹੱਥਿਆਰ ਲੈਕੇ ਅੰਦਰ ਆਗਿਆ ਤਾਂ ਸਾਡੇ ਬਹੁਤ ਸਾਰੇ ਸਿੰਘ ਜਾਨੋਂ ਬੱਚ ਸਕਦੇ ਹਨ।" ਉਹਨੂੰ ਵਿਚੋਂ ਟੋਕਦਿਆਂ ਜੱਥੇਦਾਰ ਟਹਿਲ ਸਿੰਘ ਨੇ ਕਿਹਾ, ਸਿੰਘੋ ਅਸੀਂ ਏਥੇ ਜਾਨਾਂ ਬਚਾਉਣ ਲਈ ਨਹੀਂ ਆਏ, ਅਸੀਂ ਜਾਨਾ ਦੇਣ ਆਏ ਹਾਂ। ਬਾਹਰ ਅੰਧਾ ਧੁੰਦ ਗੋਲੀਆਂ ਚੱਲ ਰਹੀਆਂ ਨੇ, ਇਸ ਲਈ ਮਹੰਤ ਨੂੰ ਮਾਰਨ ਵਾਲੀ ਟਾਲ ਕੱਚੀ ਪੱਕੀ ਲਗਦੀ ਹੈ। ਬਾਕੀ ਬਾਹਰੋਂ ਜੱਥੇਦਾਰ ਝੱਬਰ ਦੇ ਜੱਥੇ ਨੂੰ ਅੰਦਰ ਆਉਣ ਵਾਲੀ ਗਲ ਵੀ ਬਹੁਤੀ ਠੋਸ ਨਹੀਂ ਲੱਗ ਸੀ। ਉਸਦਾ ਜੱਥਾ ਕਿਹੜਾ ਬਾਹਰ ਬੈਠਾਏ? ਜਿੰਨਾਂ ਚਿਰ ਉਸ ਨੂੰ ਲਭਕੇ ਅੰਦਰ ਲਿਆਉਣਾ, ਉਹਨੇ ਵਿੱਚ ਅਸਾਂ ਸਭਨੇ ਸ਼ਹੀਦੀਆਂ ਪਾ ਜਾਣੀਆਂ ਨੇ। ਬਾਕੀ ਮੈਂ ਆਪਾਂ ਵੱਡੇ ਜੱਥੇਦਾਰ ਨੂੰ ਪੁੱਛ ਲੈ ਨੇ ਆਂ ਬਈ ਉਹਨਾਂ ਦਾ ਕੀ ਵਿਚਾਰ ਹੈ। ਮੈਨੂੰ ਤਾਂ ਆਪਦੀਆਂ ਦੋਹਵੇਂ ਗਲਾਂ ਕੱਚੀਆਂ ਲਗਦੀਆਂ ਨੇ।" ਲਾਗਲੇ ਕਮਰੇ ਵਿੱਚ ਗੁਰੂ ਦੀ ਤਾਬਿਆਂ ਬੈਠੇ ਜਦ ਜੱਥੇਦਾਰ ਧਾਰੋਵਾਲੀ ਨੂੰ ਪੁੱਛਿਆ ਤਾਂ ਉਸਨੇ ਵੀ ਕਿਹਾ, "ਸਿੰਘੋ ਸਬਰ ਕਰੋ। ਵਾਹਿਗੁਰੂ ਵਾਹਿਗੁਰੂ ਕਰੋ। ਆਪਾਂ ਸ਼ਹੀਦੀਆਂ ਪਾਉਣ ਆਏ ਹਾਂ। ਅਸਾਂ ਸ਼ਾਂਤ ਰਹਿਣਾ ਏ। ਕਿਸੇ ਪਰ ਹੱਥ ਨਹੀਂ ਚੁੱਕਣਾ।"

ਆਪਣੇ ਜੱਥੇਦਾਰਾਂ ਦੇ ਵਿਚਾਰ ਸੁਣਕੇ ਕੁਝ ਸਿੰਘ ਨਿਰਾਸ਼ ਹੋਏ ਪਰ ਭਾਈ ਟਹਿਲ ਸਿੰਘ ਕਹਿਣ ਲਗਾ, "ਸਿੰਘੋ ਇਹ ਮਤ ਸੋਚੋ ਕਿ ਸਾਡੀਆਂ ਸ਼ਹਾਦਤਾਂ ਫਜ਼ੂਲ ਜਾਣਗੀਆਂ। ਸਾਡੀ ਕੌਮ ਸੁਤੀ ਪਈ ਏ। ਇਸਨੂੰ ਜਗਾਉਣ ਲਈ ਸਾਡੀਆਂ ਸ਼ਹੀਦੀਆਂ ਲਾਜ਼ਮੀ ਹਨ। ਇਹ ਸਾਕਾ ਸੁਣਕੇ ਕੌਮ ਜਾਗ ਪਊਗੀ ਤੇ ਸਾਡੇ ਸਾਰੇ ਗੁਰਧਾਮਾਂ ਨੂੰ ਮੁਕਤ ਕਰਾਉਣ ਦਾ ਰਸਤਾ ਖ਼ੁਦ-ਬ-ਖ਼ੁਦ ਖੁਲ੍ਹ ਜਾਵੇਗਾ।" ਇਸ ਵੇਲੇ ਇਕ ਸਿੰਘ ਜਿਸ ਦਾ ਵਿਆਹ ਪਿਛਲੇ ਵਰ੍ਹੇ ਹੀ ਹੋਇਆ ਸੀ, ਤਲਖ਼ੀ ਨਾਲ ਆਖਣ ਲੱਗਾ, "ਜਥੇਦਾਰਾ ਗੁਰਦੁਆਰਾ ਤਾਂ ਇਕ ਦਿਨ ਆਜ਼ਾਦ ਹੋਣਾ ਸੀ ਪਰ ਤੇਰੀਆਂ ਜ਼ਿਦਾਂ ਨੇ ਸਾਰਿਆਂ ਨੂੰ ਭੰਗ ਦੇ ਭਾੜੇ ਹੀ ਮਰਵਾ ਦਿੱਤਾ ਏ। ਆਪ ਵੀ ਮਰੇ ਸਾਂ ਤੇ ਸਾਨੂੰ ਵੀ।" ਟਹਿਲ ਸਿੰਘ ਬੋਲਿਆ, "ਗੁਰਦੁਆਰੇ ਸੀਸ ਦਿੱਤਿਆਂ ਬਿਨਾਂ ਮੁਕਤ ਹੋਵੇ। ਮੌਤ ਤੋਂ ਡਰਦਾ ਏਂ ਤਾਂ ਜਾਂ ਕੰਧ ਟੱਪ ਕੇ ਬਾਹਰ ਨਿਕਲ ਜਾ। ਅਸੀਂ ਤਾਂ ਆਏ ਹੀ ਸ਼ਹੀਦੀਆਂ ਪਾਉਣ ਹਾਂ। ਮਰਨਾ ਤਾਂ ਇਕ ਦਿਨ ਸਭਨਾਂ ਹੀ ਹੈ। ਏਦਾਂ ਮਰੇਂਗਾ ਤਾਂ ਅਮਰ ਹੋ ਜਾਵੇਂਗਾ। ਰਹਿੰਦੀ ਦੁਨੀਆ ਤਕ।" ਅਜੇ ਟਹਿਲ ਸਿੰਘ ਬੋਲ ਹੀ ਰਿਹਾ ਸੀ ਕਿ ਬਾਹਰੋਂ ਮਹੰਤ ਦੇ ਬਦਮਾਸ਼ਾਂ ਨੇ ਬੰਦ ਦਰਵਾਜੇ ਤੋੜਨੇ ਸ਼ੁਰੂ ਕਰ ਦਿੱਤੇ। ਕੁਝ ਗੁੰਡਿਆਂ ਨੇ ਛੱਤ ਉਪਰ ਚੜ੍ਹਕੇ ਉਪਰੋਂ ਗੋਲੀਆਂ ਚਲਾਈਆਂ। ਇਹਨਾਂ ਨਾਲ ਬਹੁਤ ਸਾਰੇ ਸਿੰਘ ਸ਼ਹੀਦ ਹੋ ਗਏ ਤੇ ਬਾਕੀ ਜ਼ਖ਼ਮੀ ਹੋ ਗਏ। ਕੁਝ ਚਿਰ ਬਾਅਦ, ਇਹ ਬਦਮਾਸ਼ ਦਰਵਾਜੇ ਤੋੜ ਕੇ ਅੰਦਰ ਆ ਵੜੇ। ਉਹਨਾਂ ਨੇ ਇਕ ਇਕ ਸਿੰਘ ਨੂੰ ਨਿਸ਼ਾਨਾ ਬੰਨਕੇ ਮਾਰਿਆ। ਬਾਹਰ ਮਹੰਤ ਨਰਾਇਣ ਦਾਸ ਘੋੜੇ ਤੇ ਚੜ੍ਹਿਆ, ਆਪਣੇ ਬੰਦਿਆਂ ਨੂੰ ਉੱਚੀ-ਉੱਚੀ ਕਹਿ ਰਿਹਾ ਸੀ, ਕੋਈ ਵੀ ਸਿੱਖ ਜ਼ਿੰਦਾ ਨਾ ਰਹੇ। ਕੋਈ ਵੀ ਦਾਹੜੀ ਵਾਲਾ ਬਚਕੇ ਨਾ ਜਾਵੇ। ਉਸਤੋਂ ਬਾਅਦ ਉਸਨੇ ਆਪਣੇ ਬੰਦਿਆਂ ਨੂੰ ਪੁੱਛਿਆ, "ਸਿੰਘਾਂ ਦੇ ਜੱਥੇਦਾਰ ਹਾਲੇ ਮਾਰੇ ਕਿ ਨਹੀਂ। ਇਕ (ਦਲੀਪ ਸਿੰਘ) ਨੂੰ ਤਾਂ ਬਾਹਰ ਈ ਮਾਰ ਮੁਕਾ ਆਇਆ ਹਾਂ। ਉਹਨਾਂ ਦਾ ਪਤਾ ਕਰੋ। ਸਾਰੀ ਪਵਾੜੇ ਦੀ ਜੜ ਇਹ ਦੋਹਵੇਂ ਜਥੇਦਾਰ ਨੇ। ਇਹਨਾਂ ਨੂੰ ਮੇਰੇ ਸਾਹਮਣੇ ਲਿਆਓ। ਜ਼ਲਦੀ ਹੀ ਉਹਨਾਂ ਭਾਈ ਟਹਿਲ ਸਿੰਘ ਨੂੰ ਪੇਸ਼ ਕੀਤਾ। ਉਸਦੇ ਮੱਥੇ ਵਿੱਚ ਗੋਲੀ ਵੱਜੀ ਸੀ ਤੇ ਉਹ ਸ਼ਹੀਦ ਹੋ ਗਿਆ ਸੀ ਤੇ ਜੱਥੇਦਾਰ ਧਾਰੋਵਾਲੀ ਨੂੰ ਵੀ ਮਹੰਤ ਸਾਹਮਣੇ ਲਿਆਂਦਾ ਗਿਆ। ਉਹ ਗੰਭੀਰ ਰੂਪ ਵਿੱਚ ਮਹਾਰਾਜ ਦੀ ਤਾਬਿਆ ਬੈਠਾ ਜ਼ਖ਼ਮੀ ਹੋ ਗਿਆ ਸੀ। ਮਹੰਤ ਦੇ ਬੰਦਿਆਂ ਕਿਰਪਾਨ ਨਾਲ ਉਸਦਾ ਸਿਰ ਲਾਹ ਦਿੱਤਾ ਦੋਹਵਾਂ ਜਥੇਦਾਰਾਂ ਨੂੰ ਜਨਮ ਅਸਥਾਨ ਗੁਰਦੁਆਰੇ ਦੇ ਬਾਹਰ ਇਕ ਜੰਡ ਨਾਲ ਪੁਠਾ ਲਟਕਾਇਆ ਗਿਆ ਤੇ ਉਹਨਾਂ ਉੱਪਰ ਮਿੱਟੀ ਦਾ ਤੇਲ ਛਿੜਕਕੇ ਉਹਨਾਂ ਨੂੰ ਜਲਾ ਦਿੱਤਾ ਗਿਆ। ਇਸ ਤੋਂ ਬਾਅਦ ਮਹੰਤ ਆਪਣੇ ਬੰਦਿਆਂ ਨੂੰ ਲਾਸ਼ਾਂ ਇਕੱਠੀਆਂ ਕਰਕੇ ਸਾੜਨ ਦਾ ਹੁਕਮ ਦੇ ਕੇ ਆਪ ਸ਼ਰਾਬ ਪੀਣ ਆਪਣੇ ਸਾਥੀਆਂ ਨਾਲ ਆਪਣੀ ਬੈਠਕ ਵਿੱਚ ਚਲਾ ਗਿਆ। ਉਥੇ ਉਸਨੇ ਰਾਂਝੇ, ਰਿਹਾਣੇ, ਕਾਲੇ, ਕੁੰਦੀ, ਵਸਾਖੇ ਤੇ ਅਮਲੀ ਨੂੰ ਵੀ ਬੁਲਾਕੇ ਉਹਨਾਂ ਨਾਲ ਦਾਰੂ ਦੇ ਜਾਮ ਸਾਂਝੇ ਕੀਤੇ। ਸਾਰੇ ਚੜ੍ਹਗਿਲੀਆਂ

ਮੱਚਾ ਰਹੇ ਸਨ ਇਕ ਬਦਮਾਸ਼ ਕਹਿਣ ਲਗਾ, ਮਹੰਤਾ ਐਨੇ ਜਾਣੇ ਏਥੇ ਸੱਦਣ ਦੀ ਕੀ ਲੋੜ ਸੀ। ਅਸੀਂ ਹੀ ਇਹਨਾਂ ਸਿਖੜਿਆਂ ਲਈ ਕਾਫੀ ਸਾਂ। ਦੂਜੇ ਨੇ ਉਹਨੂੰ ਟੋਕਦਿਆਂ ਆਖਿਆ, ਸੁਣਿਆ ਸੀ ਕਿ ਸਿੱਖ ਬੜੇ ਬਹਾਦਰ ਹੁੰਦੇ ਨੇ। ਇਹ ਤਾਂ ਸਾਰਾ ਲਾਣਾ ਈ ਤੀਮੀਆਂ ਦਾ ਸੀ। ਕਿਸੇ ਨੇ ਸਾਡੇ ਅਗੇ ਚੂੰ ਨਹੀਂ ਕੀਤੀ। ਸਾਰੇ ਪਹਿਲਾਂ ਹੀ ਮਰਨ ਲਈ ਸ਼ੈਂਤ ਤਿਆਰ ਹੋ ਕੇ ਆਏ ਸਨ। ਵਿਚੋਂ ਇਕ ਗੁਰਮੁਖ ਦਾਸ ਜੋ ਮਹੰਤ ਨਰਾਇਣ ਦਾ ਭਰਾ ਸੀ ਕਹਿਣ ਲਗਾ, ਇਹਦੇ ਵਿੱਚ ਤੁਹਾਡੀ ਕੋਈ ਸ਼ੇਖੀ ਵਾਲੀ ਕੋਈ ਗਲ ਨਹੀਂ। ਸਾਡੇ ਸਿੱਖ ਮਰਦੇ ਮਰ ਗਏ ਪਰ ਕਿਸੇ ਨੇ ਸਾਡੇ ਅਗੇ ਹੱਥ ਨਹੀਂ ਜੋੜਿਆ। ਇਹ ਸਾਰੇ ਜਾਣੇਂ ਇਥੇ ਆਏ ਹੀ ਮਰਨ ਸਨ। "ਚਲ ਛਡ ਯਾਰ, ਭਾਵੇਂ ਕਿਸ ਤਰ੍ਹਾਂ ਹੋਇਆ, ਇਹ ਬਲਾਵਾਂ ਤੇ ਮੇਰੇ ਗਲੋਂ ਲਥੀਆਂ ਨੇ। ਪਿਛਲੇ ਛੇ ਮਹੀਨੇ ਤੋਂ ਇਹਨਾਂ ਕੁੱਤਿਆਂ ਨੇ ਮੇਰੀ ਨੀਂਦਰ ਹਰਾਮ ਕਰ ਛੱਡੀ ਏ। ਪੀਓ ! ਇਕ-ਇਕ ਹੋਰ ਜੰਗ ਥਕਾਵਟ ਲਥੇ।" ਮਹੰਤ ਨੇ ਆਪਣੇ ਭਰਾ ਦੇ ਜਵਾਬ ਵਿੱਚ ਆਖਿਆ।

ਮਹੰਤ ਤੇ ਉਸਦੇ ਸਾਥੀਆਂ ਨੇ ਤਿੰਨ-ਤਿੰਨ ਹਾੜੇ ਪੰਜਾਂ ਸਤਾਂ ਮਿੰਟਾਂ ਵਿੱਚ ਖਿੱਚ ਲਏ। ਪਹਿਲਾਂ ਤਾਂ ਦੂਜੇ ਹਾੜੇ ਨਾਲ ਹੀ ਨਸ਼ਾ ਹੋ ਜਾਂਦਾ ਸੀ ਅਜ ਤਿੰਨ ਮੋਟੇ ਮੋਟੇ ਹਾੜੇ ਪੀ ਚੁੱਕੇ ਆਂ ਤਾਂ ਨਸ਼ੇ ਦਾ ਨਾਮ ਨਿਸ਼ਾਨ ਨਹੀਂ। ਮਹੰਤ ਨੇ ਪਠਾਣਾਂ ਨੂੰ ਸੁਨੇਹਾ ਭੇਜਿਆ। ਉਹ ਦਾਰੂ ਤਾਂ ਪੀਂਦੇ ਨਹੀਂ ਸਨ। ਉਹਨਾਂ ਨੂੰ ਗਰਮਾਂ ਗਰਮ ਮੁਰਗੇ ਦਾ ਮੀਟ ਪਰੋਸਿਆ ਗਿਆ। ਜਦੋਂ ਉਹ ਛਕ ਰਹੇ ਸਨ ਤਾਂ ਮਹੰਤ ਨੇ ਆਖਿਆ, ਖਾਨ ਜੀ ਏਕ ਕਾਮ ਔਰ ਕਰਨਾਂ ਹੈ। ਤੁੰਮ ਨੀਚੇ ਜਾਉ, ਗੁਰਦੁਆਰੇ ਕੇ ਬਾਹਰ ਸ਼ਹਿਰ ਮੇਂ। ਕੋਈ ਭੀ ਦਾਹੜੀ ਵਾਲਾ ਸਿੱਖ ਨਜ਼ਰ ਆਵੇ ਮਾਰ ਦਿਓ। ਮੈਂ ਇਨਕਾਂ ਬੀਜ ਨਾਸ਼ ਕਰਨਾ ਚਾਹਤਾ ਹੂੰ। ਇਹ ਪਠਾਣ ਦਸ ਬਾਰਾਂ ਜਾਣੇ ਕਿਰਪਾਨਾਂ ਤੇ ਛੁਰੇ ਲੈ ਕੇ ਹੇਠਾਂ ਉਤਰ ਗਏ ਤੇ ਜਾਕੇ ਸਿੰਘਾਂ ਦਾ ਸ਼ਿਕਾਰ ਕਰਨ ਲਗੇ। ਦੋ ਤਿੰਨ ਸਿੰਘ ਖੇਤਾਂ ਵਿੱਚ ਜਾਕੇ ਸ਼ਹੀਦ ਕੀਤੇ ਗਏ। ਰੇਲਵੇ ਲਾਈਨਾਂ ਲਾਗੇ ਚਾਰ ਸਿੰਘ ਜਾ ਰਹੇ ਸਨ। ਇਹ ਚਾਰੇ ਜਾਣੇ ਪਠਾਣਾਂ ਦਾ ਸ਼ਿਕਾਰ ਹੋ ਗਏ। ਕਈਆਂ ਨੂੰ ਗਲੀਆਂ ਵਿੱਚ ਜਾਕੇ ਮਾਰਿਆ ਗਿਆ। ਕਈ ਡਰਦੇ ਲਾਗੇ ਘਰਾਂ ਵਿੱਚ ਲੁਕ ਗਏ। ਦੋ ਜਾਣਿਆਂ ਨੂੰ ਘਰੋਂ ਕੱਢਕੇ ਮਾਰਿਆ ਗਿਆ। ਇਸ ਅੰਧਾ ਧੁੰਦ ਮਾੜ ਧਾੜ ਵਿੱਚ ਦਾਹੜੀ ਵਾਲੇ ਦੋ ਮਹੰਤ ਦੇ ਨਜ਼ਦੀਕੀ ਵੀ ਮਾਰੇ ਗਏ ਕਿਉਂਕਿ ਉਹਨਾਂ ਨੇ ਦਾਹੜੀ ਰੱਖੀ ਹੋਈ ਸੀ।

ਇਹ ਸਾਰੀ ਕਤਲੇਆਮ ਕਰਕੇ ਇਹ ਪਠਾਣ ਮਹੰਤ ਕੋਲ ਵਾਪਿਸ ਆਕੇ ਆਪਣੇ ਜੌਹਰ ਦੱਸਣ ਲਗੇ। ਇਕ ਪਠਾਨ ਕਹਿਣ ਲਗਾ, "ਮਹੰਤ ਸਾਹਿਬ, ਅਬ ਕੋਈ ਸੀਖ ਕਾ ਬੱਚਾ ਜ਼ਿੰਦਾ ਨਹੀਂ ਰਹਾ," ਮਹੰਤ ਨੇ ਉਸ ਨੂੰ ਸ਼ਾਬਾਸ਼ ਦਿੱਤੀ ਤੇ ਨਾਲ ਹੀ ਜੇਬ੍ਹ ਵਿਚੋਂ ਹਜ਼ਾਰ ਰੁਪੈ ਕੱਢਕੇ ਉਸਨੂੰ ਇਨਾਮ ਦਿੱਤਾ। ਉਧਰੋਂ ਗੁਰਦੁਆਰੇ ਵਿਚੋਂ ਵੀ ਮਹੰਤ ਦੇ ਤਿੰਨ ਚਾਰ ਗੁੰਡੇ, ਜਿੰਨਾਂ ਦੀ ਡਿਊਟੀ ਲਾਸ਼ਾਂ ਸਾੜਨ ਤੇ ਲਾਈ ਹੋਈ ਸੀ, ਮਹੰਤ ਕੋਲ ਆਕੇ ਕਹਿਣ ਲਗੇ, ਮਹੰਤ ਜੀ ਅਸਾਂ ਸਾਰੀਆਂ ਲਾਸ਼ਾਂ ਇਕੱਠੀਆਂ ਕਰਕੇ ਜਦ ਲਾਂਬੂ ਲਾਇਆ ਤਾਂ ਚਾਰ ਸਿੱਖ ਢੇਰ ਵਿਚੋਂ ਨਿਕਲੇ ਬਾਹਰ ਜਾਣ ਲਗੇ।

ਅਸਾਂ ਪਲਾਂ ਵਿੱਚ ਹੀ ਉਹਨਾਂ ਨੂੰ ਦਬੋਚ ਲਿਆ ਤੇ ਮਾਰਕੇ ਫਿਰ ਢੇਰ ਵਿੱਚ ਈ ਸੁੱਟ ਦਿੱਤਾ। ਹੁਣ ਮਹੰਤ ਜੀ ਕੋਈ ਸਿੱਖ ਜੀਂਦਾ ਨਹੀਂ ਬੱਚਿਆ। ਸਭ ਮਾਰ ਦਿੱਤੇ ਹਨ। ਮਹੰਤ ਨੇ ਇਹਨਾਂ ਨੂੰ ਵੀ ਗਲੇ ਲਗਾਇਆ। ਸ਼ਾਬਾਸ਼ ਦਿੱਤੀ ਤੇ ਇਕ ਹਜ਼ਾਰ ਇਹਨਾਂ ਨੂੰ ਵੀ ਇਨਾਮ ਦਿੱਤਾ ਤੇ ਦਾਰੂ ਪੀਣ ਲਈ ਦੋ ਬੋਤਲਾਂ ਉਹਨਾਂ ਦੇ ਹਵਾਲੇ ਕੀਤੀਆਂ। ਮਹੰਤ ਨੇ ਦੋ ਤਿੰਨ ਹਾੜੇ ਹੋਰ ਅੰਦਰ ਸੁੱਟੇ ਤਾਂ ਕਿ ਉਸਨੂੰ ਨਸ਼ਾ ਹੋਵੇ। ਜਦ ਥੋਹੜਾ ਜਿਹਾ ਸਰੂਰ ਆਇਆ ਤਾਂ ਉਹ ਕਹਿਣ ਲਗਾ, ਸੁਣੋ ਇਹਨਾਂ ਅਕਾਲੀਆਂ ਨੇ ਖਰੂਦ ਮੱਚਾ ਰੱਖਿਆ ਸੀ। ਇਹਨਾਂ ਨੂੰ ਹਾਲੇ ਪੂਰੀ ਸਜਾ ਨਹੀਂ ਮਿਲੀ। ਆਪਾਂ ਹੁਣ ਇਹਨਾਂ ਨੂੰ ਚੁਣ-ਚੁਣ ਮਾਰਨਾ ਏ। ਇਹਨਾਂ ਦਾ ਵੀ ਨਾਸ਼ ਕਰ ਛੱਡਣਾ ਏ। ਇਹ ਕੀ ਯਾਦ ਕਰਨਗੇ ਕਿ ਕਿਸੇ ਨਰਾਇਣ ਦਾਸ ਨਾਲ ਪਾਲਾ ਪਿਆ ਸੀ।"

ਇਨੇ ਨੂੰ ਦੋ ਮਹੰਤ ਦੇ ਦੋ ਧਾੜਵੀ ਹੋਰ ਮਹੰਤ ਕੋਲ ਆ ਪੁੱਜੇ। ਕਹਿਣ ਲਗੇ, ਮਹੰਤ ਜੀ ਅੱਜ ਤਾਂ ਗਜ਼ਬ ਹੋ ਗਈ ਅਸਾਂ ਜਦ ਸਾਰੇ ਸਿਖੜੇ ਗਿਣ-ਗਿਣ ਮਾਰ ਛਡੇ ਨੇ ਤਾਂ ਇਕ ਅਜੀਬ ਜਈ ਵਾਜ਼ ਸਾਨੂੰ ਕਿਸੇ ਦੇ ਰੋਣ ਦੀ ਆਵੇ। ਪਹਿਲਾਂ ਅਸਾਂ ਡਰ ਗਏ। ਫਿਰ ਅਸਾਂ ਜੁਰਅਤ ਕਰਕੇ ਉਥੇ ਗਏ ਜਿਥੋਂ ਅਵਾਜ਼ ਆ ਰਹੀ ਸੀ। ਸ੍ਵਾਡੇ 'ਚੋਂ ਇਕ ਜਾਣਾ ਕਹਿੰਦਾ ਇਹ ਕਿਸੇ ਮਰੇ ਹੋਏ ਸਿੱਖ ਦੇ ਭੂਤ ਦੀ ਆਵਾਜ਼ ਏ। ਪਰ ਮੀਦੇ ਨੇ ਜੇਰਾ ਕਰਕੇ ਇਹ ਅਲਮਾਰੀ ਖੋਹਲੀ ਤੇ ਇਹਦੇ ਵਿੱਚੋਂ ਇਕ ਸਰਦਾਰ ਦਾ ਦਸ ਬਾਰਾਂ ਸਾਲ ਦਾ ਲੜਕਾ ਬੈਠਾ ਵੇਖਿਆ। ਇਹ ਲੜਕਾ ਅਲਮਾਰੀ ਵਿਚੋਂ ਭੱਜ ਤੁਰਿਆ। ਅਸੀਂ ਭੱਜਕੇ ਉਸਦੇ ਕਿਰਪਾਨ ਘੜੀ ਤੇ ਉਸਦਾ ਸਿਰ ਲਾਹ ਦਿੱਤਾ ਅਸੀਂ ਉਹਨੂੰ ਉਲੂ ਦੇ ਚਰਖੇ ਨੂੰ ਸਾੜਕੇ ਹੁਣੇ ਆਏ ਆਂ। ਹੁਣ ਖ਼ੁਦਾ ਦੀ ਕਸਮ ਕੋਈ ਸਿਖੜਾ ਨਹੀਂ ਬੱਚਿਆ। ਮਹੰਤ ਨੇ ਇਹ ਵਾਰਤਾ ਬੜੇ ਸ਼ੌਂਕ ਨਾਲ ਸੁਣੀ ਤੇ ਇਹਨਾਂ ਦੋਹਵਾਂ ਮੁਸਲਮਾਨਾਂ ਨੂੰ 500 ਰੁਪੈ ਇਨਾਮ ਦੇ ਕੇ ਤੋਰਿਆ। ਮਹੰਤ ਦੇ ਨਾਲ ਪੀਣ ਵਾਲੇ ਉੱਥੇ ਹੀ ਲਾਮਲੇਟ ਹੋਏ ਪਏ ਸਨ। ਮਹੰਤ ਨੇ ਚੁਬਾਰੇ ਵਿੱਚੋਂ ਝਾਕ ਕੇ ਹੇਠਾਂ ਖੜੇ ਆਪਣੇ ਬੰਦਿਆਂ ਨੂੰ ਉੱਚੀ ਸਾਰੀ ਆਖਿਆ, ਹੁਣ ਹੈ ਕੋਈ ਜਿਉਂਦਾ ਸਿੱਖ? ਹੇਠੋ ਅਵਾਜ਼ਾਂ ਆਈਆਂ, ਨਾ ਜੀ ਨਾਂ! ਮਹੰਤ ਨੇ ਉਪਰ ਵੱਲ ਮੂੰਹ ਕਰਕੇ ਆਖਿਆ, ਹੇ ਈਸ਼ਵਰ, ਹੇ ਦਾਤਾ ਤੇਰਾ ਲੱਖ-ਲੱਖ ਸ਼ੁਕਰੀਆਂ!

ਤੂੰ ਮੇਰੇ ਅੰਗ ਸੰਗ ਹੋਕੇ, ਅੱਜ ਮੇਰੀ ਦਿਲੀ ਆਰਜੂ ਪੂਰੀ ਕੀਤੀ ਏ! ਤੂੰ ਅੱਜ ਮੇਰੇ ਕਲੇਜੇ ਠੰਡ ਪਾਈ ਏ।

ਮੋਰਚਾ ਫਤਹਿ

ਅਗਲੇ ਦਿਨ ਮਹੰਤ ਨੂੰ ਤਾਂ ਗ੍ਰਿਫਤਾਰ ਕਰ ਲਿਆ ਗਿਆ ਤੇ ਉਸਦੇ ਬਦਮਾਸ਼ ਪਠਾਣ ਤੇ ਦਸ ਨੰਬਰੀਏ ਫੜ ਕੇ ਲਾਹੌਰ ਜੇਲ੍ਹ ਵਿੱਚ ਭੇਜ ਦਿੱਤੇ ਗਏ। ਗੁਰਦੁਆਰੇ ਉਪਰ ਮਹੰਤ ਦੀ ਜਗ੍ਹਾ, ਅੰਗਰੇਜ਼ੀ ਸਰਕਾਰ ਨੇ ਕਬਜ਼ਾ ਕਰ ਲਿਆ। ਸ਼ੇਖ਼ੂਪੁਰੇ ਦੇ ਡਿਪਟੀ ਕਮਿਸ਼ਨਰ ਮਿਸਟਰ ਕਰੀ ਤੇ ਲਾਹੌਰ ਡਵੀਜ਼ਨ ਦੇ ਕਮਿਸ਼ਨਰ ਮਿਸਟਰ ਕਿੰਗ, ਆਪਣੇ 150 ਗੌਰੇ ਫੌਜੀਆਂ ਨਾਲ ਨਨਕਾਣਾ ਸਾਹਿਬ ਪਹੁੰਚ ਗਏ ਸਨ। ਇਹ ਭਿਆਨਕ ਸਾਕਾ ਸੁਣਕੇ ਸਿੱਖਾਂ ਦੇ ਸਰਕਰਦਾ ਆਗੂ ਸ: ਹਰਬੰਸ ਸਿੰਘ ਅਟਾਰੀ, ਭਾਈ ਜੋਧ ਸਿੰਘ, ਭਾਈ ਅਮਰ ਸਿੰਘ, ਮਾਸਟਰੰ ਸੁੰਦਰ ਸਿੰਘ ਲਾਇਲਪੁਰੀ ਤੇ ਜਥੇਦਾਰ ਕਰਤਾਰ ਸਿੰਘ ਝੱਬਰ ਆਪਣੇ 2200 ਸਿੰਘਾਂ ਦੇ ਜੱਥੇ ਨਾਲ ਉੱਥੇ ਹਾਜ਼ਿਰ ਸਨ ਜਦੋਂ ਜਥੇਦਾਰ ਕਰਤਾਰ ਸਿੰਘ ਝੱਬਰ ਆਪਣਾ ਜਥਾ ਲੈਕੇ ਨਨਕਾਣਾ ਸਾਹਿਬ ਪਹੁੰਚਿਆ ਤਾਂ ਹਰੇਕ ਸਿੰਘ ਦੀਆਂ ਅੱਖਾਂ ਵਿਚੋਂ ਲਹੂ ਸਿੰਮ ਰਿਹਾ ਸੀ। ਆਪਣੇ 200 ਦੇ ਕਰੀਬ ਸਿੰਘਾਂ ਨੂੰ ਬੜੀ ਬੇਰਹਿਮੀ ਨਾਲ ਸ਼ਹੀਦ ਕਰਨ ਕਰਕੇ, ਉਹ ਵੀ ਸਿਰ ਧੜ ਦੀ ਬਾਜੀ ਖੇਲਣ, ਨਨਕਾਣਾ ਸਾਹਿਬ ਆਏ ਸਨ। ਇਸ ਜੱਥੇ ਨੂੰ ਡਿਪਟੀ ਕਮਿਸ਼ਨਰ ਮਿਸਟਰ ਕਰੀ ਨੇ ਰੋਕਦਿਆਂ ਆਖਿਆ, ਜੱਥੇ ਕੋ ਰੋਕ ਦੋ। ਆਗੇ ਜਰਨੈਲ ਸਾਹਿਬ ਫੌਜ ਲੈਕੇ ਖੜ੍ਹਾ ਹੈ, ਆਗੇ ਗੋਲ਼ੀ ਚਲੇਗਾ! ਟੁਮ ਸਭੀ ਮਾਰੇ ਜਾਉਗੇ!

ਜਥੇਦਾਰ ਝੱਬਰ ਨੇ ਬੜੀ ਦਲੇਰੀ ਨਾਲ ਆਖਿਆ, ਸਾਹਿਬ ਬਹਾਦਰ ਤੁੰਮ ਗੋਲੀ ਜ਼ਰੂਰ ਚਲਾਓ! ਜਲਦੀ ਹੁਕਮ ਦੋ! ਆਪ ਕੇ ਪਾਸ ਡੇਢ ਸੌ ਗੋਰੇ ਜਵਾਨ ਹੈਂ ਔਰ ਮੇਰੇ ਪਾਸ ਸਾਹਿਬ ਜੀ ਬਾਈ ਸੌ ਜਵਾਨ ਹੈ। ਜ਼ਰਾ ਦੇਖਨਾ ਆਪਕੀ ਗੋਲੀ ਚਲਾਨੇ ਕਾ ਨਤੀਜਾ ਕਿਆ ਨਿਕਲਤਾ ਹੈ। ਮੇਰੀ ਔਰ ਸੇ ਗੋਲੀ ਬਾਰੀ ਕਾ ਕਿਆ ਅੰਜਾਮ ਹੋਤਾ ਹੈ? ਮੇਰੇ ਜਵਾਨ ਚੂੜੀਆਂ ਪਹਿਨਕੇ ਨਹੀਂ ਆਏ। ਝੱਬਰ ਦੀ ਇਹ ਲਲਕਾਰ ਸੁਣਕੇ ਸਾਰੇ ਉਸਦੇ ਮੂੰਹ ਵੱਲ ਵੇਖਣੰ ਲੱਗ ਪਏ। ਹਰ ਕੋਈ ਗੁੱਸੇ ਤੇ ਜੋਸ਼ ਨਾਲ-ਲਾਲ ਸੁਰਖ ਹੋਇਆ ਪਿਆ ਸੀ।

"ਜਥੇਦਾਰ ਆਖ਼ਿਰ ਆਪ ਕਿਆ ਚਾਹਤੇ ਹੋ?" ਕਮਿਸ਼ਨਰ ਕਿੰਗ ਨੇ ਕਿਹਾ। "ਸਾਹਿਬ ਬਹਾਦਰ ਹਮ ਆਪ ਸੇ ਕੁਛ ਨਹੀਂ ਮਾਂਗਤੇ। ਆਪ ਯੇਹ ਬਤਾਏਂ ਕਿ ਆਪਨੇ ਗੁਰਦੁਆਰੇ ਪਰ ਕਬਜ਼ਾ ਕਿਉਂ ਕੀਆ ਹੈ?" ਜਥੇਦਾਰ ਝੱਬਰ ਨੇ ਤੁਰੰਤ ਜਵਾਬ ਦਿੱਤਾ। ਮਿਸਟਰ ਕਿੰਗ ਨੇ ਕਹਾ, "ਯੇਹ ਤੋ ਆਰਜੀ ਬਾਤ ਹੈ। ਗੁਰਦੁਆਰਾ ਆਪ ਲੋਗੋਂ ਕੋ ਹੀ ਮਿਲੇਗਾ।" ਜਥੇਦਾਰ ਝੱਬਰ ਨੇ ਕਿਹਾ, ਲੇਕਿਨ ਆਪ ਨੇ ਗੁਰਦੁਆਰੇ ਕੋ ਤਾਲੇ ਕਿਉਂ ਲਗਾਏ ਹੈਂ? ਕਿਆ ਆਪਨੇ ਇਸ ਕੋ ਭੀ ਮਹਾਰਾਜਾ ਰਣਜੀਤ ਸਿੰਘ

ਕਾ ਕਿ ਕੋਈ ਕਿਲਾ ਸਮਝ ਰਖਾ ਹੈ?

ਆਖ਼ਿਰ ਨਿਰਉੱਤਰ ਹੋਕੇ, ਮਿਸਟਰ ਕਿੰਗ ਨੇ ਕਿਹਾ, "ਅਬ ਹਮੇਂ ਕਿਆ ਕਰਨਾ ਚਾਹੀਏ?" ਜਥੇਦਾਰ ਝੱਬਰ ਨੇ ਕਿਹਾ, "ਆਪ ਫੌਰਨ ਗੁਰਦੁਆਰੇ ਕੀ ਚਾਬੀ ਹਮਾਰੇ ਹਵਾਲੇ ਕਰੇ ਔਰ ਅਪਨੀ ਫੌਜ ਕੋ ਜਲਦ ਹਟਾ ਲੋ।" ਮਿਸਟਰ ਕਿੰਗ ਨੇ ਕਿਹਾ, "ਅਗਰ ਆਪ ਚਾਬੀ ਚਾਹਤੇ ਹੈਂ ਤੋ ਆਪਕੋ ਸੁਬਾ ਮਿਲ ਜਾਏਗੀ। ਰਾਤ ਕੋ ਅਰਾਮ ਕਰੋ।" "ਸਾਹਿਬ ਬਹਾਦਰ, ਆਪ ਕੋ ਯੇਹ ਚਾਲ ਸਮਝਾਨੇ ਵਾਲਾ ਮੇਰੇ ਕਾਨ ਮੇਂ ਭੀ ਬਤਾ ਗਿਆ ਹੈ।" ਜਥੇਦਾਰ ਝੱਬਰ ਨੇ ਸਵੈਵਿਸ਼ਵਾਸ ਨਾਲ ਕਿਹਾ। ਮਿਸਟਰ ਕਿੰਗ ਨੇ ਕਿਹਾ, "ਕਿਆ ਮਤਲਬ?" ਮੈਂ ਸਾਹਿਬ ਬਹਾਦਰ ਬਚਾ ਨਹੀਂ ਹੂੰ। ਆਪ ਮੁਝੇ ਅੰਧੇਰੇ ਮੇਂ ਡਾਲਕੇ, ਸੁਬਾ ਬਹੁਤ ਭਾਰੀ ਫੌਜ ਲਾਉਗੇ ਔਰ ਹਮੇਂ ਸਭ ਕੋ ਮਾਰ ਡਾਲੋਗੇ ਜੈਸੇ ਆਪਕੇ ਮਹੰਤ ਨੇ ਕੀਆ ਹੈ। ਇਸ ਲੀਏ ਹਮ ਹਰਗਿਜ਼ ਆਪਕੀ ਕਿਸੀ ਚਾਲ ਮੇਂ ਆਨੇ ਵਾਲੇ ਨਹੀਂ ਹੈਂ। ਆਪ ਨੇ ਚਾਬੀ ਦੇਨੀ ਹੈ ਤੋ ਦੋ ਨਹੀਂ ਤੋਂ ਹਮ ਆਗੇ ਬੜੇਂਗੇ। ਆਚ ਚਾਰ ਪਹਿਰ ਰੁਕਨੇ ਕੀ ਬਾਤ ਕਰਤੇ ਹੋ, ਹਮ ਚਾਰ ਮਿੰਟ ਭੀ ਨਹੀਂ ਰੁਕ ਸਕਤੇ।

ਇਸ ਤੋਂ ਬਾਅਦ ਸਿੰਘਾਂ ਨੇ ਜੈਕਾਰੇ ਛੱਡਣੇ ਸ਼ੁਰੂ ਕਰ ਦਿੱਤੇ। ਅੰਗਰੇਜ਼ ਅਫ਼ਸਰ ਡਰ ਗਏ ਤੇ ਉਹਨਾਂ ਨੇ ਆਪਸ ਵਿੱਚ ਸਲਾਹ ਕੀਤੀ। ਲਾਗੇ ਖੜੇ ਸਿੱਖਾਂ ਦੇ ਸਰਕਰਦਾ ਆਗੂਆਂ ਨੇ ਵੀ ਸਲਾਹ ਦਿੱਤੀ ਕਿ ਜਥੇਦਾਰ ਝੱਬਰ ਦੀ ਗਲ ਨੂੰ ਮੰਨ ਲੈਣਾ ਚਾਹੀਦਾ ਹੈ। ਅੰਗਰੇਜ਼ ਸਿੰਘਾਂ ਦੇ ਮੂਡ ਨੂੰ ਭਲੀ ਭਾਂਤ ਸਮਝ ਗਏ ਸਨ। ਉਹਨਾਂ ਨੇ ਆਖ਼ਿਰ ਚਾਬੀਆਂ ਜਥੇਦਾਰ ਝੱਬਰ ਨੂੰ ਦੇ ਹੱਥ ਫੜਾਈਆਂ ਤੇ ਆਪਣੀ ਫੌਜ ਪਿੱਛੇ ਹਟਾ ਲਈ। ਇਸ ਤੋਂ ਬਾਅਦ, ਜੱਥੇ ਦੇ ਸਿੰਘ ਗੁਰਦੁਆਰੇ ਵਿੱਚ ਪ੍ਰਵੇਸ਼ ਕਰ ਗਏ। ਉਥੇ ਉਹਨਾਂ ਨੇ ਬਚੇ ਹੋਏ ਸ਼ਹੀਦ ਸਿੰਘਾਂ ਦੇ ਸਸਕਾਰ ਕੀਤੇ। ਗੁਰਦੁਆਰੇ ਦੀਆਂ ਕੰਧਾ ਤੋਂ ਲਹੂ ਸਾਫ਼ ਕੀਤਾ। ਗੁਰੂ ਗ੍ਰੰਥ ਸਾਹਿਬ ਦੀ ਗੋਲੀਆਂ ਨਾਲ ਛਲਨੀ ਬੀੜ ਹਟਾਈ ਅਤੇ ਨਵੀਂ ਬੀੜ ਦਾ ਪ੍ਰਕਾਸ਼ ਕੀਤਾ। ਇਥੇ ਹੀ ਸ਼ਹੀਦਾਂ ਦੀ ਆਤਮਾ ਦੀ ਸ਼ਾਂਤੀ ਲਈ ਅਰਦਾਸ ਕੀਤੀ ਗਈ। ਇਕ ਮਤਾ ਪਾਸ ਕੀਤਾ ਗਿਆ ਜਿਸ ਨਾਲ ਬਾਬਾ ਕਰਤਾਰ ਸਿੰਘ ਬੇਦੀ ਨੂੰ ਪੰਥ ਵਿਚੋਂ ਖਾਰਜ ਕੀਤਾ ਗਿਆ। ਇਕ ਹੋਰ ਮਤੇ ਰਾਹੀਂ ਇਤਿਹਾਸਕ ਗੁਰਧਾਮਾਂ ਨੂੰ ਆਜ਼ਾਦ ਕਰਾਉਣ'ਦਾ ਪ੍ਰਣ ਕੀਤਾ ਗਿਆ। ਅੰਗਰੇਜ਼ਾਂ ਨਾਲ ਨਾ ਮਿਲਵਰਤਣ ਦੀ ਲਹਿਰ ਨੂੰ ਪ੍ਰਚੰਡ ਕੀਤਾ ਗਿਆ। ਜਥੇਦਾਰ ਝੱਬਰ ਗੁਰਦੁਆਰੇ ਦੇ ਬਾਹਰ ਜੰਡ ਕੋਲ ਪਹੁੰਚੇ। ਸ਼ਹੀਦੀ ਜੱਥੇ ਵਿਚੋਂ ਬਚੇ ਕੁਝ ਸਿੰਘਾਂ ਨੇ ਜਥੇਦਾਰ ਝੱਬਰ ਨੂੰ ਦੱਸਿਆ, ਜੱਥੇਦਾਰ ਜੀ ਇਸ ਜੰਡ ਨਾਲ ਭਾਈ ਟਹਿਲ ਸਿੰਘ ਨੂੰ ਜ਼ਖ਼ਮੀ ਹਾਲਤ ਵਿੱਚ ਹੀ ਪੁੱਠੇ ਲਟਕਾ ਕੇ, ਮਿੱਟੀ ਦਾ ਤੇਲ ਪਾਕੇ ਸਾੜਿਆ ਗਿਆ ਸੀ।

ਜੱਥੇਦਾਰ ਝੱਬਰ ਨੇ ਬੜੀ ਗੰਭੀਰਤਾ ਨਾਲ ਵੇਖਿਆ। ਉਸਦਾ ਧੜ ਤਾਂ ਜਲ ਸੜਕੇ ਹੇਠਾਂ ਡਿੱਗ ਪਿਆ ਸੀ, ਜਿਸਦਾ ਮਹੰਤ ਦੇ ਗੁੰਡਿਆਂ ਨੇ ਸਸਕਾਰ ਕਰ ਦਿੱਤਾ

ਹੋਵੇਗਾ। ਪਰੰਤੂ ਉਸਦੇ ਪੈਰ ਜੋਕੇ ਸੜੇ ਨਹੀਂ ਸਨ। ਝੁਲਸੇ ਹੋਏ ਸਨ ਤੇ ਹਾਲੇ ਵੀ ਲਟਕ ਰਹੇ ਸਨ। ਜੱਥੇਦਾਰ ਝੱਬਰ ਦੀ ਜਥੇਦਾਰ ਟਹਿਲ ਸਿੰਘ ਨਾਲ ਕਈ ਮੁਹਿੰਮਾਂ ਵਿੱਚ ਨੇੜਤਾ ਰਹੀ ਸੀ। ਉਸਦੇ ਸਜੇ ਪੈਰ ਦਾ ਅੰਗੂਠਾ ਅੱਧਾ ਕਟਿਆ ਹੋਇਆ ਸੀ। ਛੋਟੇ ਹੁੰਦਿਆਂ ਖਾਲ ਖਾਲਦਿਆਂ ਉਸਦੇ ਕਹੀ ਵੱਜ ਗਈ ਸੀ। ਅੰਗੂਠੇ ਕਟੇ ਵਾਲਾ ਪੈਰ ਹਾਲੇ ਵੀ ਪਛਾਣਿਆ ਜਾ ਸਕਦਾ ਸੀ। ਜਥੇਦਾਰ ਝੱਬਰ ਨੇ ਇਸ ਪੈਰ ਨੂੰ ਪ੍ਰਨਾਮ ਕੀਤਾ ਤੇ ਉਸਦੀਆਂ ਅੱਖੀਆਂ ਨਮ ਹੋ ਗਈਆਂ। ਉਸਦੇ ਪੈਰਾਂ ਨੂੰ ਰਸੀਆਂ ਕੱਟਕੇ ਹੇਠਾ ਉਤਾਰਿਆ ਗਿਆ ਤੇ ਬਾਕੀ ਲਾਸ਼ਾਂ ਨਾਲ ਉਸਦੇ ਚਰਨਾਂ ਦਾ ਵੀ ਬੜੀ ਸ਼ਰਧਾ ਨਾਲ ਸਸਕਾਰ ਕੀਤਾ ਗਿਆ। ਸਸਕਾਰ ਵੇਲੇ ਜੱਥੇਦਾਰ ਕਰਤਾਰ ਸਿੰਘ ਝੱਬਰ ਨੇ ਅਰਦਾਸ ਕੀਤੀ, "ਹੇ ਅਕਾਲ ਪੁਰਖ ਵਾਹਿਗੁਰੂ, ਜੇਕਰ ਟਹਿਲ ਸਿੰਘ ਵਰਗੇ ਸਿਰਲੱਥ ਸੂਰਮੇ ਆਪਣੇ ਪਿਆਰੇ ਪੰਥ ਨੂੰ ਭੇਜਦਾ ਰਹੇਂਗਾ ਤਾਂ ਤੇਰਾ ਨਿਆਰਾ ਪੰਥ ਰਹਿੰਦੀ ਦੁਨੀਆਂ ਤੱਕ ਚੜ੍ਹਦੀਆਂ ਕਲਾਂ ਵਿੱਚ ਰਹੇਗਾ।"

**

ਹੈ ਕੋਈ ਜਿਉਂਦਾ ਸਿੱਖ

ਸ਼ਹੀਦ ਊਧਮ ਸਿੰਘ ਤੋਂ ਪਹਿਲਾਂ ਕੰਬੋਜ਼ ਇਤਿਹਾਸ ਵਿੱਚ ਇਕ ਅਜਿਹਾ ਅਣਖੀਲਾ ਤੇ ਅਲਬੇਲਾ ਸ਼ਹੀਦ ਹੋਇਆ ਹੈ ਜਿਸ ਦੀ ਅਦੁੱਤੀ ਸ਼ਹਾਦਤ ਨੇ, ਨਨਕਾਣਾ ਸਾਹਿਬ ਦੇ ਖ਼ੂਨੀ ਸਾਕੇ ਵਾਲਾ ਭਾਰਤ ਦੀ ਜੰਗੇ ਅਜ਼ਾਦੀ ਲਈ ਇੱਕ ਗੌਰਵਮਈ ਅਧਿਆਇ ਲਿਖਿਆ। ਭਾਈ ਟਹਿਲ ਸਿੰਘ ਭਾਵੇਂ ਆਪਣੇ ਸ਼ਹੀਦੀ ਜੱਥੇ ਦਾ ਮੀਤ ਪ੍ਰਧਾਨ ਸੀ। ਪ੍ਰੰਤੂ ਉਸਦੀ ਚਟਾਨੀ ਦ੍ਰਿੜਤਾ ਨੇ ਆਪਣੇ ਜਥੇ ਦੇ ਮੈਂਬਰਾਂ ਨੂੰ, ਸੋਧੇ ਹੋਏ ਅਰਦਾਸੇ ਅਨੁਸਾਰ ਬਾਬੇ ਦੇ ਜਨਮ ਸਥਾਨ ਗੁਰੁਦਵਾਰਾ ਸਾਹਿਬ ਨੂੰ ਕਮੀਨੇ ਤੇ ਕਪਟੀ ਤੋਂ ਸੁਰਖ਼ਰੂ ਕਰਨ ਦਾ ਸੁਨਹਿਰੀ ਇਤਿਹਾਸ ਰਚਿਆ। ਅਹਿੰਸਾਵਾਦ ਦੇ ਜਜ਼ਬੇ ਦੀ ਭਾਰਤ ਵਿੱਚ ਇਹ ਪਹਿਲੀ ਹਿਰਦੇ ਵੇਦਕ ਦਾਸਤਾਨ ਸੀ। ਹੈ ਕੋਈ ਜਿਉਂਦਾ ਸਿੱਖ-ਇਸ ਹਕੀਕਤ ਦੀ ਪ੍ਰਭਾਵਸ਼ਾਲੀ ਪ੍ਰੋੜਤਾ ਕਰਦਾ ਹੈ।

ਬਲਵਿੰਦਰ ਸਿੰਘ ਫ਼ਤਹਿਪੁਰੀ



ਭਾਈ ਟਹਿਲ ਸਿੰਘ

ISBN : 93-83116-37-9

9789383116379

ESTD. 1942 LAHORE AZAD BOOK DEPOT